Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 150 | Friday, July 30, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਇੰਗਲੈਂਡ ਨੇ ਅਮਰੀਕੀ ਟਰੈਵਲਰਜ਼ ਨੂੰ ਢਿੱਲ ਦਿੱਤੀ ਪਰ ਕੈਨੇਡੀਅਨਜ਼ ਨੂੰ ਨਹੀਂ




ਹੈਲਥਕੇਅਰ 'ਚ ਸੁਧਾਰ ਲਈ ਓਨਟਾਰੀਓ ਸਰਕਾਰ ਕਰੇਗੀ 300 ਮਿਲੀਅਨ ਡਾਲਰ ਦਾ ਨਿਵੇਸ਼




## ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲੇ ਵੱਧ ਕੇ 200 ਤੱਕ ਪਹੁੰਚੇ

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਹੈਲਥ ਅਧਿਕਾਰੀਆਂ ਵੱਲੋਂ ਵੀਰਵਾਰ ਨੂੰ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਹੋਣ ਦੀ ਜਾਣਕਾਰੀ ਦਿੱਤੀ ਗਈ। ਪਿਛਲੇ ਤਿੰਨ ਹਫਤਿਆਂ ਵਿੱਚ ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲੇ ਪਹਿਲੀ ਵਾਰੀ 200 ਤੋਂ ਉੱਪਰ ਟੱਪ ਗਏ।

ਵੀਰਵਾਰ ਨੂੰ ਜਾਰੀ ਕੀਤੀ ਰਿਪੋਰਟ ਵਿੱਚ ਓਨਟਾਰੀਓ ਵਿੱਚ ਕੋਵਿਡ-19 ਦੇ ਕੇਸਾਂ ਦੀ ਗਿਣਤੀ 549,952 ਦੱਸੀ ਗਈ, ਇਨ੍ਹਾਂ ਵਿੱਚੋਂ 539,200 ਲੋਕਾਂ ਦੇ ਸਿਹਤਯਾਬ ਹੋਣ ਤੇ ਇਸ ਬਿਮਾਰੀ ਕਾਰਨ ਕੁੱਲ 9,328 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਸਮੇਂ ਸੱਤ ਦਿਨਾਂ ਵਿੱਚ ਕੇਸਾਂ ਦੀ ਗਿਣਤੀ ਔਸਤ 165 ਦਰਜ ਕੀਤੀ ਗਈ ਹੈ, ਜੋ



ਕਿ ਇੱਕ ਹਫਤੇ ਪਹਿਲਾਂ ਰਿਕਾਰਡ ਕੀਤੇ ਗਏ 155 ਮਾਮਲਿਆਂ ਨਾਲੋਂ ਵੱਧ ਹੈ।

ਸਿਹਤ ਮੰਤਰਾਲੇ ਵੱਲੋਂ ਪਿਛਲੇ 24 ਘੰਟਿਆਂ ਵਿੱਚ 19,425 ਟੈਸਟ ਕੀਤੇ ਗਏ, ਪ੍ਰੋਵਿੰਸ ਦੀ ਕੋਵਿਡ-19 ਪਾਜ਼ੀਟਿਵਿਟੀ ਦਰ 1.3 ਫੀ ਸਦੀ ਪਾਈ ਗਈ। ਇਸ ਸਮੇਂ ਕੋਵਿਡ-19 ਇੰਟੈਸਿਵ ਕੇਅਰ ਵਿੱਚ 121 ਮਰੀਜ਼ ਹੈ। ਇਨ੍ਹਾਂ ਮਰੀਜ਼ਾਂ ਵਿੱਚੋਂ 79 ਵੈਂਟੀਲੇਟਰ ਉੱਤੇ ਹਨ। ਵੀਰਵਾਰ ਨੂੰ ਪ੍ਰੋਵਿੰਸ ਵੱਲੋਂ ਰਿਪੋਰਟ ਕੀਤੇ ਗਏ ਮਾਮਲਿਆਂ ਵਿੱਚ ਟੋਰਾਂਟੋ ਵਿੱਚ 38, ਪੀਲ ਰੀਜਨ ਵਿੱਚ 38 ਤੇ ਵਾਟਰਲੂ ਵਿੱਚ 19 ਮਾਮਲੇ ਪਾਏ ਗਏ। ਹੋਰਨਾਂ ਹੈਲਥ ਯੂਨਿਟਸ ਵਿੱਚੋਂ ਹੈਮਿਲਟਨ ਵਿੱਚ 25, ਗ੍ਰੇਅ ਬਰੂਸ ਵਿੱਚ 13, ਹਾਲਟਨ ਰੀਜਨ ਵਿੱਚ 12, ਮਿਡਲਸੈਕਸ-ਲੰਡਨ ਵਿੱਚ 10 ਤੇ ਯੌਰਕ ਰੀਜਨ ਵਿੱਚ 10 ਮਾਮਲੇ ਰਿਪੋਰਟ ਕੀਤੇ ਗਏ।

## ਕੈਨੇਡਾ ਦੀ ਮਹਿਲਾਵਾਂ ਦੀ ਅੱਠ ਮੈਂਬਰੀ ਰੋਇੰਗ ਟੀਮ ਨੇ ਟੋਕੀਓ ਓਲੰਪਿਕਸ ਵਿਚ ਸੋਨ ਤਮਗੇ 'ਤੇ ਕੀਤਾ ਕਬਜ਼ਾ

ਟਕੀਓ, 29 ਜੁਲਾਈ (ਪੋਸਟ ਬਿਊਰੋ) : ਕੈਨੇਡਾ ਦੀ ਮਹਿਲਾਵਾਂ ਦੀ ਅੱਠ ਮੈਂਬਰੀ ਰੋਇੰਗ ਟੀਮ ਨੇ ਟੋਕੀਓ ਓਲੰਪਿਕਸ ਵਿੱਚ ਸੋਨ ਤਮਗੇ ਉੱਤੇ ਕਬਜ਼ਾ ਕਰਕੇ ਨਵਾਂ ਇਤਿਹਾਸ ਰਚ ਦਿੱਤਾ ਹੈ।

ਸ਼ੁੱਕਰਵਾਰ ਨੂੰ ਸੀਅ ਫੌਰੈਸਟ ਵਾਟਰਵੇਅ ਵਿੱਚ ਹੋਏ ਇਸ ਫਾਈਨਲ ਮੁਕਾਬਲੇ ਵਿੱਚ ਕੈਨੇਡਾ ਦੀਆਂ ਰੋਅਰਜ਼ ਨੇ ਪੰਜ ਮਿੰਟ 59.13 ਸੈਕਿੰਡ ਵਿੱਚ ਪਹਿਲਾਂ ਲਾਈਨ ਪਾਰ ਕਰਕੇ ਇਹ ਮੁਕਾਬਲਾ ਜਿੱਤ ਲਿਆ। ਰੋਇੰਗ ਮੁਕਾਬਲੇ ਵਿੱਚ ਕੈਨੇਡਾ ਨੂੰ 1992 ਦੀਆਂ ਬਾਰਸਲੋਨਾ ਖੇਡਾਂ ਤੋਂ ਬਾਅਦ ਪਹਿਲੀ ਵਾਰੀ ਸੋਨ ਤਮਗਾ ਹਾਸਲ



ਹੋਇਆ ਹੈ।

ਇਸ ਮੁਕਾਬਲੇ ਵਿੱਚ ਨਿਊਜ਼ੀਲੈਂਡ ਨੇ ਚਾਂਦੀ ਦਾ ਤਮਗਾ ਜਿੱਤਿਆ ਜਦਕਿ ਚੀਨ ਨੂੰ ਕਾਂਸੀ ਦੇ ਤਮਗੇ ਨਾਲ ਹੀ ਸਬਰ ਕਰਨਾ ਪਿਆ। ਇਸ ਵਾਰੀ ਕੈਨੇਡਾ ਨੇ ਟਕੀਓ ਓਲੰਪਿਕਸ ਵਿੱਚ ਦੋ ਰੋਇੰਗ ਮੈਡਲ ਹਾਸਲ ਕੀਤੇ ਹਨ। ਵੀਰਵਾਰ ਨੂੰ ਮਹਿਲਾਵਾਂ ਦੇ ਡਬਲਜ਼ ਮੁਕਾਬਲੇ ਵਿੱਚ ਵਿਕਟੋਰੀਆ ਦੀ ਕੈਲੇਹ ਫਿਲਮਰ ਤੇ ਸਰ੍ਹੀ, ਬੀਸੀ ਦੀ ਹਿਲੇਰੀ ਜੈਨਸਨਜ਼ ਨੇ ਕਾਂਸੀ ਦਾ ਤਮਗਾ ਜਿੱਤਿਆ ਸੀ।

## ਸਾਰੀਆਂ ਪਾਬੰਦੀਆਂ ਖ਼ਤਮ ਕਰਨ ਵੱਲ ਵੱਧ ਰਿਹਾ ਹੈ ਓਨਟਾਰੀਓ !

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਨੇ ਰੀਓਪਨਿੰਗ ਪਲੈਨ ਦੇ ਤੀਜੇ ਪੜਾਅ ਨੂੰ ਪਾਰ ਕਰਨ ਦਾ ਪਹਿਲਾ ਟੀਚਾ ਪੂਰਾ ਕਰ ਲਿਆ ਹੈ ਤੇ ਹੁਣ ਪੂਰੀ ਤਰ੍ਹਾਂ ਰੀਓਪਨਿੰਗ ਵੱਲ ਵਧ ਗਿਆ ਹੈ। ਪਰ ਇਸ ਸਾਲ ਦੇ ਅੰਤ ਤੱਕ ਚੌਥੇ ਲਾਕਡਾਊਨ ਤੋਂ ਬਚਣ ਲਈ ਪਹਿਲਾਂ ਤੋਂ ਹੀ ਤਿਆਰੀ ਕਰਨ ਦੀ ਮੰਗ ਉੱਠ ਰਹੀ ਹੈ।



ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਅਨੁਸਾਰ 80 ਫੀ ਸਦੀ ਯੋਗ ਆਬਾਦੀ ਨੂੰ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਲੱਗ ਚੁੱਕੀ ਹੈ। ਤੀਜੇ ਪੜਾਅ ਵਿੱਚੋਂ ਬਾਹਰ ਨਿਕਲਣ ਲਈ ਓਨਟਾਰੀਓ ਨੂੰ ਇਹ ਟੀਚਾ ਪਾਰ ਕਰਨਾ ਪੈਣਾ ਸੀ ਤੇ ਪ੍ਰੋਵਿੰਸ ਨੇ ਅਜਿਹਾ ਕਰ ਲਿਆ। ਇਸ ਤੋਂ ਇਲਾਵਾ 75 ਫੀ ਸਦੀ ਆਬਾਦੀ ਨੂੰ ਕੋਵਿਡ-19 ਵੈਕਸੀਨ ਦੀਆਂ ਦੋ ਡੋਜ਼ਾਂ ਲੈਣੀਆਂ ਜ਼ਰੂਰੀ ਸੀ,

...ਬਾਕੀ ਪੰਨਾ 6 'ਤੇ

## ਅਲਾਸਕਾ ਵਿੱਚ ਆਇਆ 8.2 ਗਤੀ ਦਾ ਭੂਚਾਲ

### ਬੀ ਸੀ ਵਿੱਚ ਨਹੀਂ ਸੁਨਾਮੀ ਦਾ ਕੋਈ ਖਤਰਾ

ਬ੍ਰਿਟਿਸ਼ ਕੋਲੰਬੀਆ, 29 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਅਲਾਸਕਾ ਦੇ ਕੁੱਝ ਹਿੱਸਿਆਂ ਵਿੱਚ ਜ਼ਬਰਦਸਤ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ।

ਯੂਐਸ ਜਿਓਲਾਜੀਕਲ ਸਰਵੇ ਅਨੁਸਾਰ ਭੂਚਾਲ ਦੀ ਗਤੀ 8•2 ਮਾਪੀ ਗਈ। ਭੂਚਾਲ ਪੈਰੀਵਿੱਲ ਦੇ ਦੱਖਣ ਪੂਰਬ ਤੇ ਕੋਡੀਐਕ ਦੇ ਦੱਖਣ ਪੱਛਮ ਵਿੱਚ ਜ਼ਮੀਨ ਤੋਂ ਹੇਠਾਂ 32 ਕਿਲੋਮੀਟਰ ਦੀ ਡੂੰਘਾਈ ਉੱਤੇ ਰਾਤੀਂ 11:00 ਵਜੇ ਤੋਂ ਬਾਅਦ ਆਇਆ। ਅਲਾ-ਸਕਾ ਦੇ ਬਹੁਤੇ ਤਟੀ ਇਲਾਕਿਆਂ ਵਿੱਚ ਸੁਨਾਮੀ ਦੀ ਚੇਤਾਵਨੀ ਜ਼ਰੂਰ ਜਾਰੀ ਕੀਤੀ ਗਈ ਪਰ ਬਾਅਦ ਵਿੱਚ ਉਸ ਨੂੰ ਰੱਦ ਕਰ ਦਿੱਤਾ ਗਿਆ। ਦੱਖਣੀ ਅਲਾ-ਸਕਾ, ਅਲਾਸਕਾ ਪੈਨਿਨਸੁਲਾ, ਐਲਿਊਸ਼ੀਅਨ ਆਈਲੈਂਡਜ਼ ਲਈ



ਐਡਵਾਈਜ਼ਰੀਜ਼ ਵੀ ਜਾਰੀ ਕੀਤੀਆਂ ਗਈਆਂ।

ਐਮਰਜੰਸੀ ਇਨਫੋ ਬੀਸੀ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਸੁਨਾਮੀ ਦਾ ਕੋਈ ਖਤਰਾ ਨਹੀਂ ਹੈ। ਅਲਾਸਕਾ ਅਰਥਕੁਏਕ ਸੈਂਟਰ ਅਨੁਸਾਰ ਭੂਚਾਲ ਦੇ ਝਟਕੇ ਪੂਰੇ ਅਲਾਸਕਾ ਪੈਨਿਨਸੁਲਾ ਤੇ ਕੋਡੀਐਕ ਵਿੱਚ ਮਹਿਸੂਸ ਕੀਤੇ ਗਏ। ਅਜੇ ਤੱਕ ਕਿਸੇ ਤਰ੍ਹਾਂ ਦੇ ਜਾਨੀ ਮਾਲੀ ਨੁਕਸਾਨ ਦੀ ਕੋਈ ਖਬਰ ਨਹੀਂ ਮਿਲੀ ਹੈ।

## ਕਾਊਂਸਲੇਟ ਜਨਰਲ ਆਫ ਇੰਡੀਆ ਵੱਲੋਂ 7 ਅਗਸਤ ਨੂੰ ਬਰੈਂਪਟਨ ਵਿੱਚ ਲਾਇਆ ਜਾਵੇਗਾ ਕਾਊਂਸਲਰ ਕੈਂਪ

| ਵੈਨਿਊ ਫੋਰ ਕਾਊਂਸਲਰ ਕੈਂਪ | ਮਿਤੀ | ਸਮਾਂ | [illegible] |
|---|---|---|---|
| ਜਗਨਨਾਥ ਮੰਦਰ ਟੋਰਾਂਟੋ 9893 Torbram Road, Brampton, ON L6S 6J1 | ਸ਼ਨਿੱਚਰਵਾਰ, 7 ਅਗਸਤ, 2021 | ਸਵੇਰੇ 10:00 ਤੋਂ ਦੁਪਹਿਰ ਦੇ 01:00 ਵਜੇ ਤੱਕ | ਸ-ਮਹਿੰਦਰ ਭਾਈਆ ਫੋਨ ਨੰਬਰ : 416-301-7172 |

ਕਾਊਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਵੱਲੋਂ 7 ਅਗਸਤ, 2021 ਦਿਨ ਸ਼ਨਿੱਚਰਵਾਰ ਨੂੰ ਬਰੈਂਪਟਨ ਵਿੱਚ ਕਾਊਂਸਲਰ ਕੈਂਪ ਲਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਕਾਊਂਸਲਰ ਸਬੰਧਤ ਸਵਾਲਾਂ/ਮੁੱਦਿਆਂ ਜਿਵੇਂ ਕਿ ਪਾਸਪੋਰਟ, ਵੀਜ਼ਾ, ਓਸੀਆਈ, ਅਟੈਸਟੇਸ਼ਨ, ਪੀਸੀਸੀ, ਸਰੈਂਡਰ ਸਰਟੀਫਿਕੇਟ ਤੇ ਲਾਈਫ ਸਰਟੀਫਿਕੇਟ ਆਦਿ ਦਾ ਹੇਠ ਲਿਖੇ ਅਨੁਸਾਰ ਹੱਲ ਕੀਤਾ ਜਾਵੇਗਾ :

2. ਓਨਟਾਰੀਓ ਵਿੱਚ ਲਾਕਡਾਊਨ ਸਬੰਧੀ ਹੌਲੀ ਹੌਲੀ ਪਾਬੰਦੀਆਂ ਹਟਾਏ ਜਾਣ ਦੇ ਮੱਦੇਨਜ਼ਰ, ਕਾਊਂਸਲੇਟ ਜਨਰਲ ਆਫ ਇੰਡੀਆ ਵੱਲੋਂ ਬਰੈਂਪਟਨ ਵਿੱਚ ਵਧੇਰੇ ਸੁਖਾਲੀ ਥਾਂ ਉੱਤੇ ਭਾਰਤੀ ਕਮਿਊਨਿਟੀ ਦੇ ਮੁੱਦਿਆਂ ਤੇ ਸਵਾਲਾਂ ਨੂੰ ਹੱਲ ਕਰਨ ਲਈ ਕਾਊਂਸਲਰ ਕੈਂਪ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇੰਡੀਅਨ ਭਾਈਚਾਰੇ ਨੂੰ ਆਪਣੇ ਮਸਲਿਆਂ ਨੂੰ ਨਿਜੀ ਤੌਰ ਉੱਤੇ ਇਸ ਕਾਊਂਸਲਰ ਕੈਂਪ ਵਿੱਚ ਜਾ ਕੇ ਸੁਲਝਾਉਣ ਦਾ ਲਾਹਾ ਲੈਣ ਦੀ ਅਪੀਲ ਕੀਤੀ ਜਾ ਰਹੀ ਹੈ।

...ਬਾਕੀ ਪੰਨਾ 6 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Raj & Gulshan Mob: 416-465-1200
www.dubaijewellers.ca info@dubaijewellers.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

## 6 ਅਗਸਤ ਤੋਂ ਹੜਤਾਲ ਉੱਤੇ ਜਾ ਸਕਦੇ ਹਨ ਕੈਨੇਡੀਅਨ ਬਾਰਡਰ ਵਰਕਰਜ਼



ਓਟਵਾ, 29 ਜੁਲਾਈ (ਪੋਸਟ ਬਿਊਰੋ) : 9000 ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੈਂਬਰਾਂ ਵੱਲੋਂ ਹੜਤਾਲ ਦੇ ਪੱਖ ਵਿੱਚ ਵੋਟ ਕੀਤਾ ਗਿਆ ਹੈ। ਜੇ ਅਜਿਹਾ ਹੁੰਦਾ ਹੈ ਤਾਂ ਇਸ ਨਾਲ ਫੈਡਰਲ ਸਰਕਾਰ ਦੇ ਰੀਓਪਨਿੰਗ ਪਲੈਨ ਨੂੰ ਖਤਰਾ ਖੜ੍ਹਾ ਹੋ ਸਕਦਾ ਹੈ। ਦ ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਤੇ ਇਸ ਦੀ ਕਸਟਮਜ਼ ਤੇ ਇਮੀਗ੍ਰੇਸ਼ਨ ਯੂਨੀਅਨ ਦਾ ਕਹਿਣਾ ਹੈ ਕਿ ਉਸ ਦੇ ਮੈਂਬਰ 6 ਅਗਸਤ ਨੂੰ ਹੜਤਾਲ ਕਰਨ ਬਾਰੇ ਸੋਚ ਰਹੇ ਹਨ। ਇਹ ਅਮਰੀਕਾ ਦੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਨਾਗਰਿਕਾਂ ਵੱਲੋਂ ਦੋ ਹਫਤਿਆਂ ਲਈ ਕੁਆਰਨਟੀਨ ਹੋਏ ਬਿਨਾਂ ਕੈਨੇਡਾ ਟਰੈਵਲ ਕਰਨ ਆਉਣ ਲਈ ਨਿਰਧਾਰਤ ਕੀਤੀ ਗਈ ਤਰੀਕ ਤੋਂ ਤਿੰਨ ਦਿਨ ਪਹਿਲਾਂ ਲਈ ਕੀਤਾ ਗਿਆ ਐਲਾਨ ਹੈ। ਜ਼ਿਕਰਯੋਗ ਹੈ ਕਿ ਪੀਐਸਏਸੀ-ਸੀਆਈਯੂ 5500 ਬਾਰਡਰ ਸਰਵਿਸਿਜ਼ ਆਫੀਸਰਜ਼, 2000 ਹੈੱਡਕੁਆਰਟਰਜ਼ ਸਟਾਫ ਤੇ ਕੈਨੇਡਾ ਪੋਸਟ ਦੇ ਕੁੱਝ ਵਰਕਰਜ਼ ਤੋਂ ਇਲਾਵਾ ਇਨਲੈਂਡ ਐਨਫੋਰਸਮੈਂਟ ਜੌਬਜ਼ ਨਾਲ ਜੁੜੇ ਮੈਂਬਰਜ਼ ਦੀ ਨੁਮਾਇੰਦਗੀ ਕਰਦੀ ਹੈ। ਸੀਬੀਐਸਏ ਤੇ ਖਜ਼ਾਨਾ ਬੋਰਡ ਵੱਲੋਂ ਰੱਖੇ ਗਏ ਮੈਂਬਰ ਹੜਤਾਲ ਲਈ ਜੂਨ ਤੋਂ ਵੋਟਾਂ ਪਾ ਰਹੇ ਹਨ। ਤਿੰਨ ਸਾਲਾਂ ਤੋਂ ਇਹ ਵਰਕਰਜ਼ ਕਾਂਟਰੈਕਟ ਤੋਂ ਬਿਨਾਂ ਹੀ ਕੰਮ ਕਰ ਰਹੇ ਹਨ ਤੇ ਦੋਵਾਂ ਧਿਰਾਂ ਦਰਮਿਆਨ ਗੱਲਬਾਤ ਦਸੰਬਰ ਵਿੱਚ ਹੀ ਟੁੱਟ ਗਈ ਸੀ।

## ਐਕਸਪਾਇਰ ਹੋਣ ਤੋਂ ਪਹਿਲਾਂ ਲੋਕਾਂ ਨੂੰ ਮੌਡਰਨਾ ਦੇ ਸ਼ੌਟਸ ਲੈਣ ਦੀ ਦਿੱਤੀ ਜਾ ਰਹੀ ਹੈ ਸਲਾਹ




ਓਨਟਾਰੀਓ, 29 ਜੁਲਾਈ (ਪੋਸਟ ਬਿਊਰੋ) : ਪਬਲਿਕ ਹੈਲਥ ਲੰਡਨ, ਓਨਟਾਰੀਓ ਵੱਲੋਂ ਰੈਜ਼ੀਡੈਂਟਸ ਨੂੰ ਮੌਡਰਨਾ ਦੇ ਸ਼ੌਟਸ ਲਵਾਉਣ ਦੀ ਅਪੀਲ ਕੀਤੀ ਜਾ ਰਹੀ ਹੈ। ਅਜਿਹਾ ਮੌਡਰਨਾ ਦੀਆਂ ਹਜ਼ਾਰਾਂ ਡੋਜ਼ਾਂ ਐਕਸਪਾਇਰ ਹੋਣ ਦੇ ਡਰੋਂ ਕੀਤਾ ਜਾ ਰਿਹਾ ਹੈ।

ਮਿਡਲਸੈਕਸ-ਲੰਡਨ ਹੈਲਥ ਯੂਨਿਟ ਦਾ ਕਹਿਣਾ ਹੈ ਕਿ ਐਮ ਆਰ ਐਨ ਏ ਦੀਆਂ 21,300 ਡੋਜ਼ਾਂ 12 ਅਗਸਤ ਤੱਕ ਵਰਤੀਆਂ ਜਾਣੀਆਂ ਜ਼ਰੂਰੀ ਹਨ, ਨਹੀਂ ਤਾਂ ਇਨ੍ਹਾਂ ਦੇ ਖਰਾਬ ਹੋਣ ਦਾ ਡਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਦੋ ਹਫਤਿਆਂ ਵਿੱਚ ਵੈਕਸੀਨੇਸ਼ਨ ਕਾਫੀ ਘਟੀ ਹੈ ਤੇ ਮੌਡਰਨਾ ਦੇ ਉਪਲਬਧ ਸ਼ੌਟਸ ਨਿਰਧਾਰਤ ਸੈਕਿੰਡ ਡੋਜ਼ਾਂ ਤੋਂ ਜ਼ਿਆਦਾ ਹਨ। ਰੀਜਨ ਦੇ ਉੱਘੇ ਡਾਕਟਰ ਵੱਲੋਂ ਅਗਲੇ ਦੋ ਹਫਤਿਆਂ ਵਿੱਚ ਟੀਕੇ ਲਵਾਉਣ ਲਈ ਕਲੀਨਿਕਸ ਵਿੱਚ ਜਾਣ ਵਾਲੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਮੌਡਰਨਾ ਦੇ ਸ਼ੌਟਸ ਹੀ ਲਵਾਉਣ ਤਾਂ ਕਿ ਵੈਕਸੀਨ ਬਰਬਾਦ ਕਰਨ ਤੋਂ ਬਚਾਈ ਜਾ ਸਕੇ।

ਓਨਟਾਰੀਓ ਤੇ ਹੋਰਨਾਂ ਕੈਨੇਡੀਅਨ ਪ੍ਰੋਵਿੰਸਾਂ ਵੱਲੋਂ ਫਾਈਜ਼ਰ ਦੀ ਪਹਿਲੀ ਡੋਜ਼ ਲੈਣ ਵਾਲਿਆਂ ਨੂੰ ਦੂਜੇ ਸ਼ੌਟ ਮੌਡਰਨਾ ਦੇ ਲਵਾਉਣ ਜਾਂ ਫਿਰ ਪਹਿਲਾਂ ਮੌਡਰਨਾ ਲਵਾ ਚੁੱਕੇ ਲੋਕਾਂ ਨੂੰ ਫਾਈਜ਼ਰ ਦਾ ਦੂਜਾ ਸ਼ੌਟ ਲਵਾਉਣ ਲਈ ਆਖਿਆ ਜਾ ਰਿਹਾ ਹੈ। ਜਲਦ ਤੋਂ ਜਲਦ ਵੱਧ ਤੋਂ ਵੱਧ ਲੋਕਾਂ ਨੂੰ ਵੀ ਵੈਕਸੀਨੇਟ ਕਰਨ ਲਈ ਆਖਿਆ ਜਾ ਰਿਹਾ ਹੈ।

# ਸਾਰੇ ਕੈਨੇਡੀਅਨਜ਼ ਨੂੰ ਪੂਰੀ ਤਰ੍ਹਾਂ ਵੈਕਸੀਨੇਟ ਕਰਨ ਲਈ ਕੈਨੇਡਾ ਕੋਲ ਕੋਵਿਡ-19 ਵੈਕਸੀਨ ਦੀ ਹੈ ਵਾਧੂ ਡੋਜ਼ : ਟਰੂਡੋ



ਓਟਵਾ, 29 ਜੁਲਾਈ (ਪੋਸਟ ਬਿਊਰੋ) : ਇਸ ਸਮੇਂ ਕੈਨੇਡਾ ਕੋਲ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਹਰੇਕ ਯੋਗ ਵਿਅਕਤੀ ਦਾ ਟੀਕਾਕਰਣ ਕਰਨ ਲਈ ਵਾਧੂ ਮਾਤਰਾ ਵਿੱਚ ਵੈਕਸੀਨ ਹੈ। ਮੰਗਲਵਾਰ ਤੱਕ 66 ਮਿਲੀਅਨ ਡੋਜ਼ਾਂ ਕੈਨੇਡਾ ਨੂੰ ਹਾਸਲ ਹੋ ਚੁੱਕੀਆਂ ਹਨ। ਇਹ ਖੁਲਾਸਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਗਿਆ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੌਂਕਟਨ, ਐਨ ਬੀ ਵੈਕਸੀਨੇਸ਼ਨ ਕਲੀਨਿਕ ਉੱਤੇ ਇਸ ਸਬੰਧ ਵਿੱਚ ਐਲਾਨ ਕੀਤਾ। ਟਰੂਡੋ ਨੇ ਆਖਿਆ ਕਿ ਸਿਆਲਾਂ ਵਿੱਚ ਉਨ੍ਹਾਂ ਵਾਅਦਾ ਕੀਤਾ ਸੀ ਕਿ ਸਤੰਬਰ ਦੇ ਅੰਤ ਤੱਕ ਸਾਰੇ ਯੋਗ ਕੈਨੇਡੀਅਨਜ਼ ਲਈ ਵਾਧੂ ਵੈਕਸੀਨ ਹੋਵੇਗੀ। ਟਰੂਡੋ ਨੇ ਆਖਿਆ ਕਿ ਉਨ੍ਹਾਂ ਨਾ ਸਿਰਫ ਆਪਣਾ ਵਾਅਦਾ ਪੁਗਾਇਆ ਹੈ ਸਗੋਂ ਇਸ ਵਾਅਦੇ ਨੂੰ ਦੋ ਮਹੀਨੇ ਪਹਿਲਾਂ ਹੀ ਪੂਰਾ ਕਰ ਲਿਆ ਹੈ। ਜੂਨ ਵਿੱਚ ਟਰੂਡੋ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਇਸ ਮਹੀਨੇ ਦੇ ਅੰਤ ਤੱਕ ਕੈਨੇਡਾ ਨੂੰ ਕੋਵਿਡ-19 ਵੈਕਸੀਨ ਦੀਆਂ 68 ਮਿਲੀਅਨ ਡੋਜ਼ਾਂ ਹਾਸਲ ਹੋ ਜਾਣਗੀਆਂ। ਉਨ੍ਹਾਂ ਇਹ ਆਖਿਆ ਸੀ ਕਿ ਸਾਰੇ ਕੈਨੇਡੀਅਨਜ਼ ਨੂੰ ਗਰਮੀਆਂ ਤੱਕ ਇੱਕ ਡੋਜ਼ ਤੇ ਇਸ ਸਾਲ ਦੇ ਅੰਤ ਤੱਕ ਦੋ ਡੋਜ਼ਾਂ ਲੱਗ ਜਾਣਗੀਆਂ।

ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਵੀ ਮੰਗਲਵਾਰ ਨੂੰ ਟਰੂਡੋ ਦੇ ਇਸ ਬਿਆਨ ਦਾ ਸਮਰਥਨ ਕੀਤਾ। ਉਨ੍ਹਾਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਇਸ ਹਫਤੇ ਦੇ ਅੰਤ ਤੱਕ ਕੈਨੇਡਾ ਨੂੰ 68 ਮਿਲੀਅਨ ਸ਼ੌਟਸ ਹਾਸਲ ਹੋ ਜਾਣਗੇ। ਇੱਕ ਰਿਪੋਰਟ ਮੁਤਾਬਕ ਮੰਗਲਵਾਰ ਸਵੇਰ ਤੱਕ 80 ਫੀ ਸਦੀ ਕੈਨੇਡੀਅਨਜ਼ ਨੂੰ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਤੇ 63 ਫੀ ਸਦੀ ਕੈਨੇਡੀਅਨਜ਼ ਨੂੰ ਵੈਕਸੀਨ ਦੀਆਂ ਦੋਵੇਂ ਡੋਜ਼ਾਂ ਲੱਗ ਚੁੱਕੀਆਂ ਹਨ। ਇੱਕ ਵਾਰੀ ਕੁੱਝ ਮਹੀਨਿਆਂ ਨਾਲ ਪਛੜਨ ਤੋਂ ਬਾਅਦ ਇਸ ਸਮੇਂ ਕੈਨੇਡਾ ਹੋਰਨਾਂ ਜੀ-7 ਮੁਲਕਾਂ ਨਾਲੋਂ ਵੈਕਸੀਨੇਸ਼ਨ ਦੇ ਮਾਮਲੇ ਵਿੱਚ ਸੱਭ ਤੋਂ ਅੱਗੇ ਚੱਲ ਰਿਹਾ ਹੈ।

ਵੈਸੇ ਤਾਂ ਬਹੁਤੇ ਕੈਨੇਡੀਅਨ ਵੈਕਸੀਨ ਲਵਾ ਚੁੱਕੇ ਹਨ ਪਰ ਪ੍ਰਧਾਨ ਮੰਤਰੀ ਵੱਲੋਂ ਉਨ੍ਹਾਂ ਕੈਨੇਡੀਅਨਜ਼ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਜਿਨ੍ਹਾਂ ਨੇ ਕਿਸੇ ਝਿਜਕ ਕਾਰਨ ਤੇ ਜਾਂ ਫਿਰ ਕੁੱਝ ਹੋਰਨਾਂ ਕਾਰਨਾਂ ਕਰਕੇ ਅਜੇ ਤੱਕ ਵੈਕਸੀਨੇਸ਼ਨ ਨਹੀਂ ਕਰਵਾਈ। ਟਰੂਡੋ ਹੁਣ ਤੱਕ ਵੈਕਸੀਨੇਸ਼ਨ ਨਾ ਕਰਵਾ ਸਕਣ ਵਾਲੇ ਕੈਨੇਡੀਅਨਜ਼ ਨੂੰ ਇਹ ਭਰੋਸਾ ਦਿਵਾਉਣਾ ਚਾਹੁੰਦੇ ਹਨ ਕਿ ਹੈਲਥ ਕੈਨੇਡਾ ਵੱਲੋਂ ਇਸ ਵੈਕਸੀਨ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਦੱਸਿਆ ਗਿਆ ਹੈ। ਟਰੂਡੋ ਨੇ ਆਖਿਆ ਕਿ ਹੁਣ ਹਰੇਕ ਕੈਨੇਡੀਅਨ ਲਈ ਵਾਧੂ ਡੋਜ਼ ਹੋਣ ਕਾਰਨ ਵੈਕਸੀਨ ਨਾ ਲਵਾਉਣ ਲਈ ਕਿਸੇ ਦਾ ਕੋਈ ਬਹਾਨਾ ਨਹੀਂ ਚੱਲ ਸਕਦਾ।

## ਵੈਕਸੀਨ ਪਾਸਪੋਰਟ ਲਾਂਚ ਕਰਨ ਬਾਰੇ ਟਰੂਡੋ ਨੇ ਧਾਰੀ ਚੁੱਪ

ਓਟਵਾ, 29 ਜੁਲਾਈ (ਪੋਸਟ ਬਿਊਰੋ) :ਵਿਦੇਸ਼ ਟਰੈਵਲ ਕਰਨ ਲਈ ਕੋਵਿਡ-19 ਵੈਕਸੀਨ ਸਟੇਟਸ ਦਾ ਸਬੂਤ ਕੈਨੇਡੀਅਨਜ਼ ਨੂੰ ਕਦੋਂ ਮਿਲੇਗਾ ਇਸ ਬਾਰੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਪੁੱਛੇ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਉਹ ਚੁੱਪ ਕਰ ਗਏ ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਵਾਅਦਾ ਕੀਤਾ ਕਿ ਇਸ ਵਾਸਤੇ ਸਿਸਟਮ ਬਿਲਕੁਲ ਸਧਾਰਨ ਤੇ ਕਾਰਗਰ ਹੋਵੇਗਾ।

ਸ਼ਾਰਲੇਟਟਾਊਨ, ਪ੍ਰਿੰਸ ਐਡਵਰਡ ਆਈਲੈਂਡ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਕੌਮਾਂਤਰੀ ਟਰੈਵਲ ਸਬੰਧੀ ਦਸਤਾਵੇਜ਼ਾਂ ਦੇ ਫਰੇਮਵਰਕ ਲਈ ਓਟਵਾ ਜ਼ਿੰਮੇਵਾਰ ਹੈ। ਪਰ ਘਰੇਲੂ ਪੱਧਰ ਉੱਤੇ ਇਹ ਪ੍ਰੋਵਿੰਸਾਂ ਉੱਤੇ ਨਿਰਭਰ ਕਰਦਾ ਹੈ ਕਿ ਉਹ ਕਿਹੋ ਜਿਹੀ ਯੋਜਨਾ ਲਿਆਉਂਦੀਆਂ ਹਨ। ਇਸ ਸਬੰਧ ਵਿੱਚ ਕੋਈ ਨੈਸ਼ਨਲ ਸਿਸਟਮ ਲਿਆਉਣ ਲਈ ਫੈਡਰਲ ਸਰਕਾਰ ਉੱਤੇ ਦਬਾਅ ਵੱਧ ਰਿਹਾ ਹੈ। ਕੈਨੇਡੀਅਨਜ਼ ਚਾਹੁੰਦੇ ਹਨ ਕਿ ਜਿਵੇਂ ਹੋਰਨਾਂ ਮੁਲਕਾਂ ਵੱਲੋਂ ਤੇਜ਼ੀ ਨਾਲ ਆਪਣਾ ਇੱਕ ਸਿਸਟਮ ਅਪਨਾ ਲਿਆ ਗਿਆ ਹੈ ਉਸੇ ਤਰ੍ਹਾਂ ਫੈਡਰਲ ਸਰਕਾਰ ਵੀ ਕੋਈ ਸਿਸਟਮ ਜਲਦ ਅਪਨਾਵੇ।

ਯੂਕੇ ਵੱਲੋਂ ਜਾਰੀ ਕੀਤਾ ਜਾਣ ਵਾਲਾ ਐਨ ਐਚ ਐਸ ਕੋਵਿਡ ਪਾਸ ਘਰੇਲੂ ਪੱਧਰ ਉੱਤੇ ਇੰਡੋਰ ਗੈਦਰਿੰਗਜ਼ ਲਈ ਵਰਤਿਆ ਜਾਂਦਾ ਰਿਹਾ ਹੈ ਪਰ ਇਹ ਗ੍ਰੀਸ ਤੇ ਸਪੇਨ ਸਮੇਤ ਕਈ ਹੋਰਨਾਂ ਮੁਲਕਾਂ ਵਿੱਚ ਵੀ ਸਵੀਕਾਰ ਕੀਤਾ ਜਾਂਦਾ ਹੈ। ਯੂਰਪੀਅਨ ਯੂਨੀਅਨ ਦਾ ਡਿਜੀਟਲ ਕੋਵਿਡ ਸਰਟੀਫਿਕੇਟ, ਜਿਹੜਾ ਪਹਿਲੀ ਜੁਲਾਈ ਨੂੰ ਲਾਂਚ ਕੀਤਾ ਗਿਆ ਸੀ, ਸਾਰੇ ਯੂਰਪੀਅਨ ਯੂਨੀਅਨ ਮੈਂਬਰ ਮੁਲਕਾਂ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਆਸਟਰੇਲੀਆ ਤੇ ਨਿਊਜ਼ੀਲੈਂਡ ਵੀ ਇਸ ਤਰ੍ਹਾਂ ਦਾ ਸਰਟੀਫਿਕੇਟ ਜਾਰੀ ਕਰਨ ਦੇ ਕਾਫੀ ਨੇੜੇ ਹਨ।

ਟਰੂਡੋ ਨੇ ਇਹ ਨਹੀਂ ਦੱਸਿਆ ਕਿ ਇਸ ਤਰ੍ਹਾਂ ਦਾ ਕੋਈ ਸਰਟੀਫਿਕੇਟ ਇਸ ਸਾਲ ਦੇ ਅੰਤ ਤੱਕ ਤਿਆਰ ਕਰ ਲਿਆ ਜਾਵੇਗਾ ਸਗੋਂ ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਗੱਲਬਾਤ ਜਾਰੀ ਹੈ।

# ਵੀਰਵਾਰ ਦਾ ਦਿਨ ਉਲੰਪਿਕ ਵਿੱਚ ਆਸਾਂ ਜਗਾਉਣ ਵਾਲਾ ਰਿਹਾ



ਨਵੀਂ ਦਿੱਲੀ, 29 ਜੁਲਾਈ, (ਪੋਸਟ ਬਿਊਰੋ)- ਟੋਕੀਓ ਓਲੰਪਿਕ ਵਿਚ ਵੀਰਵਾਰ ਦਾ ਦਿਨ ਭਾਰਤ ਲਈ ਮੈਡਲਾਂ ਦੀਆਂ ਆਸਾਂ ਵਧਾਉਣ ਵਾਲਾ ਸੀ ਅਤੇ ਹਾਕੀ, ਬੈਡਮਿੰਟਨ, ਤੀਰਅੰਦਾਜ਼ੀ ਤੇ ਮੁੱਕੇਬਾਜ਼ੀ ਵਿਚ ਭਾਰਤੀ ਖਿਡਾਰੀਆਂ ਦਾ ਪ੍ਰਦਰਸ਼ਨ ਜ਼ੋਰ ਮਾਰ ਰਿਹਾ ਸੀ। ਕੁਝ ਦੇਰ ਵਿਚ ਭਾਰਤੀ ਪੁਰਸ਼ ਹਾਕੀ ਟੀਮ, ਸ਼ਟਲਰ ਪੀਵੀ ਸਿੰਧੂ, ਤੀਰਅੰਦਾਜ਼ ਅਤਾਨੂ ਦਾਸ ਅਤੇ ਮੁੱਕੇਬਾਜ਼ ਸਤੀਸ਼ ਕੁਮਾਰ ਦੀ ਜਿੱਤ ਨੇ ਭਾਰਤੀ ਪ੍ਰਸ਼ੰਸਕਾਂ ਦੀ ਆਸ ਵਧਾ ਦਿੱਤੀ, ਪਰ ਸ਼ਾਮ ਵੇਲੇ ਭਾਰਤ ਨੂੰ ਵੱਡਾ ਝਟਕਾ ਲੱਗਾ, ਜਦੋਂ ਮੈਡਲ ਦੀ ਦਾਅਵੇਦਾਰ ਮੰਨੀ ਜਾਂਦੀ ਮੁੱਕੇਬਾਜ਼ ਐੱਮਸੀ ਮੈਰੀ ਕਾਮ ਹਾਰ ਗਈ।

ਭਾਰਤੀ ਪੁਰਸ਼ ਹਾਕੀ ਟੀਮ ਨੇ ਆਖ਼ਰੀ ਦੋ ਮਿੰਟਾਂ ਦੌਰਾਨ ਦੋ ਗੋਲ ਕਰ ਕੇ ਰੀਓ ਓਲੰਪਿਕ ਦੀ ਗੋਲਡ ਮੈਡਲ ਜੇਤੂ ਅਰਜਨਟੀਨਾ ਨੂੰ 3-1 ਨਾਲ ਹਰਾ ਕੇ ਕੁਆਰਟਰ ਫਾਈਨਲ ਵਿਚ ਥਾਂ ਪੱਕੀ ਕੀਤੀ। ਭਾਰਤ ਲਈ ਵਰੁਣ ਕੁਮਾਰ ਨੇ 43ਵੇਂ, ਵਿਵੇਕ ਸਾਗਰ ਪ੍ਰਸਾਦ ਨੇ 58ਵੇਂ ਅਤੇ ਹਰਮਨਪ੍ਰੀਤ ਸਿੰਘ ਨੇ 59ਵੇਂ ਮਿੰਟ ਵਿਚ ਗੋਲ ਦਾਗੇ।

ਰੀਓ ਓਲੰਪਿਕ ਦੀ ਮੈਡਲ ਜੇਤੂ ਪੀਵੀ ਸਿੰਧੂ ਨੇ ਮਹਿਲਾ ਸਿੰਗਲਜ਼ ਦੇ ਇਕਪਾਸੜ ਪ੍ਰੀ-ਕੁਆਟਰ ਫਾਈਨਲ ਮੈਚ ਵਿਚ ਡੈਨਮਾਰਕ ਦੀ ਮੀਆ ਬਲਿਚਫੇਲਟ ਨੂੰ ਸਿੱਧੀਆਂ ਗੇਮਾਂ ਵਿਚ 21-15, 21-13 ਨਾਲ ਹਰਾਇਆ ਹੈ। ਭਾਰਤ ਦੇ ਸਟਾਰ ਤੀਰਅੰਦਾਜ਼ਅਤਾਨੂ ਦਾਸ ਪੁਰਸ਼ਾਂ ਦੇ ਨਿੱਜੀ ਮੁਕਾਬਲੇ ਦੇ ਤੀਜੇ ਦੌਰ ਵਿਚ ਪੁੱਜ ਗਏ।

# ਸ਼ੂਟਿੰਗ, ਕਾਰਜੈਕਿੰਗ ਦੇ ਦੋਸ਼ ਵਿੱਚ 24 ਸਾਲਾ ਵਿਅਕਤੀ ਨੂੰ ਕੀਤਾ ਗਿਆ ਚਾਰਜ




ਹੈਮਿਲਟਨ, 29 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਨੂੰ ਸਟੋਨੀ ਕ੍ਰੀਕ ਏਰੀਆ ਵਿੱਚ ਹੋਈ ਸ਼ੂਟਿੰਗ ਤੇ ਕਾਰਜੈਕਿੰਗ ਤੋਂ ਬਾਅਦ ਇੱਕ 24 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਗਿਆ।

ਹੈਮਿਲਟਨ ਪੁਲਿਸ ਨੇ ਦੱਸਿਆ ਕਿ ਸੈਂਟੇਨੀਅਲ ਪਾਰਕਵੇਅ ਤੇ ਕਿਊਈਡਬਲਿਊ ਨਾਇਗਰਾ ਇਲਾਕੇ ਵਿੱਚ ਸਵੇਰੇ 6:45 ਵਜੇ ਗੋਲੀ ਚੱਲਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਉਹ ਮੌਕੇ ਉੱਤੇ ਪਹੁੰਚੇ। ਉੱਥੇ ਉਨ੍ਹਾਂ ਨੂੰ ਇੱਕ 40 ਸਾਲਾ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਗੋਲੀ ਲੱਗਣ ਕਾਰਨ ਉਸ ਦੀ ਹਾਲਤ ਕਾਫੀ ਨਾਜ਼ੁਕ ਸੀ। ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਉੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਮਸ਼ਕੂਕ 524 ਸੈਂਟੇਨੀਅਲ ਪਾਰਕਵੇਅ ਨੌਰਥ ਇਲਾਕੇ ਵੱਲ ਪੈਦਲ ਹੀ ਫਰਾਰ ਹੋ ਗਿਆ, ਜਿੱਥੇ ਉਸ ਨੇ ਕਥਿਤ ਤੌਰ ਉੱਤੇ ਇੱਕ ਮੇਲ ਟਰਾਂਸਪੋਰਟ ਟਰੱਕ ਡਰਾਈਵਰ ਤੋਂ ਉਸ ਦੀ ਗੱਡੀ ਖੋਹ ਲਈ। ਗੱਡੀ ਚੋਰੀ ਕਰਨ ਤੋਂ ਬਾਅਦ ਉਹ ਮੌਕੇ ਤੋਂ ਫਰਾਰ ਹੋ ਗਿਆ। ਅਗਲੇਰੀ ਜਾਂਚ ਤੋਂ ਬਾਅਦ ਪੁਲਿਸ ਨੇ ਦੱਸਿਆ ਕਿ ਮਸ਼ਕੂਕ ਉਸ ਗੱਡੀ ਨੂੰ ਛੱਡ ਕੇ ਭੱਜ ਗਿਆ ਤੇ ਰੌਇਸ ਐਵਨਿਊ ਦੇ ਇੱਕ ਘਰ ਵਿੱਚ ਜਾ ਲੁਕਿਆ। ਬਾਅਦ ਵਿੱਚ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਦੱਸਿਆ ਕਿ 24 ਸਾਲਾ ਇਸ ਮਸ਼ਕੂਕ ਉੱਤੇ ਕਈ ਤਰ੍ਹਾਂ ਦੇ ਚਾਰਜਿਜ਼ ਲਾਏ ਗਏ ਹਨ।

# 10 ਵਿੱਚੋਂ 2 ਓਨਟਾਰੀਓ ਵਾਸੀਆਂ ਦੇ ਅਜੇ ਵੀ ਨਹੀਂ ਲੱਗੀ ਕੋਵਿਡ-19 ਵੈਕਸੀਨ

ਓਨਟਾਰੀਓ, 29 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਦਾ ਕਹਿਣਾ ਹੈ ਕਿ ਕੋਵਿਡ-19 ਖਿਲਾਫ ਜਾਰੀ ਲੜਾਈ ਦੇ ਆਖਰੀ ਗੇੜ ਵਿੱਚ ਹੁਣ ਪ੍ਰੋਵਿੰਸ ਪਹੁੰਚ ਚੁੱਕਿਆ ਹੈ। 1•8 ਮਿਲੀਅਨ ਲੋਕਾਂ ਵਿੱਚ, ਜਿਨ੍ਹਾਂ ਵਿੱਚ 300,000 ਵਿਦਿਆਰਥੀ ਵੀ ਆਉਂਦੇ ਹਨ, ਵੈਕਸੀਨ ਸਬੰਧੀ ਹਿਚਕਿਚਾਹਟ ਨੂੰ ਖ਼ਤਮ ਕਰਨ ਲਈ ਸਰਕਾਰ ਤੋਂ ਜੋ ਬਣ ਸਕਦਾ ਸੀ ਉਹ ਕਰ ਰਹੀ ਹੈ।

ਡਾ• ਕੀਰਨ ਮੂਰ ਨੇ ਆਖਿਆ ਕਿ ਰੋਜ਼ਾਨਾ ਹੋ ਰਹੀ ਵੈਕਸੀਨੇਸ਼ਨ ਵਿੱਚ ਵਾਧਾ ਹੋਣ ਦੇ ਬਾਵਜੂਦ 10 ਵਿੱਚੋਂ 2 ਓਨਟਾਰੀਓ ਵਾਸੀ ਅਜੇ ਵੀ ਅਜਿਹੇ ਹਨ ਜਿਨ੍ਹਾਂ ਦੇ ਪਹਿਲੀ ਡੋਜ਼ ਨਹੀਂ ਲੱਗੀ ਹੈ। ਉਨ੍ਹਾਂ ਆਖਿਆ ਕਿ ਜਿਨ੍ਹਾਂ ਲੋਕਾਂ ਨੇ ਟੀਕੇ ਦੀ ਇੱਕ ਵੀ ਡੋਜ਼ ਨਹੀਂ ਲਵਾਈ ਉਨ੍ਹਾਂ ਦੇ ਕੋਵਿਡ-19 ਦੀ ਚਪੇਟ ਵਿੱਚ ਆਉਣ ਦਾ ਖ਼ਤਰਾ 6•4 ਗੁਣਾ ਵੱਧ ਹੈ ਬਜਾਇ ਉਨ੍ਹਾਂ ਦੇ ਜਿਨ੍ਹਾਂ ਨੇ ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲਵਾਈ ਹੈ।

### 300,000 ਵਿਦਿਆਰਥੀਆਂ ਨੇ ਵੀ ਅਜੇ ਨਹੀਂ ਲਵਾਈ ਪਹਿਲੀ ਡੋਜ਼

ਫੈਮਿਲੀ ਡਾਕਟਰ ਡਾ. ਜੈਨੀਫਰ ਕਵੈਨ ਵੱਲੋਂ ਦੋ ਤਾਜ਼ਾ ਰਿਪੋਰਟਾਂ ਦਾ ਸਹਾਰਾ ਲੈਂਦਿਆਂ ਹੋਇਆ ਅਜਿਹੇ ਲੋਕਾਂ ਦਾ ਖਰੜਾ ਤਿਆਰ ਕੀਤਾ ਗਿਆ ਜਿਹੜੇ ਵੈਕਸੀਨੇਸ਼ਨ ਕਰਵਾਉਣ ਤੇ ਬਿਨਾਂ ਵੈਕਸੀਨੇਸ਼ਨ ਕਰਵਾਇਆਂ ਪਿਛਲੇ ਮਹੀਨੇ ਹਸਪਤਾਲ ਦਾਖਲ ਹੋਏ ਜਾਂ ਮਰ ਗਏ। ਉਨ੍ਹਾਂ ਪਾਇਆ ਕਿ 12 ਜੂਨ ਤੇ 10 ਜੁਲਾਈ ਦਰਮਿਆਨ ਓਨਟਾਰੀਓ ਵਿੱਚ ਹੋਈਆਂ 95.8 ਫੀ ਸਦੀ ਮੌਤਾਂ ਉਨ੍ਹਾਂ ਲੋਕਾਂ ਦੀਆਂ ਸਨ ਜਿਨ੍ਹਾਂ ਨੇ ਟੀਕਾਕਰਣ ਨਹੀਂ ਸੀ ਕਰਵ-ਾਇਆ। ਇਸ ਤੋਂ ਇਲਾਵਾ ਵਾਇਰਸ ਕਾਰਨ ਹਸਪਤਾਲ ਦੇ ਆਈ ਸੀ ਯੂ ਵਾਰਡ ਵਿੱਚ ਭਰਤੀ ਹੋਣ ਵਾਲੇ 99.5 ਫੀ ਸਦੀ ਲੋਕਾਂ ਨੇ ਵੀ ਟੀਕਾਕਰਣ ਨਹੀਂ ਸੀ ਕਰਵਾਇਆ।



ਸੋਮਵਾਰ ਸਵੇਰੇ 8:00 ਵਜੇ ਤੱਕ ਓਨਟਾਰੀਓ ਵਿੱਚ ਕੋਵਿਡ-19 ਵੈਕਸੀਨ ਦੀਆਂ 92,035 ਡੋਜ਼ਾਂ ਲਾਈਆਂ ਜਾ ਚੁੱਕੀਆਂ ਸਨ। ਫੋਰਡ ਸਰਕਾਰ ਦਾ ਕਹਿਣਾ ਹੈ ਕਿ 12 ਸਾਲ ਤੋਂ ਵੱਧ ਉਮਰ ਦੇ 79•82 ਫੀ ਸਦੀ ਓਨਟਾਰੀਓ ਵਾਸੀ ਆਪਣੀ ਪਹਿਲੀ ਡੋਜ਼ ਹਾਸਲ ਕਰ ਚੁੱਕੇ ਹਨ ਤੇ 66•74 ਫੀ ਸਦੀ ਨੂੰ ਦੂਜੀ ਡੋਜ਼ ਵੀ ਲੱਗ ਚੁੱਕੀ ਹੈ।

ਮੂਰ ਨੇ ਇੱਕ ਵਾਰੀ ਫਿਰ ਅਜੇ ਤੱਕ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਵਿਦਿਆਰਥੀਆਂ ਨੂੰ ਸਤੰਬਰ ਤੱਕ ਘੱਟੋ ਘੱਟ ਇੱਕ ਡੋਜ਼ ਲਵਾਉਣ ਲਈ ਆਖਿਆ। ਉਨ੍ਹਾਂ ਆਖਿਆ ਕਿ ਅਜੇ ਵੀ 300,000 ਵਿਦਿਆਰਥੀਆਂ ਨੂੰ ਅਗਸਤ ਦੇ ਲੌਂਗ ਵੀਕੈਂਡ ਤੋਂ ਪਹਿਲਾਂ ਵੈਕਸੀਨ ਦੀ ਪਹਿਲੀ ਡੋਜ਼ ਲਾਏ ਜਾਣ ਦੀ ਲੋੜ ਹੈ।

# ਕੋਵਿਡ-19 ਪਾਬੰਦੀਆਂ ਵਿੱਚ ਢਿੱਲ ਦੇਣ ਤੋਂ ਬਾਅਦ ਵੱਧ ਸਕਦੇ ਹਨ ਰੈਸਪੀਰੇਟਰੀ ਵਾਇਰਸ ਦੇ ਮਾਮਲੇ : ਰਿਪੋਰਟ

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਦੇ ਮਾਮਲਿਆਂ ਵਿੱਚ ਆ ਰਹੀ ਕਮੀ ਕਾਰਨ ਸੋਸ਼ਲ ਡਿਸਟੈਂਸਿੰਗ ਤੇ ਟਰੈਵਲ ਸਬੰਧੀ ਪਾਬੰਦੀਆਂ ਦੇ ਘਟ ਜਾਣ ਨਾਲ ਡਾਕਟਰਾਂ ਵੱਲੋਂ ਰੈਸਪੀਰੇਟਰੀ ਸਿੰਨਸਿਸ਼ੀਅਲ ਵਾਇਰਸ (ਆਰ ਐਸ ਵੀ) ਦੇ ਫੈਲਣ ਦਾ ਡਰ ਪ੍ਰਗਟਾਇਆ ਜਾ ਰਿਹਾ ਹੈ। ਇਹ ਵਾਇਰਸ ਸੱਭ ਤੋਂ ਵੱਧ ਨਵਜੰਮੇਂ ਬੱਚਿਆਂ ਤੇ ਵੱਧ ਉਮਰ ਵਾਲੇ ਬਾਲਗਾਂ ਉੱਤੇ ਅਸਰ ਕਰ ਸਕਦਾ ਹੈ।

ਆਰ ਐਸ ਵੀ ਲੋਅਰ ਰੈਸਪੀਰੇਟਰੀ ਟਰੈਕਟ ਇਨਫੈਕਸ਼ਨਜ਼ ਜਿਵੇਂ ਕਿ ਨਿਮੋਨੀਆਂ ਤੇ ਬਰੌਂਕਾਇਟਿਸ ਦਾ ਕਾਰਨ ਹੁੰਦਾ ਹੈ। ਇਸ ਕਾਰਨ ਹਰ ਸਾਲ ਦੁਨੀਆ ਭਰ ਵਿੱਚ 2.7 ਮਿਲੀਅਨ ਮੌਤਾਂ ਹੁੰਦੀਆਂ ਹਨ। ਇਹ ਖੁਲਾਸਾ ਕੈਨੇਡੀਅਨ ਮੈਡੀਕਲ ਐਸੋਸਿਏਸ਼ਨ ਜਰਨਲ ਵਿੱਚ ਸੋਮਵਾਰ ਨੂੰ ਛਪੀ ਕਮੈਂਟਰੀ ਵਿੱਚ ਕੀਤਾ ਗਿਆ।



ਇਹ ਬਹੁਤ ਹੀ ਆਮ ਤੇ ਇੱਕ ਵਿਅਕਤੀ ਤੋਂ ਦੂਜੇ ਤੱਕ ਫੈਲਣ ਵਾਲਾ ਵਾਇਰਸ ਹੁੰਦਾ ਹੈ। ਆਮ ਤੌਰ ਉੱਤੇ ਇਹ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਬ੍ਰੌਂਕਾਇਓਲਾਈਟਿਸ ਵਜੋਂ ਮੌਜੂਦ ਹੁੰਦਾ ਹੈ।

ਇੱਕ ਇੰਟਰਵਿਊ ਵਿੱਚ ਇਸ ਕਮੈਂਟਰੀ ਦੇ ਚਾਰ ਆਥਰਜ਼ ਵਿੱਚੋਂ ਇੱਕ ਬੀਸੀ ਚਿਲਡਰਨਜ਼ ਹਾਸਪਿਟਲ ਰਿਸਰਚ ਇੰਸਟੀਚਿਊਟ ਐਂਡ ਦ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਡਾ•ਪਾਸਕਲ ਲੈਵੋਈ ਨੇ ਆਖਿਆ ਕਿ ਅਸੀਂ ਮੁੱਖ ਤੌਰ ਉੱਤੇ ਮੈਡੀਕਲ ਕਮਿਊਨਿਟੀ ਨੂੰ ਐਲਰਟ ਕਰਨਾ ਚਾਹੁੰਦੇ ਹਾਂ ਤਾਂ ਕਿ ਉਹ ਇਸ ਲਈ ਤਿਆਰ ਰਹਿਣ। ਇਸ ਦੇ ਨਾਲ ਹੀ ਅਸੀਂ ਪਰਿਵਾਰਾਂ, ਖਾਸ ਤੌਰ ਉੱਤੇ ਹਾਈ ਰਿਸਕ ਬੱਚਿਆਂ ਦੇ ਮਾਪਿਆਂ ਨੂੰ ਵੀ ਚੌਕਸ ਕਰਨਾ ਚਾਹੁੰਦੇ ਹਾਂ।

ਲੈਵੋਈ ਤੇ ਉਨ੍ਹਾਂ ਦੇ ਸਹਿਯੋਗੀਆਂ ਅਨੁਸਾਰ ਮਹਾਂਮਾਰੀ ਦੌਰਾਨ ਆਰ ਐਸ ਵੀ ਦੇ ਮਾਮਲਿਆਂ ਵਿੱਚ ਕਾਫੀ ਕਮੀ ਆਈ। ਸੋਸ਼ਲ ਡਿਸਟੈਂਸਿੰਗ ਮਾਪਦੰਡ ਅਪਣਾਏ ਜਾਣ ਕਾਰਨ ਇਸ ਦੇ ਪਸਾਰ ਵਿੱਚ ਕਮੀ ਦਰਜ ਕੀਤੀ ਗਈ। ਮਿਸਾਲ ਵਜੋਂ ਕੈਨੇਡਾ ਵਿੱਚ 29 ਅਗਸਤ, 2020 ਤੇ 8 ਮਈ, 2021 ਦਰਮਿਆਨ ਆਰ ਐਸ ਵੀ ਦੇ 239 ਟੈਸਟ ਹੀ ਪਾਜ਼ੀਟਿਵ ਆਏ ਜਦਕਿ ਇਸ ਅਰਸੇ ਦੌਰਾਨ ਇੱਕ ਸਾਲ ਪਹਿਲਾਂ ਆਰ ਐਸ ਵੀ ਦੇ 18,660 ਪਾਜ਼ੀਟਿਵ ਟੈਸਟ ਕੀਤੇ ਗਏ ਸਨ।

ਡਾਕਟਰਾਂ ਨੇ ਆਖਿਆ ਕਿ ਕੋਵਿਡ-19 ਪਾਬੰਦੀਆਂ ਵਿੱਚ ਢਿੱਲ ਦੇਣ ਤੋਂ ਬਾਅਦ ਆਸਟਰੇਲੀਆ ਤੇ ਅਮਰੀਕਾ ਵਿੱਚ ਇਨ੍ਹਾਂ ਕੇਸਾਂ ਵਿੱਚ ਵਾਧਾ ਵੇਖਣ ਨੂੰ ਮਿਲ ਰਿਹਾ ਹੈ ਤੇ ਕੈਨੇਡਾ ਵਿੱਚ ਵੀ ਇਹੋ ਰੁਝਾਨ ਸਾਹਮਣੇ ਆ ਸਕਦਾ ਹੈ।






# ਵੇਟਲਿਫਟਰ ਸ਼ੈਰਨ ਨੇ ਕੈਨੇਡਾ ਲਈ ਜਿੱਤਿਆ ਦੂਜਾ ਸੋਨ ਤਮਗਾ



ਟੋਕੀਓ, 29 ਜੁਲਾਈ (ਪੋਸਟ ਬਿਊਰੋ) : ਟੋਕੀਓ ਵਿੱਚ ਚੱਲ ਰਹੀ 2020 ਓਲੰਪਿਕ ਖੇਡਾਂ ਵਿੱਚ ਵੇਟਲਿਫਟਿੰਗ ਮੁਕਾਬਲੇ ਵਿੱਚ ਕੈਨੇਡਾ ਦੀ ਮੌਡ ਸ਼ੈਰਨ ਨੇ ਸੋਨ ਤਮਗਾ ਜਿੱਤ ਕੇ ਆਪਣੀ ਵਿਲੱਖਣ ਛਾਪ ਛੱਡੀ। ਰਿਮੁਸਕੀ, ਕਿਊਬਿਕ ਤੋਂ ਸ਼ੈਰਨ ਨੇ ਮਹਿਲਾਵਾਂ ਦੇ 64 ਕਿੱਲੋ ਭਾਰ ਵਰਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਉਸ ਨੇ 131 ਕਿੱਲੋਗ੍ਰਾਮ ਕਲੀਨ ਤੇ ਜਰਕ ਮੁਕਾਬਲਾ ਬੜੀ ਸਹਿਜਤਾ ਨਾਲ ਜਿੱਤ ਲਿਆ। ਸਨੈਚ ਫੇਜ਼ ਵਿੱਚ 105 ਕਿੱਲੋਗ੍ਰਾਮ ਭਾਰ ਚੁੱਕ ਕੇ ਸ਼ੈਰਨ ਨੇ ਸੱਭ ਤੋਂ ਵੱਧ ਸਕੋਰ ਪਹਿਲਾਂ ਹੀ ਆਪਣੇ ਨਾਂ ਕਰ ਲਏ ਸਨ। ਦੋ ਫੇਜ਼ ਵਿੱਚ ਉਸ ਦਾ ਕੁੱਲ 236 ਪੁਆਇੰਟ ਦਾ ਅੰਕੜਾ ਚਾਂਦੀ ਦਾ ਤਮਗਾ ਜਿੱਤਣ ਵਾਲੀ ਇਟਲੀ ਦੀ ਜਾਰਜੀਆ ਬਰਡ-ਇਨਨ ਨਾਲੋਂ ਕਿਤੇ ਵਧੀਆ ਸੀ। ਤਾਇਵਾਨ ਦੀ ਵੈਨ ਹੁਈ ਚੈਨ ਇਸ ਮੁਕਾਬਲੇ ਵਿੱਚ ਤੀਜੇ ਸਥਾਨ ਉੱਤੇ ਰਹੀ। ਸ਼ੈਰਨ ਵੱਲੋਂ ਕੈਨੇਡਾ ਲਈ ਇਹ ਦੂਜਾ ਸੋਨ ਤਮਗਾ ਜਿੱਤਿਆ ਗਿਆ ਹੈ। ਇਸ ਤੋਂ ਪਹਿਲਾਂ ਸੋਮਵਾਰ ਨੂੰ ਮਹਿਲਾਵਾਂ ਦੇ 100 ਮੀਟਰ ਬਟਰਫਲਾਈ ਮੁਕਾਬਲੇ ਵਿੱਚ ਕੈਨੇਡਾ ਦੀ ਮੈਗੀ ਮੈਕਨੀਲ ਨੇ ਕੈਨੇਡਾ ਲਈ ਪਹਿਲਾ ਸੋਨ ਤਮਗਾ ਜਿੱਤਿਆ ਸੀ।

# ਫੋਰਡ ਨੇ ਹੈਲਥ ਕੇਅਰ ਵਰਕਰਜ਼ ਨੂੰ ਟੀਕਾਕਰਣ ਕਰਵਾਉਣ ਦੀ ਕੀਤੀ ਅਪੀਲ



ਓਨਟਾਰੀਓ, 29 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਸੋਮਵਾਰ ਨੂੰ ਆਖਿਆ ਕਿ ਉਹ ਹੈਲਥ ਕੇਅਰ ਵਰਕਰਜ਼ ਨੂੰ ਬੇਨਤੀ ਕਰਦੇ ਹਨ ਕਿ ਉਹ ਕੋਵਿਡ-19 ਸਬੰਧੀ ਆਪਣਾ ਟੀਕਾਕਰਣ ਕਰਵਾਉਣ। ਪਰ ਜਿਨ੍ਹਾਂ ਹੈਲਥ ਵਰਕਰਜ਼ ਵੱਲੋਂ ਟੀਕਾਕਰਣ ਕਰਵਾਉਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਉਨ੍ਹਾਂ ਦਾ ਕੋਵਿਡ-19 ਟੈਸਟ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

ਟੋਰਾਂਟੋ ਯੂਨੀਵਰਸਿਟੀ ਹੈਲਥ ਨੈੱਟਵਰਕ ਦੇ ਸੀਈਓ ਕੈਵਿਨ ਸਮਿੱਥ ਵੱਲੋਂ ਪਿਛਲੇ ਹਫਤੇ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਸੀ ਕਿ ਉਨ੍ਹਾਂ ਨੇ ਆਪਣੇ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਸਟਾਫ ਨੂੰ ਕੰਮ ਉੱਤੇ ਆਉਣ ਤੋਂ 48 ਘੰਟੇ ਪਹਿਲਾਂ ਕੋਵਿਡ-19 ਦੇ ਨੈਗੇਟਿਵ ਟੈਸਟ ਪੇਸ਼ ਕਰਨ ਲਈ ਆਖਿਆ ਹੈ। ਫੋਰਡ ਨੇ ਆਖਿਆ ਕਿ ਉਹ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਵਰਕਰਜ਼ ਤੋਂ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਮੰਗਣ ਵਾਲੇ ਹਸਪਤਾਲਾਂ ਦਾ ਸਮਰਥਨ ਕਰਦੇ ਹਨ ਪਰ ਉਨ੍ਹਾਂ ਇਹ ਵੀ ਆਖਿਆ ਕਿ ਪ੍ਰੋਵਿੰਸ ਹਸਪਤਾਲਾਂ ਨੂੰ ਇਹ ਤਾਕੀਦ ਨਹੀਂ ਕਰ ਸਕਦਾ ਕਿ ਇਸ ਨੂੰ ਪਾਲਿਸੀ ਵਜੋਂ ਲਾਗੂ ਕੀਤਾ ਜਾਵੇ।

ਫੋਰਡ ਨੇ ਇਹ ਵੀ ਆਖਿਆ ਕਿ ਉਹ ਹੈਲਥ ਕੇਅਰ ਵਰਕਰਜ਼ ਨਾਲ ਵੈਕਸੀਨੇਸ਼ਨ ਕਰਵਾਉਣ ਲਈ ਧੱਕਾ ਨਹੀਂ ਕਰ ਸਕਦੇ, ਹਾਲਾਂਕਿ ਕੁੱਝ ਮੈਡੀਕਲ ਮਾਹਿਰਾਂ ਵੱਲੋਂ ਅਜਿਹਾ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਪਰ ਉਨ੍ਹਾਂ ਆਖਿਆ ਕਿ ਜਦੋਂ ਸਾਡੇ ਕੋਲ ਵੈਕਸੀਨ ਹੈ ਤੇ ਜਿਹੜੇ ਲੋਕ ਹੈਲਥ ਕੇਅਰ ਇੰਡਸਟਰੀ ਨਾਲ ਜੁੜੇ ਹਨ ਉਨ੍ਹਾਂ ਨੂੰ ਇਹ ਵੈਕਸੀਨੇਸ਼ਨ ਜ਼ਰੂਰ ਕਰਵਾਉਣੀ ਚਾਹੀਦੀ ਹੈ।

# ਕੈਨੇਡਾ ਦੀ 30ਵੀਂ ਗਵਰਨਰ ਜਨਰਲ ਵਜੋਂ ਮੈਰੀ ਸਾਇਮਨ ਨੇ ਚੁੱਕੀ ਸਹੁੰ



ਓਟਵਾ, 29 ਜੁਲਾਈ (ਪੋਸਟ ਬਿਊਰੋ) : ਬੀਤੇ ਦਿਨੀਂ ਮੈਰੀ ਸਾਇਮਨ ਨੂੰ ਕੈਨੇਡਾ ਦੀ 30ਵੀਂ ਗਵਰਨਰ ਜਨਰਲ ਨਿਯੁਕਤ ਕੀਤਾ ਗਿਆ। ਇਹ ਪ੍ਰੋਗਰਾਮ ਬੜੇ ਹੀ ਇਤਿਹਾਸਕ ਤੇ ਸੱਭਿਆਚਾਰਕ ਮਾਹੌਲ ਵਿੱਚ ਹੋਇਆ। ਇਸ ਰੰਗਾਰੰਗ ਪ੍ਰੋਗਰਾਮ ਦੌਰਾਨ ਸਾਇਮਨ ਨੇ ਆਪਣੇ ਅਹੁਦੇ ਦੀ ਸੰਹੁ ਚੁੱਕੀ।

ਅਹਿਮ ਇਨੁਕ ਆਗੂ ਤੇ ਸਾਬਕਾ ਅੰਬੈਸਡਰ ਸਾਇਮਨ ਕੈਨੇਡਾ ਵਿੱਚ ਮਹਾਰਾਣੀ ਐਲਿਜ਼ਾਬੈੱਥ ਦੀ ਨੁਮਾਇੰਦਾ ਬਣਨ ਵਾਲੀ ਪਹਿਲੀ ਮੂਲਵਾਸੀ ਮਹਿਲਾ ਹੈ। ਉਨ੍ਹਾਂ ਨੇ ਇਨੁਇਟ ਸੱਭਿਆਚਾਰ ਨੂੰ ਅੱਗੇ ਵਧਾਉਣ ਲਈ ਕਈ ਅਹਿਮ ਭੂਮਿਕਾਵਾਂ ਨਿਭਾਈਆਂ, ਇਸ ਦੇ ਨਾਲ ਹੀ ਉਨ੍ਹਾਂ ਸੋਸ਼ਲ, ਐਨਵਾਇਰਮੈਂਟਲ ਤੇ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਨ ਵਾਲੀ ਆਗੂ ਤੇ ਵਾਰਤਾਕਾਰ ਦੀਆਂ ਭੂਮਿਕਾਵਾਂ ਵੀ ਨਿਭਾਈਆਂ।

ਆਪਣੀ ਭੂਮਿਕਾ ਵਿੱਚ ਪਹਿਲੀ ਟਿੱਪਣੀ ਕਰਦਿਆਂ ਸਾਇਮਨ ਨੇ ਤਹੱਈਆ ਪ੍ਰਗਟਾਇਆ ਕਿ ਜਦੋਂ ਸੁਲ੍ਹਾ, ਕਲਾਈਮੇਟ ਚੇਂਜ ਵਰਗੇ ਸੰਕਟ ਤੇ ਦੇਸ਼ ਵਿੱਚ ਪਹਿਲਾਂ ਹੀ ਮਹਿਸੂਸ ਕੀਤੇ ਜਾ ਰਹੇ ਇਸ ਦੇ ਅਸਰ ਦੇ ਨਾਲ ਨਾਲ ਸਮਾਨਤਾ ਤੇ ਮਾਨਸਿਕ ਸਿਹਤ ਦਾ ਮਾਮਲਾ ਆਵੇਗਾ ਤਾਂ ਉਹ ਚਿੰਤਕਾਂ ਦੇ ਨਾਲ ਉਨ੍ਹਾਂ ਫੈਸਲਿਆਂ ਵਿੱਚ ਅਹਿਮ ਭੂਮਿਕਾ ਨਿਭਾਵੇਗੀ।

ਸਾਇਮਨ ਨੇ ਆਖਿਆ ਕਿ ਅਸੀਂ ਇੱਕ ਦੇਸ਼ ਵਜੋਂ ਇਹ ਸਿੱਖਿਆ ਹੈ ਕਿ ਸਾਨੂੰ ਕੈਨੇਡਾ ਦੇ ਅਸਲ ਇਤਿਹਾਸ ਨੂੰ ਜਾਨਣ ਦੀ ਲੋੜ ਹੈ। ਸੱਚ ਨੂੰ ਗਲੇ ਲਾਉਣ ਨਾਲ ਅਸੀਂ ਇੱਕ ਦੇਸ਼ ਵਜੋਂ ਹੋਰ ਮਜ਼ਬੂਤ ਹੋਕੇ ਉਭਰਾਂਗੇ, ਸਾਂਝੇ ਕੈਨੇਡੀਅਨ ਸਮਾਜ ਵਜੋਂ ਅੱਗੇ ਵਧਾਂਗੇ ਤੇ ਆਪਣੇ ਬੱਚਿਆਂ ਨੂੰ ਇਹ ਸਿਖਾਂਵਾਂਗੇ ਕਿ ਸਾਨੂੰ ਹਮੇਸ਼ਾਂ ਬਿਹਤਰ ਕਰਨਾ ਚਾਹੀਦਾ ਹੈ ਖਾਸ ਤੌਰ ਉੱਤੇ ਉਦੋਂ ਜਦੋਂ ਹਾਲਾਤ ਮੁਸ਼ਕਲ ਹੋਣ। ਇਹ ਸਮਾਰੋਹ ਸੈਨੇਟ ਆਫ ਕੈਨੇਡਾ ਦੀ ਇਮਾਰਤ ਵਿੱਚ ਹੋਇਆ। ਕੋਵਿਡ-19 ਪਾਬੰਦੀਆਂ ਕਾਰਨ ਇਸ ਵਿੱਚ 50 ਹਸਤੀਆਂ ਤੇ ਮਹਿਮਾਨਾਂ ਨੇ ਹੀ ਹਿੱਸਾ ਲਿਆ।

# ਡੈਲਟਾ ਵੇਰੀਐਂਟ ਦੇ ਡਰੋਂ ਟਰੈਵਲ ਸਬੰਧੀ ਪਾਬੰਦੀਆਂ ਨਹੀਂ ਹਟਾਏਗਾ ਅਮਰੀਕਾ



ਵਾਸ਼ਿੰਗਟਨ, 29 ਜੁਲਾਈ (ਪੋਸਟ ਬਿਊਰੋ) : ਹੱਦੋਂ ਵੱਧ ਤੇਜ਼ੀ ਨਾਲ ਫੈਲਣ ਵਾਲੇ ਡੈਲਟਾ ਵੇਰੀਐਂਟ ਅਤੇ ਅਮਰੀਕਾ ਵਿੱਚ ਕਰੋਨਾਵ-ਾਇਰਸ ਦੇ ਵੱਧ ਰਹੇ ਮਾਮਲਿਆਂ ਕਾਰਨ ਅਮਰੀਕਾ ਵੱਲੋਂ ਹਾਲ ਦੀ ਘੜੀ ਟਰੈਵਲ ਸਬੰਧੀ ਪਾਬੰਦੀਆਂ ਹਟਾਉਣ ਤੋਂ ਇਨਕਾਰ ਕੀਤਾ ਗਿਆ ਹੈ। ਇਹ ਜਾਣਕਾਰੀ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਵੱਲੋਂ ਦਿੱਤੀ ਗਈ।

ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ਵਿੱਚ ਹੋਈ ਸੀਨੀਅਰ ਪੱਧਰ ਦੇ ਅਧਿਕਾਰੀਆਂ ਦੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ। ਇਸ ਤੋਂ ਭਾਵ ਇਹ ਹੈ ਕਿ 2020 ਤੋਂ ਪੂਰੀ ਦੁਨੀਆ ਦੀ ਆਬਾਦੀ ਨੂੰ ਅਮਰੀਕਾ ਆਉਣ ਤੋਂ ਰੋਕਣ ਵਾਲੀਆਂ ਟਰੈਵਲ ਸਬੰਧੀ ਪਾਬੰਦੀਆਂ ਨੂੰ ਨੇੜ ਭਵਿੱਖ ਵਿੱਚ ਹਟਾਇਆ ਨਹੀਂ ਜਾਵੇਗਾ। ਅਧਿਕਾਰੀਆਂ ਨੇ ਦੱਸਿਆ ਕਿ ਅਮਰੀਕਾ ਤੇ ਹੋਰਨਾਂ ਦੇਸ਼ਾਂ ਵਿੱਚ ਫੈਲ ਰਹੇ ਡੈਲਟਾ ਵੇਰੀਐਂਟ ਕਾਰਨ ਕੋਵਿਡ-19 ਮਾਮਲਿਆਂ ਵਿੱਚ ਕਾਫੀ ਵਾਧਾ ਹੋਇਆ ਹੈ। ਇਨ੍ਹਾਂ ਮਾਮਲਿਆਂ ਵਿੱਚ ਬਹੁਤਾਤ ਉਨ੍ਹਾਂ ਲਕਾਂ ਦੀ ਹੈ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ ਤੇ ਇਨ੍ਹਾਂ ਵਿੱਚ ਆਉਣ ਵਾਲੇ ਹਫਤਿਆਂ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ।

ਇਸ ਐਲਾਨ ਨਾਲ ਅਮਰੀਕੀ ਏਅਰਲਾਈਨਜ਼ ਤੇ ਅਮਰੀਕੀ ਟੂਰਿਜ਼ਮ ਇੰਡਸਟਰੀ ਨੂੰ ਵੱਡਾ ਝਟਕਾ ਲੱਗਿਆ ਹੈ। ਜ਼ਿਕਰਯੋਗ ਹੈ ਕਿ ਏਅਰਲਾਈਨਜ਼ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਇਹ ਪਾਬੰਦੀਆਂ ਹਟਾਉਣ ਲਈ ਵ੍ਹਾਈਟ ਹਾਊਸ ਵਿੱਚ ਲਾਬਿੰਗ ਕੀਤੀ ਜਾਂਦੀ ਰਹੀ ਹੈ। ਇਸ ਸਮੇਂ ਅਮਰੀਕਾ ਵੱਲੋਂ ਉਨ੍ਹਾਂ ਗੈਰ ਅਮਰੀਕੀ ਨਾਗਰਿਕਾਂ ਉੱਤੇ ਪਾਬੰਦੀ ਲਗਾਈ ਗਈ ਹੈ ਜਿਹੜੇ ਪਿਛਲੇ 14 ਦਿਨਾਂ ਵਿੱਚ ਯੂਨਾਈਟਿਡ ਕਿੰਗਡਮ, ਯੂਰਪ ਦੇ 26 ਦੇਸ਼ਾਂ, ਆਇਰਲੈਂਡ, ਚੀਨ, ਭਾਰਤ, ਸਾਊਥ ਅਫਰੀਕਾ, ਇਰਾਨ ਤੇ ਬ੍ਰਾਜ਼ੀਲ ਤੋਂ ਗਏ ਹਨ।

# ਕੋਵਿਡ-19 ਨਿਯਮਾਂ ਨੂੰ ਅਪਡੇਟ ਕਰਨ ਦੀ ਮੰਗ ਕਰ ਰਹੇ ਹਨ ਕੁੱਝ ਮਾਪੇ ਤੇ ਚਾਈਲਡ ਕੇਅਰ ਪ੍ਰੋਵਾਈਡਰਜ਼



ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ) : ਕਿਮ ਯੀਮਨਜ਼ ਚਾਈਲਡ ਕੇਅਰ ਸੈਂਟਰ ਦਾ ਸਟਾਫ 15 ਨਿੱਕੇ ਬਿੰਨਜ਼ ਨੂੰ ਖਾਲੀ ਕਰਨ ਤੇ ਮੁੜ ਭਰਨ ਵਿੱਚ ਰੁੱਝਿਆ ਹੋਇਆ ਸੀ। ਇਹ ਸਾਰਾ ਕੋਵਿਡ-19 ਸਬੰਧੀ ਨੀਤੀਆਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾ ਰਿਹਾ ਹੈ ਜਾਂ ਉਹ ਖੁਦ ਹੀ ਅਜਿਹਾ ਕਰ ਰਹੇ ਹਨ ਇਸ ਬਾਰੇ ਅਜੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ। ਮਹਾਂਮਾਰੀ ਦੇ ਕਾਲ ਦੌਰਾਨ ਚਾਈਲਡ ਕੇਅਰ ਸੈਂਟਰ ਨੂੰ ਦਿੱਤੀਆਂ ਗਈਆਂ ਹਦਾਇਤਾਂ ਤੋਂ ਬਾਅਦ ਇੱਥੇ ਬੱਚਿਆਂ ਨੂੰ ਗਰੁੱਪ ਐਕਟੀਵਿਟੀ, ਜਿਵੇਂ ਕਿ ਵਾਟਰ ਟੇਬਲਜ਼ ਆਦਿ, ਨਾ ਕਰਵਾਏ ਜਾਣ ਲਈ ਆਖਿਆ ਗਿਆ ਹੈ ਉੱਤੇ ਬੱਚਿਆਂ ਨੂੰ ਖਿਡਾਉਣ ਦੀ ਪਾਬੰਦੀ ਹੈ। ਪਰ ਯੀਮਨ ਦਾ ਮੰਨਣਾ ਹੈ ਕਿ ਜਿੰਨਾ ਮਰਜ਼ੀ ਬੱਚਿਆਂ ਨੂੰ ਰੋਕ ਲਿਆ ਜਾਵੇ ਉਹ ਇੱਕ ਦੂਜੇ ਦੇ ਨੇੜੇ ਆ ਹੀ ਜਾਂਦੇ ਹਨ। ਉਨ੍ਹਾਂ ਆਖਿਆ ਕਿ ਅਜਿਹਾ ਅਸੀਂ ਇਸ ਲਈ ਕਰ ਰਹੇ ਹਾਂ ਤਾਂ ਕਿ ਇੱਕ ਬੱਚੇ ਦੇ ਹੱਥ ਦੇ ਜਰਮ ਦੂਜੇ ਬੱਚੇ ਦੇ ਹੱਥਾਂ ਉੱਤੇ ਨਾ ਚਿਪਕਣ। ਪਰ ਇਹ ਕੁਦਰਤੀ ਹੋ ਰਿਹਾ ਹੈ। ਉਹ ਇੱਕ ਦੂਜੇ ਨੂੰ ਚੱਟ ਲੈਂਦੇ ਹਨ ਤੇ ਤੁਸੀਂ ਉਨ੍ਹਾਂ ਨੂੰ ਚੱਟਣ ਤੋਂ ਨਹੀਂ ਰੋਕ ਸਕਦੇ।

ਪਿਛਲੇ ਸਾਲ ਖੁੱਲ੍ਹਣ ਤੋਂ ਬਾਅਦ ਵੀ ਓਨਟਾਰੀਓ ਦੇ ਚਾਈਲਡ ਕੇਅਰ ਸੈਂਟਰਜ਼ ਲਈ ਕੋਵਿਡ-19 ਨਿਯਮਾਂ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ। ਕੁੱਝ ਮਾਪਿਆਂ ਤੇ ਕੇਅਰ ਪ੍ਰੋਵਾਈਡਰਜ਼ ਦਾ ਕਹਿਣਾ ਹੈ ਕਿ ਭਾਂਵੇਂ ਸਟਾਫ ਨੂੰ ਮਾਸਕ ਪਾਉਣੇ ਚਾਹੀਦੇ ਹਨ ਪਰ ਹੋਰਨਾਂ ਨੀਤੀਆਂ ਦਾ ਮੁਲਾਂਕਣ ਕੀਤੇ ਜਾਣ ਦੀ ਲੋੜ ਹੈ। ਮਾਪਿਆਂ ਨੂੰ ਇਮਾਰਤਾਂ ਦੇ ਅੰਦਰ ਆਉਣ ਦੇਣਾ ਚਾਹੀਦਾ ਹੈ। ਯੀਮਨ ਨੇ ਆਖਿਆ ਕਿ ਜਿਵੇਂ ਪ੍ਰੋਵਿੰਸ ਵਿੱਚ ਪੜਾਅਵਾਰ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਉਸੇ ਤਰ੍ਹਾਂ ਹੀ ਚਾਈਲਡ ਕੇਅਰ ਨੂੰ ਵੀ ਪੜਾਅਵਾਰ ਢੰਗ ਨਾਲ ਖੋਲ੍ਹਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਇੱਕ ਪਾਸੇ ਤਾਂ ਟੋਰਾਂਟੋ ਦੇ ਕਿਸੇ ਮੈਚ ਲਈ ਹਜ਼ਾਰਾਂ ਦੀ ਭੀੜ ਇੱਕਠੀ ਹੁੰਦੀ ਹੈ ਤੇ ਦੂਜੇ ਪਾਸੇ ਮਾਪੇ ਆਪਣੇ ਬੱਚਿਆਂ ਨੂੰ ਡੇਅਕੇਅਰ ਦੇ ਅੰਦਰ ਆ ਕੇ ਛੱਡ ਵੀ ਨਹੀਂ ਸਕਦੇ। ਚਾਈਲਡ ਕੇਅਰ ਪ੍ਰੋਵਾਈਡਰਜ਼ ਦਾ ਕਹਿਣਾ ਹੈ ਕਿ ਇਹ ਸੱਭ ਨਾ ਸਿਰਫ ਮਾਪਿਆਂ ਦੀ ਜੇਬ੍ਹ ਉੱਤੇ ਭਾਰੀ ਪੈ ਰਿਹਾ ਹੈ ਸਗੋਂ ਇਸ ਲਈ ਕਾਫੀ ਟੈਕਸ ਵੀ ਉਨ੍ਹਾਂ ਨੂੰ ਦੇਣੇ ਪੈਂਦੇ ਹਨ। ਬੱਚਿਆਂ ਨੂੰ ਪਰਿਵਾਰਾਂ ਤੱਕ ਛੱਡਣ ਲਿਆਉਣ ਲਈ ਉਨ੍ਹਾਂ ਨੂੰ ਹੋਰ ਸਟਾਫ ਰੱਖਣਾ ਪਿਆ ਹੈ। ਜਿਸ ਕਾਰਨ ਖਰਚਾ ਕਾਫੀ ਵੱਧ ਗਿਆ ਹੈ। ਕੈਨੇਡਾ ਦੀ ਐਮਰਜੰਸੀ ਵੇਜ ਸਬਸਿਡੀ ਵੀ ਜਲਦ ਮੁੱਕ ਜਾਵੇਗੀ ਪਰ ਵਾਧੂ ਦੇ ਸਟਾਫ ਦਾ ਬੋਝ ਪਹਿਲਾਂ ਵਾਂਗ ਹੀ ਰਹੇਗਾ। ਬੱਚਿਆਂ ਦੀ ਗਿਣਤੀ ਘੱਟ ਗਈ ਹੈ ਤੇ ਸਟਾਫ ਦੀ ਗਿਣਤੀ ਵੱਧ ਗਈ ਹੈ। ਕੋਵਿਡ-19 ਨਿਯਮਾਂ ਕਾਰਨ ਗੁਜ਼ਾਰਾ ਕਰਨਾ ਹੀ ਬਹੁਤ ਮੁਸ਼ਕਲ ਹੋਇਆ ਪਿਆ ਹੈ।

ਹੈਲਥ ਕੇਅਰ ਪ੍ਰੋਵਾਈਡਰਜ਼ ਦਾ ਕਹਿਣਾ ਹੈ ਕਿ ਸਟਾਫ ਨੂੰ ਹਾਈਜੀਨ ਦਾ ਬਹੁਤ ਖਿਆਲ ਰੱਖਣਾ ਪੈਂਦਾ ਹੈ। ਪਹਿਲਾਂ ਬੱਚਿਆਂ ਦੀ ਤੇ ਆਪਣੀ ਸਾਫ ਸਫਾਈ ਦਾ ਧਿਆਨ ਰੱਖਣਾ ਪੈਂਦਾ ਹੈ ਫਿਰ ਬੱਚਿਆਂ ਦੇ ਖਿਡੌਣੇ ਵਾਰੀ ਵਾਰੀ ਡਿਸਇਨਫੈਕਟ ਕਰਕੇ ਰੱਖਣੇ ਪੈਂਦੇ ਹਨ। ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਨਿਯਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੇ ਸੰਕੇਤ ਨਹੀਂ ਦਿੱਤੇ ਗਏ ਹਨ।

# ਬ੍ਰੌਡਵੇਅ ਨੇੜੇ ਚਾਕੂ ਮਾਰ ਕੇ ਕੀਤਾ ਗਿਆ ਵਿਅਕਤੀ ਦਾ ਕਤਲ

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ) : ਰਾਤ ਸਮੇਂ ਸ਼ਹਿਰ ਦੇ ਪੂਰਬੀ ਹਿੱਸੇ ਵਿੱਚ ਮਾਰੇ ਗਏ ਇੱਕ ਵਿਅਕਤੀ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਰਿਵਰ ਸਟਰੀਟ ਤੇ ਬ੍ਰੌਡਵਿਊ ਐਵਨਿਊ ਦਰਮਿਆਨ ਗੇਰਾਰਡ ਸਟਰੀਟ ਇਲਾਕੇ ਵਿੱਚ ਪੁਲਿਸ ਨੂੰ ਸਵੇਰੇ 2:30 ਵਜੇ ਸੱਦਿਆ ਗਿਆ। ਮੌਕੇ ਉੱਤੇ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਉੱਤੇ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ। ਉਸ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਬਾਅਦ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਸ ਦੀ ਮੌਤ ਹੋ ਗਈ। ਜਾਂਚਕਾਰਾਂ ਦਾ ਕਹਿਣਾ ਹੈ ਕਿ ਬਾਅਦ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਹੁਣ ਕਤਲ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਘਟਨਾ ਦੇ ਸਬੰਧ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ ਤੇ ਪੁਲਿਸ ਵੱਲੋਂ ਇਹ ਜਾਣਕਾਰੀ ਵੀ ਨਹੀਂ ਦਿੱਤੀ ਗਈ ਕਿ ਮਸ਼ਕੂਕ ਤੇ ਮਾਰਿਆ ਗਿਆ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਸਨ ਜਾਂ ਫਿਰ ਇਹ ਅਚਨਚੇਤੀ ਕੀਤਾ ਗਿਆ ਹਮਲਾ ਸੀ।

# ਇੰਗਲੈਂਡ ਨੇ ਅਮਰੀਕੀ ਟਰੈਵਲਰਜ਼ ਨੂੰ ਢਿੱਲ ਦਿੱਤੀ ਪਰ ਕੈਨੇਡੀਅਨਜ਼ ਨੂੰ ਨਹੀਂ




ਲੰਡਨ, 29 ਜੁਲਾਈ (ਪੋਸਟ ਬਿਊਰੋ) : ਅਗਲੇ ਹਫਤੇ ਤੋਂ ਸ਼ੁਰੂ ਕਰਕੇ ਅਮਰੀਕਾ ਤੇ ਯੂਰਪ ਦੇ ਬਹੁਤੇ ਹਿੱਸਿਆਂ ਤੋਂ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਬਿਨਾਂ ਕੁਆਰਨਟੀਨ ਹੋਇਆਂ ਇੰਗਲੈਂਡ ਤੇ ਸਕਾਟਲੈਂਡ ਦਾਖਲ ਹੋ ਸਕਣਗੇ। ਇਸ ਫੈਸਲੇ ਦਾ ਬੁਰੇ ਦੌਰ ਵਿੱਚੋਂ ਲੰਘ ਰਹੀ ਟਰੈਵਲ ਇੰਡਸਟਰੀ ਨੇ ਸਵਾਗਤ ਕੀਤਾ ਹੈ।

ਬ੍ਰਿਟਿਸ਼ ਸਰਕਾਰ ਨੇ ਆਖਿਆ ਕਿ ਅਮਰੀਕਾ ਵਿੱਚ ਐਫਡੀਏ ਜਾਂ ਯੂਰਪੀਅਨ ਮੈਡੀਸਿਨ ਏਜੰਸੀ, ਜੋ ਕਿ ਯੂਰਪੀਅਨ ਯੂਨੀਅਨ ਤੇ ਕਈ ਹੋਰਨਾਂ ਦੇਸ਼ਾਂ ਲਈ ਦਵਾਈਆਂ ਨੂੰ ਰੈਗੂਲੇਟ ਕਰਦੀ ਹੈ, ਵੱਲੋਂ ਮਨਜ਼ੂਰਸ਼ੁਦਾ ਵੈਕਸੀਨ ਦੀਆਂ ਦੋ ਡੋਜ਼ਾਂ ਹਾਸਲ ਕਰਨ ਵਾਲਿਆਂ ਨੂੰ ਇੰਗਲੈਂਡ ਦਾਖਲ ਹੋਣ ਤੋਂ ਬਾਅਦ 10 ਦਿਨਾਂ ਲਈ ਖੁਦ ਨੂੰ ਕੁਆਰਨਟੀਨ ਕਰਨ ਦੀ ਥਾਂ ਇੱਥੇ ਆਉਣ ਤੋਂ ਪਹਿਲਾਂ ਤੇ ਇੱਥੇ ਪਹੁੰਚਣ ਤੋਂ ਬਾਅਦ ਕੋਵਿਡ-19 ਟੈਸਟ ਕਰਵਾਉਣਾ ਹੋਵੇਗਾ।

ਇਨ੍ਹਾਂ ਨਿਯਮਾਂ ਵਿੱਚ ਤਬਦੀਲੀ ਸੋਮਵਾਰ ਨੂੰ ਯੂ ਕੇ ਦੇ ਸਮੇਂ ਮੁਤਾਬਕ ਸਵੇਰੇ 4:00 ਵਜੇ ਤੋਂ ਲਾਗੂ ਹੋਵੇਗੀ। ਸਕੌਟਲੈਂਡ ਦੀ ਸਰਕਾਰ, ਜੋ ਕਿ ਆਪਣੀ ਹੈਲਥ ਨੀਤੀ ਆਪ ਬਣਾਉਂਦੀ ਹੈ, ਵੱਲੋਂ ਵੀ ਇਹੋ ਫੈਸਲਾ ਲਿਆ ਗਿਆ ਹੈ। ਵੇਲਜ਼ ਤੇ ਨੌਰਦਰਨ ਆਇਰਲੈਂਡ ਵੱਲੋਂ ਅਜੇ ਤੱਕ ਇਹ ਐਲਾਨ ਨਹੀਂ ਕੀਤਾ ਗਿਆ ਹੈ ਕਿ ਇਸ ਸਬੰਧ ਵਿੱਚ ਉਨ੍ਹਾਂ ਦੀ ਕੀ ਯੋਜਨਾ ਹੈ। ਫਰਾਂਸ ਵਿੱਚ ਬੇਟਾ ਵੇਰੀਐਂਟ ਦੀ ਮੌਜੂਦਗੀ ਕਾਰਨ ਉੱਥੋਂ ਆਉਣ ਵਾਲੇ ਵਿਜ਼ੀਟਰਜ਼ ਨੂੰ ਕੁਆਰਨਟੀਨ ਹੋਣਾ ਹੋਵੇਗਾ।

# ਓਨਟਾਰੀਓ ਦੇ ਨਰਸਿੰਗ ਸੈਕਟਰ ਵਿੱਚੋਂ ਪਲਾਇਨ ਬਾਰੇ ਸੋਚ ਰਹੀਆਂ ਹਨ ਨਰਸਾਂ ?



ਓਨਟਾਰੀਓ, 29 ਜੁਲਾਈ (ਪੋਸਟ ਬਿਊਰੋ) :ਆਰਐਨਏਓ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਅਨੁਸਾਰ ਨਰਸਿੰਗ ਸੈਕਟਰ ਵਿੱਚੋਂ ਹੁਣ ਸਟਾਫ ਪਲਾਇਨ ਕਰਦਾ ਜਾ ਰਿਹਾ ਹੈ।

29 ਜਨਵਰੀ ਤੋਂ 22 ਫਰਵਰੀ ਦਰਮਿਆਨ ਕਰਵਾਏ ਗਏ ਸਰਵੇਖਣ ਵਿੱਚ 2100 ਰਜਿਸਟਰਡ ਨਰਸਾਂ, ਨਰਸ ਪ੍ਰੈਕਟਿਸ਼ਨਰਜ਼ (ਐਨਪੀ) ਤੇ ਓਨਟਾਰੀਓ ਵਿੱਚ ਕੰਮ ਕਰਨ ਵਾਲੇ ਨਰਸਿੰਗ ਵਿਦਿਆਰਥੀਆਂ ਨੇ ਹਿੱਸਾ ਲਿਆ। ਸਰਵੇਖਣ ਵਿੱਚ ਹਿੱਸਾ ਲੈਣ ਵਾਲੀਆਂ 95 ਫੀ ਸਦੀ ਨਰਸਾਂ ਨੇ ਆਖਿਆ ਕਿ ਮਹਾਂਮਾਰੀ ਕਾਰਨ ਉਨ੍ਹਾਂ ਦਾ ਕੰਮ ਕਾਫੀ ਪ੍ਰਭਾਵਿਤ ਹੋਇਆ ਹੈ। ਬਹੁਗਿਣਤੀ ਨਰਸਾਂ ਨੇ ਆਖਿਆ ਕਿ ਉਨ੍ਹਾਂ ਦੇ ਤਣਾਅ ਦਾ ਪੱਧਰ ਕਾਫੀ ਵੱਧ ਗਿਆ ਹੈ। 26 ਤੋਂ 35 ਸਾਲ ਦਰਮਿਆਨ ਦੀਆਂ 13 ਫੀ ਸਦੀ ਰਜਿਸਟਰਡ ਨਰਸਾਂ ਦਾ ਕਹਿਣਾ ਹੈ ਕਿ ਮਹਾਂਮਾਰੀ ਤੋਂ ਬਾਅਦ ਉਹ ਆਪਣਾ ਕਿੱਤਾ ਬਦਲ ਲੈਣਗੀਆਂ।

ਰਜਿਸਟਰਡ ਨਰਸਿੰਗ ਐਸੋਸਿਏਸ਼ਨ ਆਫ ਓਨਟਾਰੀਓ ਦੀ ਸੀਈਓ ਡੌਰਿਸ ਗ੍ਰਿਨਸਪਨ ਨੇ ਆਖਿਆ ਕਿ ਐਨੀਆਂ ਨਰਸਾਂ ਵੱਲੋਂ ਆਪਣੇ ਕਰੀਅਰ ਦੇ ਸ਼ੁਰੂਆਤੀ ਪੱਧਰ ਉੱਤੇ ਹੀ ਕਿੱਤਾ ਬਦਲਣ ਦੀ ਗੱਲ ਕਰਨ ਨਾਲ ਸਿਹਤ ਸਿਸਟਮ ਦੇ ਕੰਮਕਾਜ ਉੱਤੇ ਕਾਫੀ ਨਕਾਰਾਤਮਕ ਤੇ ਦੇਰ ਤੱਕ ਰਹਿਣ ਵਾਲਾ ਅਸਰ ਪਵੇਗਾ। ਇਸ ਲਈ ਸਾਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਇਸ ਪਾਸੇ ਫੌਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਓਨਟਾਰੀਓ ਸਰਕਾਰ ਨੂੰ ਨਰਸਾਂ ਨੂੰ ਭਰਤੀ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਸਿਹਤ ਕਿੱਤੇ ਨਾਲ ਜੋੜ ਕੇ ਰੱਖਣ ਦੀ ਵੀ ਲੋੜ ਹੈ।

ਯੂਨੀਵਰਸਿਟੀ ਪੱਧਰ ਉੱਤੇ ਪ੍ਰੋਵਿੰਸ ਵੱਲੋਂ ਨਰਸਿੰਗ ਵਿਦਿਆਰਥੀਆਂ ਲਈ 800 ਨਵੀਆਂ ਸੀਟਾਂ ਕਾਇਮ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਇਸ ਸਾਲ ਦੇ ਅੰਤ ਵਿੱਚ ਭਰਿਆ ਜਾਵੇਗਾ। ਇਹ ਬਹੁਤ ਚੰਗੀ ਗੱਲ ਹੈ ਪਰ ਨਰਸ ਬਣ ਕੇ ਤਿਆਰ ਹੋਣ ਵਿੱਚ ਚਾਰ ਸਾਲ ਦਾ ਸਮਾਂ ਲੱਗ ਜਾਵੇਗਾ। ਇਹ ਚੰਗੀ ਗੱਲ ਤਾਂ ਹੈ ਪਰ ਬਹੁਤ ਕਾਰਗਰ ਨਹੀਂ। ਨਰਸਾਂ ਨੂੰ ਇਸ ਕਿੱਤੇ ਨਾਲ ਜੋੜੀ ਰੱਖਣ ਲਈ ਸਰਕਾਰ ਨੂੰ ਬਿੱਲ 124 ਮਨਸੂਖ ਕਰਨਾ ਹੋਵੇਗਾ। ਜ਼ਿਕਰਯੋਗ ਹੈ ਕਿ ਬਿੱਲ 124 ਫਰਡ ਸਰਕਾਰ ਵੱਲੋਂ 2019 ਵਿੱਚ ਲਿਆਂਦਾ ਗਿਆ ਸੀ। ਇਸ ਵਿੱਚ ਆਖਿਆ ਗਿਆ ਸੀ ਕਿ ਪਬਲਿਕ ਸੈਕਟਰ ਦੇ ਮੁਆਵਜ਼ੇ ਵਿੱਚ ਵਾਧਾ ਹੋਣ ਨਾਲ ਪ੍ਰੋਵਿੰਸ ਦੇ ਪਬਲਿਕ ਸੈਕਟਰ ਦੀ ਝਲਕ ਮਿਲਦੀ ਹੈ।

ਬਿੱਲ ਵਿੱਚ ਨਰਸਾਂ ਦੀ ਤਨਖਾਹ ਵਿੱਚ ਹੋਣ ਵਾਲੇ ਸਾਲਾਨਾ ਇੱਕ ਫੀ ਸਦੀ ਵਾਧੇ ਨੂੰ ਸੀਮਤ ਕਰ ਦਿੱਤਾ ਗਿਆ ਸੀ। ਪ੍ਰੋਵਿੰਸ ਭਰ ਦੀਆਂ ਨਰਸਾਂ ਦਾ ਕਹਿਣਾ ਹੈ ਕਿ ਬਿੱਲ 124 ਉਨ੍ਹਾਂ ਦੀ ਸਾਂਝੇ ਤਰ ਉੱਤੇ ਤੋਲ ਮੋਲ ਕਰਨ ਦੀ ਉਨ੍ਹਾਂ ਦੀ ਕਾਬਲੀਅਤ ਵਿੱਚ ਦਖਲ ਦੇ ਰਿਹਾ ਹੈ ਤੇ ਜਿਸ ਤਨਖਾਹ ਦੀਆਂ ਉਹ ਹੱਕਦਾਰ ਹਨ ਉਸ ਨੂੰ ਹਾਸਲ ਕਰਨ ਦੇ ਰਾਹ ਵਿੱਚ ਰੋੜਾ ਅਟਕਾ ਰਿਹਾ ਹੈ।

# ਜੂਨ ਮਹੀਨੇ ਕੈਨੇਡਾ ਵਿੱਚ ਮਹਿੰਗਾਈ ਦਰ ਪਈ ਮੱਠੀ




ਓਟਵਾ, 29 ਜੁਲਾਈ (ਪੋਸਟ ਬਿਊਰੋ) : ਪਿਛਲੇ ਮਹੀਨੇ ਕੈਨੇਡਾ ਦੀ ਮਹਿੰਗਾਈ ਦਰ ਮੱਠੀ ਪੈ ਗਈ। ਸਾਲ ਦਰ ਸਾਲ ਦੇ ਆਧਾਰ ਉੱਤੇ ਜੂਨ ਵਿੱਚ ਇਹ 3.1 ਫੀ ਸਦੀ ਦਰਜ ਕੀਤੀ ਗਈ। ਮਈ ਵਿੱਚ ਇਹ 3.6 ਫੀ ਸਦੀ ਰਿਕਾਰਡ ਕੀਤੀ ਗਈ ਸੀ, ਜੋ ਕਿ ਇੱਕ ਦਹਾਕੇ ਵਿੱਚ ਸੱਭ ਤੋਂ ਜ਼ਿਆਦਾ ਵਾਧਾ ਸੀ। ਇਹ ਖੁਲਾਸਾ ਸਟੈਟੇਸਟਿਕਸ ਕੈਨੇਡਾ ਵੱਲੋਂ ਕੀਤਾ ਗਿਆ। ਏਜੰਸੀ ਦਾ ਕਹਿਣਾ ਹੈ ਕਿ ਜੂਨ ਮਹੀਨੇ ਦਾ ਤੁਲਨਾਤਮਕ ਅਧਿਐਨ ਪਿਛਲੇ ਸਾਲ ਇਸੇ ਮਹੀਨੇ ਦੀਆਂ ਕੀਮਤਾਂ ਨਾਲ ਵੀ ਕੀਤਾ ਗਿਆ। ਇਹ ਨਤੀਜਾ ਕੋਵਿਡ-19 ਮਹਾਂਮਾਰੀ ਕਾਰਨ ਦੇਸ਼ ਭਰ ਵਿੱਚ ਕਾਰੋਬਾਰਾਂ ਤੇ ਕਮਿਊਨਿਟੀਜ਼ ਉੱਤੇ ਪੈਣ ਵਾਲੇ ਪ੍ਰਭਾਵ ਕਾਰਨ ਆਇਆ।

ਮਿਸਾਲ ਵਜੋਂ ਗੈਸੋਲੀਨ ਦੀਆਂ ਕੀਮਤਾਂ ਵਿੱਚ ਸਾਲ ਦਰ ਸਾਲ ਹੋਏ ਵਾਧੇ ਕਾਰਨ ਇਹ ਜੂਨ ਵਿੱਚ 32 ਫੀ ਸਦੀ ਤੱਕ ਵੱਧ ਗਈਆਂ ਜਦਕਿ ਮਈ ਦੇ ਮਹੀਨੇ ਇਨ੍ਹਾਂ ਵਿੱਚ 43.4 ਫੀ ਸਦੀ ਨਾਲ ਉਛਾਲ ਆਇਆ ਹੋਇਆ ਸੀ ਕਿਉਂਕਿ ਗੈਸੋਲੀਨ ਦੀਆਂ ਕੀਮਤਾਂ ਮਹਾਂਮਾਰੀ ਦੇ ਸ਼ੁਰੂ ਵਿੱਚ ਡਿੱਗਣ ਤੋਂ ਬਾਅਦ ਜੂਨ 2020 ਵਿੱਚ ਅੰਸ਼ਕ ਤੌਰ ਉੱਤੇ ਰਿਕਵਰ ਕਰ ਗਈਆਂ। ਏਜੰਸੀ ਨੇ ਆਖਿਆ ਕਿ ਜੇ ਗੈਸੋਲੀਨ ਦੀਆਂ ਕੀਮਤਾਂ ਦੀ ਗੱਲ ਨਾ ਕੀਤੀ ਜਾਵੇ ਤਾਂ ਮਹਿੰਗਾਈ ਦੀ ਸਾਲਾਨਾ ਦਰ 2.2 ਫੀ ਸਦੀ ਹੋਵੇਗੀ। ਇਸ ਦੌਰਾਨ ਮਈ ਵਿੱਚ 0.5 ਫੀ ਸਦੀ ਵਾਧੇ ਤੋਂ ਬਾਅਦ ਜੂਨ ਵਿੱਚ ਸੀ ਪੀ ਆਈ (ਕੰਜ਼ਿਊਮਰ ਪ੍ਰਾਈਸ ਇੰਡੈਕਸ) ਵਿੱਚ 0.3 ਫੀ ਸਦੀ ਵਾਧਾ ਦਰਜ ਕੀਤਾ ਗਿਆ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਅੱਜ ਨਾਮਾ

ਠੇਡੇ ਖਾਂਦਿਆਂ ਤੋਂ, ਮਿਹਣੇ ਵੱਜਦਿਆਂ ਤੋਂ,
ਵਧਦੀ ਹਾਕੀ ਦੀ ਗਈ ਆ ਟੀਮ ਮਿੱਤਰ।
ਆਖਰੀ ਅੱਠਾਂ ਦੇ ਅੰਦਰ ਇਹ ਜਾ ਪਹੁੰਚੀ,
ਅਗਲੀ ਲਾਉਣੀ ਵੀ ਪਊ ਸਕੀਮ ਮਿੱਤਰ।
ਚੰਗਾ ਖੇਡ ਗਈ ਸਿੰਧੂ ਵੀ ਚਿੜੀ-ਛਿੱਕਾ,
ਖੇਡ ਰਹੀ ਕੁੜੀ ਹੈ ਖੇਡ ਅਜ਼ੀਮ ਮਿੱਤਰ।
ਬਾਕਸਿੰਗ ਵਿੱਚ ਨੇ ਮੁੰਡਾ ਤੇ ਕੁੜੀ ਚਮਕੇ,
ਵਧ ਰਹੀ ਟੀਮ ਦੀ ਦਿੱਸੇ ਕਰੀਮ ਮਿੱਤਰ।
ਲਾਇਆ ਜ਼ੋਰ ਪਿਆ ਸਾਰਾ ਖਿਡਾਰੀਆਂ ਨੇ,
ਮਿਹਨਤ ਕਰੀ ਦਾ ਦਿੱਸਦਾ ਅਸਰ ਮਿੱਤਰ।
ਬਹਿ ਕੇ ਬੰਨੇ ’ਤੇ ਅਸਾਂ ਵੀ ਜ਼ੋਰ ਲਾਇਆ,
ਨੁਕਸ ਕੱਢਣ ਦੀ ਛੱਡੀ ਨਾ ਕਸਰ ਮਿੱਤਰ।

**ਤੀਸ ਮਾਰ ਖਾਂ**

# ਹੈਲਥਕੇਅਰ ’ਚ ਸੁਧਾਰ ਲਈ ਓਨਟਾਰੀਓ ਸਰਕਾਰ ਕਰੇਗੀ 300 ਮਿਲੀਅਨ ਡਾਲਰ ਦਾ ਨਿਵੇਸ਼



ਓਨਟਾਰੀਓ, 29 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਸਰਜੀਕਲ ਉਡੀਕ ਸਮੇਂ ਦੀ ਦਿੱਕਤ ਦੂਰ ਕਰਨ ਤੇ ਹੈਲਥਕੇਅਰ ਤੱਕ ਲੋਕਾਂ ਦੀ ਪਹੁੰਚ ਵਿੱਚ ਸੁਧਾਰ ਕਰਨ ਲਈ 300 ਮਿਲੀਅਨ ਡਾਲਰ ਨਿਵੇਸ਼ ਕਰਨ ਜਾ ਰਹੀ ਹੈ। ਇਸ ਦੇ ਨਾਲ ਹੀ ਹਸਪਤਾਲਾਂ ਨੂੰ ਆਪਰੇਟ ਕਰਨ ਲਈ 110 ਤੋਂ 115 ਫੀ ਸਦੀ ਵਧੇਰੇ ਯੋਗ ਬਣਾਇਆ ਜਾਵੇਗਾ।

ਬੁੱਧਵਾਰ ਨੂੰ ਪ੍ਰੋਵਿੰਸ ਨੇ ਆਖਿਆ ਕਿ ਮਹਾਂਮਾਰੀ ਕਾਰਨ ਓਨਟਾਰੀਓ ਵਾਸੀਆਂ ਨੂੰ ਲੋੜੀਂਦੀ ਹੈਲਥਕੇਅਰ ਨਹੀਂ ਮਿਲ ਪਾ ਰਹੀ। ਇਸ ਸਮੇਂ ਸਰਜਰੀਜ਼ ਤੇ ਹੋਰ ਪ੍ਰੋਸੀਜਰਜ਼ ਨੂੰ ਲੀਹ ਉੱਤੇ ਲੈ ਕੇ ਆਉਣਾ ਸਮੇਂ ਦੀ ਮੁੱਖ ਮੰਗ ਹੈ। ਜੂਨ ਦੇ ਸ਼ੁਰੂ ਵਿੱਚ ਪ੍ਰੋਵਿੰਸ ਨੇ ਗੈਰ-ਐਮਰਜੰਸੀ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਸਨ। ਅਜਿਹੀਆਂ ਸੇਵਾਵਾਂ ਵੀ ਦਿੱਤੀਆਂ ਜਾਣ ਲੱਗੀਆਂ ਸਨ ਜਿਨ੍ਹਾਂ ਵਿੱਚ ਮਰੀਜ਼ਾਂ ਨੂੰ ਹਸਪਤਾਲ ਰੱਖੇ ਜਾਣ ਦੀ ਲੋੜ ਪੈਂਦੀ ਹੈ।

ਇਹ ਤਬਦੀਲੀਆਂ ਉਸ ਸਮੇਂ ਹੋਈਆਂ ਜਦੋਂ ਓਨਟਾਰੀਓ ਕੋਵਿਡ-19 ਦੇ ਖਾਤਮੇ ਲਈ ਸਹੀ ਦਿਸ਼ਾ ਵੱਲ ਚੁੱਕੇ ਗਏ ਕਦਮਾਂ ਕਾਰਨ ਵੱਧ ਤੋਂ ਵੱਧ ਲੋਕਾਂ ਦਾ ਟੀਕਾਕਰਣ ਸੰਭਵ ਹੋ ਸਕਿਆ ਤੇ ਕੋਵਿਡ-19 ਮਾਮਲਿਆਂ ਵਿੱਚ ਕਮੀ ਦਰਜ ਕੀਤੀ ਗਈ। ਫੋਰਡ ਸਰਕਾਰ ਦਾ ਕਹਿਣਾ ਹੈ ਕਿ ਹੈਲਥਕੇਅਰ ਵਰਕਰਜ਼ ਨੇ ਇਹ ਯਕੀਨੀ ਬਣਾਇਆ ਕਿ ਕੁੱਝ ਮਰੀਜ਼ਾਂ ਨੂੰ ਤਰਜੀਹ ਦਿੱਤੀ ਜਾਵੇ ਤੇ ਕੁੱਝ ਦੇ ਜ਼ਰੂਰੀ ਆਪਰੇਸ਼ਨ ਵੀ ਕਰਵਾਏ ਗਏ। ਪਹਿਲੀ ਮਾਰਚ, 2020 ਤੋਂ ਪਹਿਲੀ ਮਾਰਚ, 2021 ਦਰਮਿਆਨ ਪ੍ਰੋਵਿੰਸ ਵਿੱਚ 76 ਫੀ ਸਦੀ ਮਰੀਜ਼ਾਂ ਦੀ ਸਰਜਰੀ ਕੀਤੀ ਗਈ।

ਇਸ ਤੋਂ ਇਲਾਵਾ ਅਪਰੈਲ 2020 ਤੋਂ ਮਾਰਚ 2021 ਦਰਮਿਆਨ ਓਨਟਾਰੀਓ ਦੇ ਹਸਪਤਾਲਾਂ ਵਿੱਚ 465000 ਸਰਜਰੀਜ਼ ਕੀਤੀਆਂ ਗਈਆਂ।

# ਮੰਤਰੀ ਰਾਣਾ ਸੋਢੀ ਦੇ ਵਿਰੁੱਧ ਸੁਨੀਲ ਜਾਖੜ ਦੀ ਚਿੱਠੀ ਕਾਂਗਰਸ ਲਈ ਨਵੀਂ ਸਿਰਦਰਦੀ ਬਣਨ ਲੱਗੀ

* ਜਾਖੜ ਨੇ ਸੋਢੀ ਨੂੰ ਪਾਰਟੀ ਵਿੱਚੋਂ ਕੱਢਣ ਦੀ ਮੰਗ ਚੁੱਕੀ



ਚੰਡੀਗੜ੍ਹ, 29 ਜੁਲਾਈ, (ਪੋਸਟ ਬਿਊਰੋ)- ਪੰਜਾਬ ਕਾਂਗਰਸਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਦੀ ਕੁਲ ਹਿੰਦ ਕਾਂਗਰਸ ਦੇ ਜਨਰਲ ਸੈਕਟਰੀ ਕੇ ਸੀ ਵੇਣੂਗੋਪਾਲ ਨੂੰ ਲਿਖੀ ਚਿੱਠੀਇਸ ਪਾਰਟੀ ਲਈ ਨਵੀਂ ਸਿਰਦਰਦੀ ਬਣਨ ਲੱਗੀ ਹੈ। ਪ੍ਰਧਾਨ ਹੁੰਦਿਆਂ ਸੁਨੀਲ ਜਾਖੜ ਵੱਲੋਂ ਲਿਖੀ ਹੋਈ ਇਸਚਿੱਠੀਵਿੱਚ ਕੈਬਿਨੇਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਪਾਰਟੀ ਤੋਂ ਕੱਢਣ ਦੀ ਮੰਗ ਕਰਦਿਆਂ ਉਸ ਉੱਤੇ ਕਾਂਗਰਸ ਵਿਰੋਧੀ ਗਤੀਵਿਧੀਆਂ ਦਾ ਦੋਸ਼ ਲਾਇਆ ਗਿਆ ਹੈ।

ਜ਼ਮੀਨਾਂ ਦੇ ਦੋਹਰੇ ਮੁਆਵਜ਼ੇ ਵਿੱਚ ਗੜਬੜੌਬਾਰੇ ਜਾਖੜ ਵੱਲੋਂ ਲਿਖੀ ਗਈ ਇਸ ਚਿੱਠੀਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਰਾਣਾ ਗੁਰਮੀਤ ਸਿੰਘ ਸੋਢੀ ਦੇ ਖਿਲਾਫ 1.83 ਕਰੋੜ ਰੁਪਏ ਦੀ ਵਸੂਲੀ ਦਾ ਕੇਸ ਦਰਜ ਕਰ ਰਹੀ ਹੈ ਤੇ ਸਰਕਾਰ ਦੇ ਇੱਕ ਵਿਭਾਗ ਨੇ ਰਾਣਾ ਗੁਰਮੀਤ ਸਿੰਘ ਸੋਢੀ ਅਤੇ ਉਸਦੇ ਪਰਿਵਾਰ ਵਿਰੁੱਧਇਸ ਰਾਜ ਦੀ ਸਰਕਾਰ ਨਾਲ ਧੋਖਾ ਦੇਣ ਬਦਲੇ ਅਪਰਾਧਕ ਕਾਰਵਾਈ ਦੀ ਮੰਗ ਕੀਤੀ ਹੈ।ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਰਾਣਾ ਸੋਢੀ ਦੇ ਪਰਵਾਰ ਤੋਂ ਰਿਕਵਰੀ ਦੀ ਰਕਮ ਨੂੰ ਸਿਰਫਛੋਟਾ ਅਤੇ ਮੁੱਢਲਾ ਕਦਮ ਕਹਿ ਕੇਦੋਸ਼ ਲਾਇਆ ਕਿ ਸੋਢੀ ਨੇ ‘ਪਿਛਲੀ ਅਕਾਲੀ-ਭਾਜਪਾ ਸਰਕਾਰ ਦੀ ਮਦਦ ਨਾਲ ਤੱਥਾਂ ਨੂੰ ਛੁਪਾ ਕੇ ਅਤੇ ਗਲਤ ਬਿਆਨ ਦੇ ਕੇ ਇੱਕੋ ਜ਼ਮੀਨ ਦਾ ਸਰਕਾਰ ਤੋਂ ਦੋਹਰੀ ਵਾਰ ਮੁਆਵਜ਼ਾ ਲੈ ਲਿਆ ਸੀ। ਇਸ ਕੇਸਵਿੱਚ ਸੁਪਰੀਮ ਕੋਰਟ ਨੇ ਪਿੱਛੇ ਜਿਹੇਰਾਣਾ ਗੁਰਮੀਤ ਸਿੰਘ ਸੋਢੀ ਨੂੰ ਨੋਟਿਸ ਵੀ ਜਾਰੀ ਕੀਤਾ ਹੈ, ਜਿਸ ਬਾਰੇ ਕਾਰਵਾਈ ਚੱਲ ਰਹੀ ਹੈ।

ਅਸਲ ਵਿੱਚ ਸੋਢੀ ਪਰਵਾਰ ਦੀ 11 ਏਕੜ ਜ਼ਮੀਨ ਸਭ ਤੋਂ ਪਹਿਲਾਂ ਸੰਨ 1962 ਵਿੱਚ ਲੋਕ ਨਿਰਮਾਣ ਵਿਭਾਗ (ਪੀ ਡਬਲਿਊ ਡੀ) ਨੇ ਐਕਵਾਇਰ ਕੀਤੀ ਤੇ ਫਿਰ 2013 ਵਿੱਚ ਉਹੀ ਜ਼ਮੀਨ ਐਕੁਆਇਰ ਕੀਤੀ ਸੀ।ਸਾਲ 1962 ਤੇ 2014 ਵਿੱਚ ਉਸ ਨੇ ਸਰਕਾਰ ਤੋਂਦੋਹਰਾ ਮੁਆਵਜ਼ਾ ਲੈ ਲਿਆ ਤੇ ਫਿਰਤੀਜੀ ਵਾਰ ਨਵੀਂ ਜ਼ਮੀਨ ਪ੍ਰਾਪਤੀ ਐਕਟ ਹੇਠ 77 ਕਰੋੜ ਰੁਪਏ ਮੁਆਵਜ਼ੇ ਦੀ ਮੰਗ ਕਰ ਦਿੱਤੀ ਸੀ। ਇਹ ਕੇਸ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਹਮਣੇ ਆਇਆ ਤਾਂ ਉਨ੍ਹਾਂ ਨੇ ਖ਼ੁਦ ਇਸ ਦੇ ਖਿਲਾਫ ਜਾਂਚਦੇ ਆਦੇਸ਼ ਦਿੱਤੇ ਸਨ। ਜਾਖੜ ਨੇ ਕਿਹਾ ਕਿ ਜੇ ਕੋਰਟ ਸੋਢੀ ਦੇ ਹੱਕ ਵਿੱਚ ਫੈਸਲਾ ਦੇ ਦੇਵੇ ਤਾਂ ਇਹ ਅਗਲੀਆਂ ਚੋਣਾਂ ਵਿੱਚ ਕਾਂਗਰਸ ਦੇ ਅਕਸ ਨੂੰ ਬੜੀ ਢਾਹ ਲਾਵੇਗਾ। ਉਨ੍ਹਾਂ ਕਿਹਾ ਕਿ ਸੰਗਰੂਰ ਅਤੇ ਪਾਤੜਾਂ ਖੇਤਰ ਦੇ ਕਿਸਾਨ ਮੁਆਵਜ਼ੇ ਦੀ ਰਕਮ ਪ੍ਰਤੀ ਏਕੜ 40 ਲੱਖ ਤੋਂ ਵਧਾ ਕੇ 70 ਲੱਖ ਰੁਪਏ ਕਰਨ ਦਾ ਵਿਰੋਧ ਕਰਦੇ ਤੇ ਹੋਰ ਮੰਗਦੇ ਹਨ,ਜਿਨ੍ਹਾਂ ਦੀ ਜ਼ਮੀਨ ਦਿੱਲੀ-ਕਟਰਾ ਹਾਈਵੇ ਲਈ ਐਕਵਾਇਰ ਕੀਤੀ ਜਾਣੀ ਹੈ ਅਤੇ ਉਹ ਜ਼ਮੀਨ ਰਾਣਾ ਗੁਰਮੀਤ ਸਿੰਘ ਸੋਢੀ ਦੀ ਪੱਟੀ ਮੋਹਨ ਕੇ ਉਤਾੜ ਪਿੰਡ ਦੀ ਜ਼ਮੀਨ ਤੋਂ ਮਹਿੰਗੀ ਵੀਹੈ। ਇਸ ਚਿੱਠੀਵਿੱਚਪੁੱਛਿਆ ਗਿਆ ਹੈ ਕਿ ਇੱਕ ਲਿੰਕ ਰੋਡ ਨੇੜੇ ਇਸ ਜ਼ਮੀਨ ਦਾ ਕੁਲੈਕਟਰ ਰੇਟ ਅੱਜ ਵੀ 6 ਲੱਖ 72 ਹਜ਼ਾਰ 300 ਰੁਪਏ ਪ੍ਰਤੀ ਏਕੜ ਹੈਤੇ ਜੇ ਕੀਤੀ ਮੰਗ ਮੁਤਾਬਕ ਰਾਣਾ ਗੁਰਮੀਤ ਸਿੰਘ ਸੋਢੀ ਇਸ ਦੇ 7 ਕਰੋੜ ਰੁਪਏ ਏਕੜ ਦੇ ਲੈਣ ਵਿੱਚ ਸਫਲ ਗਿਆ ਤਾਂ ਪੰਜਾਬ ਦਾਕੌਣ ਕਿਸਾਨ ਆਪਣੀ ਜ਼ਮੀਨ ਇਸ ਤੋਂ ਸਸਤੀ ਦੇਵੇਗਾ?

ਇਸ ਦੇ ਨਾਲ ਸੁਨੀਲ ਜਾਖੜ ਨੇ ਜ਼ੋਰ ਦੇ ਕੇ ਕਿਹਾ ਕਿ ਕੇਸਨੰਗਾ ਹੋਣ ਉੱਤੇ ਅਕਾਲੀ ਦਲ ਨੇ ਇਸ ਦਾ ਵਿਰੋਧ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਦੋਹਰੇ ਮੁਆਵਜ਼ੇ ਦਾ ਮੁੱਦਾ 2007 ਅਤੇ 2017 ਵਿਚ ਉੱਭਰਿਆ ਸੀ ਅਤੇ ਓਦੋਂ ਅਕਾਲੀ-ਭਾਜਪਾ ਸਰਕਾਰ ਸੀ, ਜਿਸ ਦੇ ਉੱਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਕਹਿਣ ਉੱਤੇਪੀ ਡਬਲਿਊ ਡੀ ਨੇ ਇਹ ਗੱਲ ਨਜ਼ਰਅੰਦਾਜ਼ ਕੀਤੀ ਸੀ ਕਿ ਜ਼ਮੀਨ 1962 ਵਿੱਚ ਐਕਵਾਇਰ ਕਰ ਕੇ 31 ਜਨਵਰੀ 1962 ਨੂੰ ਨੋਟੀਫਿਕੇਸ਼ਨ ਜਾਰੀ ਹੋ ਗਏ ਸਨ ਤਾਂ ਦੋਬਾਰਾ ਇਹ ਜ਼ਮੀਨ ਅਕੁਆਇਰ ਕਿਵੇਂ ਹੋ ਗਈ? ਸੁਨੀਲ ਜਾਖੜ ਨੇ ਸੋਢੀ ਨੂੰ 2015 ਵਿੱਚਅਕਾਲੀ-ਭਾਜਪਾ ਸਰਕਾਰ ਵੱਲੋਂ ਦਿੱਤੇ ਗਏ ਡਿਸਟਿਲਰੀ ਲਾਉਣ ਦੇ ਲਾਇਸੈਂਸ ਦਾ ਮੁੱਦਾ ਵੀ ਚੁੱਕਿਆ ਹੈ।

# ਪੰਜਾਬ ਸਰਕਾਰ ਵੱਲੋਂ ਬਾਦਲਾਂ ਦੀਆਂ ਬਸਾਂ ਦਾ ਸ਼ਿਕੰਜਾ ਕੱਸਣਾ ਸ਼ੁਰੂ

* ਕਾਂਗਰਸ ਦਾ 18 ਨੁਕਾਤੀ ਪ੍ਰੋਗਰਾਮ ਲਾਗੂ ਕੀਤਾ ਜਾਣ ਲੱਗਾ * ਅਕਾਲੀ ਦਲ ਨੇ ਬਦਲੇ ਦੀ ਭਾਵਨਾ ਦਾ ਦੋਸ਼ ਲਾਇਆ



ਚੰਡੀਗੜ੍ਹ, 29 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਕਾਂਗਰਸ ਹਾਈ ਕਮਾਂਡ ਦੇ ਦਿੱਤੇ ਹੋਏ 18-ਨੁਕਾਤੀ ਪ੍ਰੋਗਰਾਮ ਉੱਤੇ ਅਮਲ ਦਾ ਕੰਮ ਸ਼ੁਰੂ ਕਰ ਦਿੱਤਾ ਹੈ, ਜਿਸ ਵਿੱਚਅਕਾਲੀ-ਭਾਜਪਾ ਸਰਕਾਰ ਵੱਲੋਂ ਬਿਜਲੀ ਕੰਪਨੀਆਂ ਨਾਲ ਕੀਤੇ ਸਮਝੌਤੇ ਰੱਦ ਕਰਨਾ ਅਤੇ ਇਸ ਪਿੱਛੋਂ ਬਾਦਲ ਪਰਿਵਾਰ ਦੀਆਂ ਬੱਸਾਂ ਉੱਤੇ ਸ਼ਿਕੰਜਾ ਕੱਸਣਾ ਸ਼ਾਮਲ ਹੈ। ਪੰਜਾਬ ਸਰਕਾਰ ਨੇ ਇਸ ਸੰਬੰਧਵਿੱਚ ਕੁਝ ਕਾਰਵਾਈ ਸ਼ੁਰੂ ਕੀਤੀ ਹੈ ਤਾਂ ਇਸ ਨੂੰ ਅਕਾਲੀ ਦਲ ਨੇ ਬਦਲਾ ਲੈਣ ਲਈ ਸਿਆਸੀ ਪੱਖ ਤੋਂ ਕੀਤੀ ਕਾਰਵਾਈ ਕਰਾਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਕਾਰਨ ਪੰਜਾਬ ਸਰਕਾਰ ਨੂੰ ਕਾਂਗਰਸ ਹਾਈਕਮਾਂਡ ਨੇ ਪਿੱਛੇ ਜਿਹੇ ਇੱਕ 18-ਨੁਕਾਤੀ ਪ੍ਰੋਗਰਾਮ ਅਮਲ ਕਰਨ ਲਈ ਦੇ ਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਉੱਤੇ ਕਾਰਵਾਈ ਕਰਨ ਨੂੰ ਕਿਹਾ ਸੀ। ਪੰਜਾਬ ਦੇ ਸਾਬਕਾ ਮੰਤਰੀ ਤੇ ਸੂਬਾਈ ਕਾਂਗਰਸ ਦੇ ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵੀ ਆਪਣੀ ਪਾਰਟੀ ਦੀ ਰਾਜ ਸਰਕਾਰ ਨੂੰ ਕਈ ਮੁੱਦਿਆਂ ਉੱਤੇਚੰਡਿਆ ਸੀ, ਜਿਨ੍ਹਾਂ ਵਿੱਚ ਬਿਜਲੀ ਸਮਝੌਤੇ ਤੇ ਬਾਦਲ ਪਰਿਵਾਰ ਦੀਆਂ ਬੱਸਾਂ ਦੇ ਪਰਮਿਟ ਅਹਿਮ ਮੁੱਦੇ ਸਨ। ਪਿਛਲੇ ਦੋ ਦਿਨਾਂ ਤੋਂਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਇਨ੍ਹਾਂ ਦੋਵਾਂ ਮੁੱਦਿਆਂ ਉੱਤੇ ਕਾਰਵਾਈ ਸ਼ੁਰੂ ਕੀਤੀ ਹੈ, ਜਿਸ ਹੇਠ ਪੰਜਾਬ ਦੇ ਟਰਾਂਸਪੋਰਟ ਵਿਭਾਗ ਨੇ ਬਾਦਲ ਪਰਵਾਰ ਦੀਆਂ 400 ਬੱਸਾਂ ਸਮੇਤ ਕੁੱਲ 806 ਬੱਸਾਂ ਦੇ ਗ਼ੈਰ-ਕਾਨੂੰਨੀ ਵਧਾਏ ਗਏ ਪਰਮਿਟ ਰੱਦ ਕਰਨ ਦਾਕੰਮ ਸ਼ੁਰੂ ਕਰ ਦਿੱਤਾ ਹੈ। ਪੰਜਾਬ ਸਰਕਾਰ ਦੀ ਇਸ ਕਾਰਵਾਈਬਾਰੇ ਅਕਾਲੀ ਦਲ ਦੇ ਆਗੂਤੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬਾਦਲ ਪਰਿਵਾਰ ਉੱਤੇ ਲਾਏ ਜਾਂਦੇ ਦੋਸ਼ ਗਲਤ ਹਨ। ਉਨ੍ਹਾਂ ਨੇ ਕਿਹਾ ਕਿ ਸਾਢੇ 4 ਸਾਲ ਸਰਕਾਰ ਨੇ ਕੁਝ ਨਹੀਂ ਕੀਤਾ ਅਤੇ ਜਦੋਂ ਚੋਣ ਨੇੜੇ ਆਈ ਹੈ ਤਾਂ ਬਦਲੇ ਦੀ ਸੋਚ ਨਾਲ ਬਾਦਲ ਪਰਿਵਾਰ ਨੂੰ ਬਦਨਾਮ ਕੀਤਾ ਜਾ ਰਿਹਾ ਹੈ।

ਦੂਸਰੇ ਪਾਸੇ ਕਾਂਗਰਸੀ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਤੇ ਪਰਮਿੰਦਰ ਸਿੰਘ ਪਿੰਕੀ ਨੇ ਇਸ ਬਾਰੇ ਕਿਹਾ ਕਿ ਸਰਕਾਰ ਇਹ ਕਾਰਵਾਈ ਸਾਢੇ ਚਾਰ ਸਾਲ ਬਾਅਦ ਬਹੁਤ ਦੇਰ ਨਾਲ ਕਰ ਰਹੀ ਹੈ, ਜਿਵੇਂ ਬਿਜਲੀ ਸਮਝੌਤੇ ਅਕਾਲੀ ਸਰਕਾਰ ਦੌਰਾਨ ਹੋਏ ਅਤੇ ਗ਼ੈਰ-ਕਾਨੂੰਨੀ ਪਰਮਿਟਾਂ ਨਾਲ ਬਸਾਂ ਚੱਲਦੀਆਂ ਸਨ, ਉਨ੍ਹਾਂ ਉੱਤੇ ਪਹਿਲਾਂ ਕਾਰਵਾਈ ਹੋਣੀ ਚਾਹੀਦੀ ਸੀ, ਅੱਜ ਜਦੋਂ ਕਾਰਵਾਈ ਹੋ ਰਹੀ ਹੈ ਤਾਂ ਉਹ ਆਸ ਕਰਦੇ ਹਨ ਕਿ ਜੋ ਸਾਰੇ ਵਿਧਾਇਕ ਅਤੇ ਕਾਂਗਰਸੀ ਆਗੂ ਇਨ੍ਹਾਂ ਮੁੱਦਿਆਂ ਨੂੰ ਚੁੱਕਦੇ ਸਨ, ਉਹ ਹੱਲ ਹੁੰਦਾ ਮਹਿਸੂਸ ਕਰਨਗੇ।

# ਭਾਰਤੀ ਪਾਰਲੀਮੈਂਟ ਵਿੱਚ ਕਈ ਬਿੱਲ ਵਿਰੋਧੀ ਧਿਰਾਂ ਦੇ ਹੰਗਾਮੇ ਦੌਰਾਨ ਪਾਸ



ਨਵੀਂ ਦਿੱਲੀ, 29 ਜੁਲਾਈ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਅੱਜ ਵੀਰਵਾਰ ਨੂੰ ਵੀਪੈਗਾਸਸ ਜਾਸੂਸੀ ਕਾਂਡ ਦੀ ਜਾਂਚ ਦੀ ਮੰਗ ਚੁੱਕ ਕੇ ਵਿਰੋਧੀ ਦਲਾਂ ਨੇ ਚੱਲਣ ਨਹੀਂ ਦਿੱਤੀ ਅਤੇਹੰਗਾਮੇ ਕਾਰਨ ਦੋਵੇਂ ਸਦਨਾਂ ਦਾ ਕੰਮ ਰੱਦ ਕਰਨਾ ਪਿਆ। ਵਿਰੋਧੀ ਧਿਰ ਨੇ ਸਾਫ ਕਰ ਦਿੱਤਾ ਹੈ ਕਿ ਜਦੋਂ ਤਕ ਸਰਕਾਰ ਬਹਿਸ ਕਰਨ ਲਈ ਰਾਜ਼ੀ ਨਹੀਂ ਹੋਵੇਗੀ, ਤਦ ਤਕ ਪਾਰਲੀਮੈਂਟ ਵਿੱਚ ਹੰਗਾਮਾ ਨਹੀਂ ਰੁਕੇਗਾ। ਲੋਕਸਭਾ ਸਪੀਕਰ ਓਮ ਬਿਰਲਾ ਨੇ ਪਾਰਲੀਮੈਂਟਵਿੱਚ ਹੰਗਾਮਾ ਕਰਦੇਮੈਂਬਰਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਏਦਾਂ ਹੀ ਹੁੰਦਾ ਰਿਹਾ ਤਾਂ ਮੈਂਬਰਾਂ ਖ਼ਿਲਾਫ਼ ਕਾਰਵਾਈ ਕਰਨੀ ਹੋਵੇਗੀ।

ਇਸ ਦੌਰਾਨ ਸਰਕਾਰ ਨੇ ਅੱਜ ਲੋਕਸਭਾਵਿੱਚ ਦੋ ਹੋਰ ਬਿੱਲ ਅਤੇ ਰਾਜਸਭਾਵਿੱਚ ਇਕ ਬਿੱਲ ਪਾਸ ਕਰਵਾ ਕੇ ਸਾਫ਼ ਸੰਦੇਸ਼ ਦੇ ਦਿੱਤਾ ਹੈ ਕਿ ਵਿਰੋਧੀਆਂ ਦੇ ਕਿਸੇ ਦਬਾਅ ਦੀ ਉਸਨੂੰ ਪ੍ਰਵਾਹ ਨਹੀਂ। ਅੱਜ ਲੋਕ ਸਭਾਵਿੱਚ ਭਾਰੀ ਹੰਗਾਮੇ ਦੌਰਾਨ ‘ਦਿ ਏਅਰਪੋਰਟਸ ਇਕਨਾਮਿਕ ਰੈਗੂਲੇਟਰੀ ਅਥਾਰਟੀ ਆਫ ਇੰਡੀਆ (ਸੋਧ) ਬਿੱਲ’ ਅਤੇ ‘ਫੈਕਟਰ ਰੈਗੂਲੇਸ਼ਨ (ਸੋਧ) ਬਿੱਲ 2021’ ਪਾਸ ਕਰ ਦਿੱਤਾ ਗਿਆ ਹੈ। ਵਿਰੋਧੀਆਂ ਦੇ ਹੰਗਾਮੇ ਦੌਰਾਨ ਕੋਕੋਨਟ ਡਿਵੈਲਪਮੈਂਟ ਬੋਰਡ (ਸੋਧ) ਬਿੱਲ 2021 ਵੀ ਰਾਜ ਸਭਾਵਿੱਚ ਪਾਸ ਹੋ ਗਿਆ ਅਤੇ ਫਿਰ ਰਾਜ ਸਭਾ ਭਲਕ ਤੱਕ ਮੁਲਤਵੀ ਕਰ ਦਿੱਤੀ ਗਈ।ਲੋਕਸਭਾ ਸਪੀਕਰ ਓਮ ਬਿਰਲਾ ਨੇ ਸਦਨਵਿੱਚ ਹੰਗਾਮਾ ਕਰਦੇ ਮੈਂਬਰਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਏਦਾਂ ਹੀ ਚੱਲਦਾ ਹੈ ਤਾਂ ਮੈਨੂੰ ਸਦਨ ਦੀ ਮਰਿਯਾਦਾ ਕਾਇਮ ਰੱਖਣ ਲਈ ਉਨ੍ਹਾਂ ਮੈਂਬਰਾਂ ਦੇ ਖ਼ਿਲਾਫ਼ ਕਾਰਵਾਈ ਕਰਨੀ ਹੋਵੇਗੀ।ਅੱਜ ਵਿਰੋਧੀ ਪਾਰਲੀਮੈਂਟ ਮੈਂਬਰ ਸਦਨ ਦੇ ਵੈੱਲ ਕੋਲ ਜਮ੍ਹਾਂ ਹੋ ਗਏ ਅਤੇ ਵੱਖ-ਵੱਖ ਮੁੱਦਿਆਂ ਉੱਤੇ ਵਿਰੋਧ ਕਰਦੇ ਰਹੇ ਸਨ। ਇਸਤੋਂ ਬਾਅਦ ਰਾਜਸਭਾ ਅਤੇ ਲੋਕਸਭਾ ਦੋਵਾਂ ਦੀ ਕਾਰਵਾਈ ਮੁਲਤਵੀ ਕਰਨੀ ਪਈ ਸੀ।

## ਨਹਿਰ ਵਿੱਚ ਡਿੱਗਣ ਕਾਰਨ ਦੋ ਨੌਜਵਾਨਾਂ ਦੀ ਮੌਤ

ਗੁਰਦਾਸਪੁਰ, 29 ਜੁਲਾਈ (ਪੋਸਟ ਬਿਊਰੋ)- ਲੁਧਿਆਣਾ-ਸਿਧਵਾਂ ਨਹਿਰ ਵਿੱਚ ਡਿੱਗਣ ਕਾਰਨ ਦੋ ਨੌਜਵਾਨਾਂ ਦੀ ਮੌਤ ਤੇ ਇੱਕ ਦੇ ਵਾਲ-ਵਾਲ ਬਚ ਜਾਣ ਦੀ ਖ਼ਬਰ ਮਿਲੀ ਹੈ।

ਮ੍ਰਿਤਕ ਨੌਜਵਾਨ ਦੇ ਦਾਦਾ ਜੋਗਿੰਦਰ ਸਿੰਘ ਅਤੇ ਚਾਚਾ ਬਲਜਿੰ-ਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਪ੍ਰਭਜੋਤ ਸਿੰਘ ਪੁੱਤਰ ਜਤਵਿੰ-ਦਰਪਾਲ ਸਿੰਘ ਪ੍ਰਵਾਸੀ ਭਾਰਤੀ ਵਾਸੀ ਪੁੱਲ ਤਿੱਬੜੀ ਆਪਣੇ ਹੋਰ ਸਾਥੀਆਂ ਨਾਲ ਘੁੰਮਣ ਫਿਰਨ ਗਿਆ ਸੀ ਅਤੇ ਲੁਧਿਆਣਾ ਨੇੜੇ ਵਗਦੀ ਸਿਧਵਾਂ ਕੈਨਾਲ ਨਹਿਰ ਵਿੱਚ ਉਨ੍ਹਾਂ ਦੀ ਕਾਰ ਅਚਾਨਕ ਡਿੱਗ ਪਈ ਅਤੇ ਦੋ ਨੌਜਵਾਨਾਂ ਦੀ ਮੌਤ ਹੋ ਗਈ ਤੇ ਰਾਹੁਲ ਚੰਡੀਗੜ੍ਹ ਬਚ ਗਿਆ। ਉਨ੍ਹਾਂ ਦੱਸਿਆ ਕਿ ਮ੍ਰਿਤਕ ਪ੍ਰਭਜੋਤ ਸਿੰਘ (18) ਦੇ ਪਿਤਾ ਇਟਲੀ ਵਿੱਚ ਰਹਿੰਦੇ ਹਨ।

# ਜਲੰਧਰ ਪਹੁੰਚੇ ਨਵਜੋਤ ਸਿੱਧੂ ਖੇਤੀ ਕਾਨੂੰਨਾਂ ਸਣੇ ਕਈ ਮੁੱਦਿਆਂ ਬਾਰੇ ਬੇਬਾਕ ਬੋਲੇ



ਜਲੰਧਰ, 29 ਜੁਲਾਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ ਪਿੱਛੋਂ ਨਵਜੋਤ ਸਿੰਘ ਸਿੱਧੂ ਅੱਜ ਪਹਿਲੀ ਵਾਰ ਜਲੰਧਰ ਪਹੁੰਚੇ ਅਤੇ ਕਾਂਗਰਸੀ ਆਗੂਆਂ ਅਤੇ ਵਿਧਾਇਕਾਂ ਨਾਲ ਮੀਟਿੰਗ ਕੀਤੀ, ਜਿੱਥੇ ਕਾਰਜਕਾਰੀ ਪ੍ਰਧਾਨ ਸੰਗਤ ਸਿੰਘ ਗਿਲਜ਼ੀਆਂ ਅਤੇ ਵਿਧਾਇਕ ਪਰਗਟ ਸਿੰਘ ਵੀ ਉਨ੍ਹਾਂ ਦੇ ਨਾਲ ਸਨ।

ਇਸੇ ਮੌਕੇ ਨਵਜੋਤ ਸਿੰਘ ਸਿੱਧੂ ਨੇ ਇਕ ਵਾਰ ਫਿਰ ਖੇਤੀ ਕਾਨੂੰਨਾਂ ਖ਼ਿਲਾਫ਼ ਕਿਹਾ ਕਿ ਕੇਂਦਰ ਦੀ ਸਰਕਾਰ ਵੱਲੋਂ ਲਿਆਂਦੇ ਤਿੰਨੇ ਖੇਤੀ ਕਾਨੂੰਨ ਰੱਦ ਕਰਵਾ ਕੇ ਰਹਾਂਗੇ। ਉਨ੍ਹਾਂ ਨੇ ਖੇਤੀਬਾੜੀ ਸੁਧਾਰ ਕਾਨੂੰਨਾਂ ਨੂੰ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਦੱਸ ਕੇ ਕਿਹਾ ਕਿ ਮੋਦੀ ਸਰਕਾਰ ਸੂਬੇ ਦੇ ਅਧਿਕਾਰ ਵਰਤਣ ਤੁਰ ਰਹੀ ਹੈ, ਉਸ ਬਾਰੇ ਨਵਾਂ ਕਾਨੂੰਨ ਬਣਨਾ ਚਾਹੀਦਾ ਹੈ ਕਿ ਇੰਜ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਖੇਤੀਬਾੜੀ ਰਾਜ ਸਰਕਾਰ ਦਾ ਵਿਸ਼ਾ ਹੁੰਦਾ ਹੈ, ਵਪਾਰ ਦੇ ਬਹਾਨੇ ਰਾਜ ਸਰਕਾਰ ਦੇ ਅਧਿਕਾਰ ਖੋਹੇ ਗਏ ਹਨ। ਸਿੱਧੂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਇਨ੍ਹਾਂ ਕਾਨੂੰਨ ਵਿਚ ਸੋਧ ਕਰਨ ਦੀ ਬਜਾਏ ਸਤਲੁਜ ਜਮਨਾ ਲਿੰਕ (ਐੱਸ ਵਾਈ ਐੱਲ) ਨਹਿਰ ਦੇ ਮੁੱਦੇ ਵਾਂਗ ਸਟੈਂਡ ਲੈ ਕੇ ਉਨ੍ਹਾਂ ਕਾਨੂੰਨਾਂ ਨੂੰ ਸਿਰੇ ਤੋਂ ਰੱਦ ਦੇਣ।ਉਨ੍ਹਾ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਕੀਤੇ ਨੁਕਸਾਨ ਵਾਲੇ ਬਿਜਲੀ ਦੇ ਮਹਿੰਗੇ ਸਮਝੌਤੇ ਰੱਦਕਰ ਦੇਣੇ ਚਾਹੀਦੇ ਹਨ, ਜਿਨ੍ਹਾਂ ਫਿਕਸਡ ਚਾਰਜ ਪੀਕ ਸਮੇਂ, ਜਦੋਂ ਪੰਜਾਬ ਵਿੱਚ ਝੋਨੇ ਦੀ ਲਵਾਈ ਹੁੰਦੀ ਹੈ, ਨਾਲਮਿਥੇ ਗਏ ਸਨ, ਪਰ ਸਰਦੀਆਂ ਵਿੱਚ ਇਹ ਮੰਗ ਘਟ ਜਾਣ ਉੱਤੇ ਵੀ ਮਿਥੇ ਪੈਸੇ ਪਾਵਰ ਪਲਾਂਟਾਂ ਨੂੰ ਦੇਣੇ ਪੈਂਦੇ ਹਨ।

ਨਵਜੋਤ ਸਿੰਘ ਸਿੱਧੂ ਨੇ ਦਿੱਲੀਦੀ ਆਮ ਆਦਮੀ ਪਾਰਟੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਦੇ ਬਿਜਲੀ ਮਾਡਲ ਦੀ ਅਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ, ਪੱਛੜੇ ਵਰਗ, ਗਰੀਬੀ ਰੇਖਾ ਤੋਂ ਹੇਠਾਂ ਵੱਸਣ ਵਾਲੇ (ਬੀ ਪੀ ਐੱਲ) ਪਰਿਵਾਰਾਂ ਆਦਿ ਨੂੰ 10 ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਦਿੰਦੀ ਹੈ,ਦਿੱਲੀਮਸਾਂ 1700 ਕਰੋੜ ਰੁਪਏ ਦੀ ਸਬਸਿਡੀ ਦਿੰਦੀ ਹੈ ਅਤੇ ਪੰਜਾਬ ਵਿਚ ਉਦਯੋਗਿਕ ਅਤੇ ਵਪਾਰਕ ਬਿਜਲੀ ਵੀਦਿੱਲੀਤੋਂ ਸਸਤੀ ਹੈ। ਨਸ਼ੇ ਦੇ ਮੁੱਦੇਬਾਰੇ ਨਵਜੋਤ ਸਿੰਘਸਿੱਧੂ ਨੇ ਕਿਹਾ ਕਿ ਸਪੈਸ਼ਲ ਟਾਸਕ ਫੋਰਸ ਵੱਲੋਂ ਨਾਮਜ਼ਦ ਕੀਤੇ ਵੱਡੇ ਮਗਰਮੱਛ ਫੜਨੇ ਚਾਹੀਦੇ ਹੈ।ਕੁਝ ਨਸ਼ਾ ਤਸਕਰ ਸੱਤਾ ਵਿਚਲੇ ਵੱਡੇ ਮਗਰਮੱਛ ਦੇ ਨਾਲ ਲਾਲ ਗੱਡੀਆਂ ਵਿਚ ਘੁੰਮਦੇ ਸਨ, ਅੱਜ ਉਨ੍ਹਾਂ ਸਾਰਿਆਂ ਦੇ ਲਿਫ਼ਾਫ਼ੇ ਖੁੱਲ੍ਹਣੇ ਚਾਹੀਦੇ ਹਨ।ਸਿੱਧੂ ਨੇ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ।

## ਨਿੱਤ ਦੇ ਝਗੜੇ ਤੋਂ ਦੁਖੀ ਪੁੱਤਰ ਨੇ ਸ਼ਰਾਬੀ ਬਾਪ ਦੀ ਛਾਤੀ ’ਚ ਕਿਰਚ ਮਾਰ ਕੇ ਮਾਰ ਸੁੱਟਿਆ

ਫਾਜ਼ਿਲਕਾ, 29 ਜੁਲਾਈ (ਪੋਸਟ ਬਿਊਰੋ)- ਜਲਾਲਾਬਾਦ ਦੀ ਲੱਲਾ ਬਸਤੀ ਦੇ ਰਛਪਾਲ ਸਿੰਘ ਉਰਫ ਸੰਨੀ ਨੇ ਸ਼ਰਾਬ ਪੀ ਕੇ ਰੋਜ਼ ਉਸ ਦੀ ਮਾਂ ਤੇ ਉਸ ਨਾਲ ਝਗੜਾ ਕਰਨ ਵਾਲੇ ਆਪਣੇ ਪਿਤਾ ਕ੍ਰਿਪਾਲ ਸਿੰਘ ਦੀ ਛਾਤੀ ਉੱਤੇ ਕਿਰਚ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਅਤੇ ਅਗਲੇ ਦਿਨ ਖੁਦ ਹੀ ਜਲਾਲਾਬਾਦ ਦੀ ਥਾਣਾ ਸਿਟੀ ਪੁਲਸ ਅੱਗੇ ਸਰੰਡਰ ਕਰ ਦਿੱਤਾ। ਪੁਲਸ ਨੇ ਧਾਰਾ 302 ਦੇ ਤਹਿਤ ਮਾਮਲਾ ਦਰਜ ਕਰ ਕੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।

ਜਾਂਚ ਅਧਿਕਾਰੀ ਏ ਐਸ ਆਈ ਮਨਜੀਤ ਸਿੰਘ ਨੇ ਦੱਸਿਆ ਕਿ ਸਤਪਾਲ ਸਿੰਘ ਵਾਸੀ ਲੱਲਾ ਬਸਤੀ ਜਲਾਲਾਬਾਦ ਨੇ ਬਿਆਨ ਦਿੱਤੇ ਹਨ ਕਿ ਉਹ ਮੀਟ ਦਾ ਖੋਖਾ ਚਲਾਉਂਦਾ ਹੈ ਅਤੇ ਕ੍ਰਿਪਾਲ ਸਿੰਘ ਉਸ ਦਾ ਸੱਕਾ ਭਰਾ ਸੀ ਅਤੇ ਦੋਵਾਂ ਦੇ ਘਰ ਨਾਲ-ਨਾਲ ਹਨ। ਉਸ ਨੇ ਦੱਸਿਆ ਕਿ ਉਸ ਦਾ ਭਰਾ ਕ੍ਰਿਪਾਲ ਸਿੰਘ ਵਾਸੀ ਲੱਲਾ ਬਸਤੀ ਜਲਾਲਾਬਾਦ ਸ਼ਰਾਬ ਪੀ ਕੇ ਪੁੱਤਰ ਤੇ ਪਤਨੀ ਨਾਲ ਝਗੜਾ ਕਰਦਾ ਰਹਿੰਦਾ ਸੀ।

# ਗੈਂਗਸਟਰ ਦੀ ਜ਼ਮਾਨਤ ਤੋਂ ਨਾਂਹ ਕਰਨ ਵਾਲੇ ਜੱਜ ਦਾ ਸਵੇਰ ਦੀ ਸੈਰ ਦੌਰਾਨ ਕਤਲ

ਧਨਬਾਦ, 29 ਜੁਲਾਈ, (ਪੋਸਟ ਬਿਊਰੋ)- ਝਾਰਖੰਡ ਰਾਜ ਦੇ ਧਨਬਾਦ ਵਿੱਚ ਜ਼ਿਲਾ ਤੇ ਐਡੀਸ਼ਨਲ ਸੈਸ਼ਨ ਜੱਜ (ਏਡੀਜੇ) ਉੱਤਮ ਆਨੰਦ ਦੀ ਮੌਤ ਨੂੰ ਪਹਿਲਾਂ ਹਿੱਟ ਐਂਡ ਰੰਨ ਕੇਸ ਮੰਨਿਆ ਗਿਆ ਸੀ, ਪਰ ਇਸ ਘਟਨਾ ਦੇ ਸੀਸੀਟੀਵੀ ਫੁਟੇਜ ਜਾਰੀ ਹੋਣ ਤੋਂ ਬਾਅਦ ਇਹ ਸਾਜ਼ਿਸ਼ ਕਰ ਕੇ ਕੀਤਾ ਕਤਲ ਦਾ ਕੇਸ ਲੱਗਦਾ ਹੈ।

ਵਰਨਣ ਯੋਗ ਹੈ ਕਿ ਧਨਬਾਦ ਵਿੱਚ ਤਾਇਨਾਤ ਏ ਡੀ ਜੇ ਉੱਤਮ ਆਨੰਦ ਬੁੱਧਵਾਰ ਸਵੇਰੇ ਸੈਰ ਕਰ ਰਹੇ ਸਨ ਤਾਂ ਪਿੱਛੋਂ ਆਏ ਇੱਕ ਆਟੋ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਉਹ ਲਹੂ-ਲੁਹਾਣ ਹੋ ਕੇ ਡਿੱਗ ਗਏ ਸਨ।ਉਨ੍ਹਾਂ ਨੂੰ ਸ਼ਹੀਦ ਨਿਰਮਲ ਮਹਾਤੋ ਮੈਡੀਕਲ ਕਾਲਜ ਹਸਪਤਾਲ ਦਾਖਲ ਕਰਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ।ਇਸ ਦੇ ਬਾਅਦ ਸਾਹਮਣੇ ਆਏ ਸੀਸੀਟੀਵੀ ਫੁਟੇਜ ਦੀ ਜਾਂਚ ਤੋਂ ਸਾਫ ਹੋ ਗਿਆ ਕਿ ਟੱਕਰਜਾਣ-ਬੁੱਝ ਕੇ ਮਾਰੀ ਗਈ ਸੀਤੇ ਟੱਕਰ ਮਾਰਨ ਵਾਲਾ ਆਟੋ ਰਾਤ ਵੇਲੇ ਚੋਰੀ ਕੀਤਾ ਗਿਆ ਸੀ।ਸੀਸੀਟੀਵੀ ਫੁਟੇਜ ਤੋਂ ਸਾਫ਼ ਦਿਸਦਾ ਹੈ ਕਿ ਜੱਜ ਸੜਕ ਕੰਢੇ ਜਾ ਰਹੇ ਸਨਤੇ ਪਿੱਛੋਂ ਆ ਰਿਹਾ ਆਟੋ ਸਿੱਧਾ ਖਾਲੀ ਰੋਡਤੋਂ ਜੱਜ ਵੱਲ ਗਿਆ ਤੇ ਟੱਕਰ ਮਾਰੀ ਸੀ। ਚਾਰ ਸਕਿੰਟਾਂ ਵਿਚ ਵਾਪਰੀਇਸ ਘਟਨਾਤੋਂ ਬਾਅਦ ਆਟੋ ਚਲਾ ਗਿਆ ਅਤੇ ਜੱਜ ਉਥੇ ਲਹੂ-ਲੁਹਾਣ ਪਿਆ ਸੀ। ਪਿੱਛੋਂ ਹਜ਼ਾਰੀਬਾਗ ਜ਼ਿਲੇ ਦੇ ਵਸਨੀਕ ਜੱਜ ਉੱਤਮ ਅਨੰਦ ਦੇ ਕੋਲ ਧਨਬਾਦ ਸ਼ਹਿਰ ਵਿੱਚ ਗੈਂਗਸਟਰ ਅਮਨ ਸਿੰਘ ਸਮੇਤ 15 ਤੋਂ ਵੱਧ ਮਾਫੀਆ ਦੇ ਕੇਸ ਚੱਲਦੇ ਸਨ ਅਤੇ ਪਿੱਛੇ ਜਿਹੇ ਉਸਨੇ ਕਈ ਗੈਂਗਸਟਰਾਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰ ਦਿੱਤੀਆਂ ਸਨ। ਉਸਦੀ ਪਤਨੀ ਨੇ ਅਣਪਛਾਤੇ ਕਾਤਲ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ਹੈ।

ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵਿਕਾਸ ਸਿੰਘ ਨੇ ਸੁਪਰੀਮ ਕੋਰਟ ਤੋਂ ਝਾਰਖੰਡ ਦੇ ਧਨਬਾਦਵਿੱਚ ਏਡੀ ਜੇ ਉੱਤਮ ਆਨੰਦ ਦੇ ਕਤਲ ਦਾ ਆਪਣੇ-ਆਪ ਨੋਟਿਸ ਲੈਣ ਲਈ ਕਿਹਾ ਹੈ।ਚੀਫ ਜਸਟਿਸ ਐੱਨਵੀ ਰਮੰਨਾ ਦੀ ਅਗਵਾਈ ਵਾਲੇ ਬੈਂਚ ਅੱਗੇ ਵਿਕਰਮ ਸਿੰਘ ਨੇ ਕਿਹਾ ਕਿ ਜੇ ਕਿਸੇ ਗੈਂਗਸਟਰ ਦੀ ਜ਼ਮਾਨਤ ਰੱਦ ਕਰਨ ਪਿੱਛੋਂ ਏਦਾਂ ਜੱਜ ਦੀ ਹੱਤਿਆ ਕੀਤੀ ਜਾਂਦੀ ਹੈ ਤਾਂ ਇਹ ਨਿਆਂਪਾਲਿਕਾ ਲਈ ਖ਼ਤਰਨਾਕ ਹੈ।ਚੀਫ ਜਸਟਿਸ ਐੱਨਵੀ ਰਮੰਨਾ ਨੇ ਕਿਹਾ ਕਿ ਉਨ੍ਹਾਂ ਨੇ ਘਟਨਾ ਬਾਰੇ ਸਵੇਰੇ ਝਾਰਖੰਡ ਹਾਈ ਕੋਰਟ ਦੇ ਚੀਫ ਜਸਸਿਟ ਨਾਲ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਹਾਈ ਕੋਰਟ ਨੇ ਪੁਲਿਸ ਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਉਨ੍ਹਾਂ ਨੂੰ ਇਹ ਕੇਸ ਸੰਭਾਲਣ ਦਿਓ। ਇਸ ਪੜਾਅ ਉੱਤੇ ਸਾਡੇ ਦਸਤਖ਼ਤ ਦੀ ਅਜੇ ਜ਼ਰੂਰਤ ਨਹੀਂ ਜਾਪਦੀ।

ਏ ਡੀ ਜੇ ਉੱਤਮ ਆਨੰਦ ਦੀ ਹੱਤਿਆ ਦੇ ਕੇਸਵਿੱਚ ਆਟੋ ਚਾਲਕ ਲਖਨ ਵਰਮਾ ਅਤੇ ਉਸ ਦੇ ਸਹਿਯੋਗੀ ਰਾਹੁਲ ਵਰਮਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਲਖਨ ਨੇ ਮੰਨਿਆ ਹੈ ਕਿ ਉਸ ਨੇ ਆਟੋ ਨਾਲ ਜੱਜ ਨੂੰ ਟੱਕਰ ਮਾਰੀ ਸੀ। ਜਾਂਚਤੋਂ ਪਤਾ ਲੱਗਾ ਕਿ ਆਟੋ ਮੰਗਲਵਾਰ ਨੂੰ ਚੋਰੀ ਹੋਇਆ ਅਤੇ ਬੁੱਧਵਾਰ ਸਵੇਰੇ 5.08 ਵਜੇ ਉਸ ਨਾਲ ਜੱਜ ਉੱਤਮ ਆਨੰਦ ਨੂੰ ਟੱਕਰ ਮਾਰੀ ਗਈ। ਘਟਨਾ ਤੋਂ ਡੇਢ ਘੰਟੇ ਬਾਅਦ ਕੁਝ ਨੌਜਵਾਨਾਂ ਨੇ ਜੱਜ ਨੂੰ ਹਸਪਤਾਲ ਪੁਚਾਇਆ ਤੇ ਸਵੇਰੇ 9.30 ਵਜੇ ਉਨ੍ਹਾਂ ਦੀ ਮੌਤ ਹੋ ਗਈ। ਇਸ ਉੱਤੇ ਸੁਣਵਾਈ ਦੌਰਾਨ ਹਾਈਕੋਰਟ ਨੇ ਕਿਹਾ ਕਿ ਝਾਰਖੰਡਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਬਹੁਤ ਮਾੜੀ ਹੋ ਗਈ ਹੈ, ਜੇ ਇਸ ਕੇਸ ਦੀ ਜਾਂਚਵਿੱਚ ਕਿਸੇ ਵੀ ਸਮੇਂ ਅਜਿਹਾ ਲੱਗੇ ਕਿ ਕੋਤਾਹੀ ਹੋ ਰਹੀ ਹੈ ਤਾਂ ਇਸ ਕਤਲ ਕੇਸ ਨੂੰ ਸੀ ਬੀ ਆਈ ਨੂੰ ਸੌਂਪ ਦਿੱਤਾ ਜਾਵੇਗਾ।








# ਸੰਪਾਦਕੀ

## ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਸਿਫਾਰਸ਼ਾਂ

# ਕਿੰਨਾ ਕੁ ਹੋਵੇਗਾ ਪੁਲੀਸ ਦੇ ਕੰਮਕਾਜ ਵਿੱਚ ਸੁਧਾਰ

ਉਂਟੇਰੀਓ ਮਨੁੱਖੀ ਅਧਿਕਾਰ ਕਮਿਸ਼ਨ ਨੇ ਕੱਲ ਪੁਲੀਸ ਸਿਸਟਮ ਵਿੱਚ ਘਰ ਕਰ ਚੁੱਕੇ ਨਸਲਵਾਦ ਨੂੰ ਖਤਮ ਕਰਨ ਲਈ 10 ਨੁਕਾਤੀ ਪ੍ਰੋਗਰਾਮ ਲਾਗੂ ਕਰਨ ਲਈ ਇੱਕ ਫਰੇਮਵਰਕ ਜਾਰੀ ਕੀਤਾ ਹੈ। ਕਮਿਸ਼ਨ ਦਾ ਆਖਣਾ ਹੈ ਕਿ ਪੁਲੀਸ ਦੇ ਕੰਮਕਾਜ ਵਿੱਚ ਤਦਬੀਲੀ ਲਿਆਉਣ ਲਈ ਸਰਕਾਰ ਨੂੰ ਇੱਕ ਅਜਿਹਾ ਢਾਂਚਾ ਕਾਇਮ ਕਰਨਾ ਚਾਹੀਦਾ ਹੈ ਜਿਸਦੀ ਬੁਨਿਆਦ ਕਾਨੂੰਨ ਅਤੇ ਰੂਗੇਲੇਟੋਰੀ ਸ਼ਕਤੀ ਉੱਤੇ ਖੜੀ ਹੋਵੇ। ਭਾਵ ਇਹ ਕਿ ਪੁਲੀਸ ਵਿੱਚ ਨਸਲਵਾਦ ਦੇ ਹਾਥੀ ਨੂੰ ਕਾਬੂ ਕਰਨ ਲਈ ਕਾਨੂੰਨ ਦਾ ਸੰਗਲ ਵਰਤਿਆ ਜਾਣਾ ਚਾਹੀਦਾ ਹੈ। ਕਮਿਸ਼ਨ ਦਾ ਆਖਣਾ ਹੈ ਕਿ ਉਂਟੇਰੀਓ ਵਿੱਚ ਬਲੈਕ, ਮੂਲਵਾਸੀ ਅਤੇ ਹੋਰ ਘੱਟ ਗਿਣਤੀਆਂ ਨੂੰ ਪੁਲੀਸ ਹੱਥੋਂ ਜੋ ਦੁਸ਼ਵਾਰੀਆਂ ਸਹਿਣੀਆਂ ਪੈਂਦੀਆਂ ਹਨ, ਉਹ ਕਿਸੇ ਇੱਕ ਖਾਸ ਖਿੱਤੇ ਤੱਕ ਸੀਮਤ ਨਹੀਂ ਹਨ। ਇਸਦੇ ਉਲਟ ਇਹ ਵਰਤਾਰਾ ਸਮੁੱਚੇ ਉਂਟੇਰੀਓ ਵਿੱਚ ਪਾਇਆ ਜਾਂਦਾ ਹੈ। ਕਮਿਸ਼ਨ ਨੇ ਇਹ ਵੀ ਕਿਹਾ ਹੈ ਕਿ ਹੁਣ ਵਕਤ ਇਹ ਬਹਿਸ ਕਰਨ ਦਾ ਨਹੀਂ ਕਿ ਨਸਲਵਾਦ ਹੈ ਜਾਂ ਨਹੀਂ ਕਿਉਂਕਿ ਨਸਲਵਾਦ ਦੀ ਮੌਜੂਦਗੀ ਤਾਂ ਸਿੱਧ ਹੋ ਚੁੱਕੀ ਹੈ। ਹੁਣ ਤਾਂ ਸਮਾਂ ਇਹ ਯਕੀਨੀ ਬਣਾਉਣ ਦਾ ਹੈ ਕਿ ਸੁਧਾਰਾਂ ਵਾਸਤੇ ਕੀ ਅਤੇ ਕਦੋਂ ਕੀਤਾ ਜਾਣਾ ਹੈ।

ਕਮਿਸ਼ਨ ਨੇ ਜੋ 10 ਸਿਫਾਰਸ਼ਾਂ ਕੀਤੀਆਂ ਹਨ, ਉਹਨਾਂ ਵਿੱਚ Police Services Act, Community Safety and Policing Act ਅਤੇ Crown Prosecution Manual ਵਿੱਚ ਤਬਦੀਲੀਆਂ ਕਰਨਾ ਸ਼ਾਮਲ ਹੈ ਤਾਂ ਜੋ ਕਿਸੇ ਵਿਅਕਤੀ ਨੂੰ ਚਾਰਜ ਕਰਨ ਤੋਂ ਪੂਰਵ ਦੀ ਪ੍ਰਕਿਰਿਆ ਵਿੱਚ ਸੁਧਾਰ ਹੋ ਸਕੇ। ਇਸੇ ਤਰਾਂ ਕਮਿਸ਼ਨ ਚਾਹੁੰਦਾ ਹੈ ਕਿ ਮਾਨਸਿਕ ਸਿਹਤ ਦੇ ਕੇਸਾਂ ਵਿੱਚ ਪੁਲੀਸ ਦੀ ਥਾਂ ਸਿਵਲੀਅਨ ਸੋਸ਼ਲ ਵਰਕਰਾਂ ਵੱਲੋਂ ਦਖ਼ਲਅੰਦਾਜ਼ੀ ਕੀਤੀ ਜਾਵੇ। ਤਰਕ ਹੈ ਕਿ ਜਿਸ ਪੁਲੀਸ ਅਫ਼ਸਰ ਨੂੰ ਹੱਥ ਵਿੱਚ ਬੰਦੂਕ ਫੜ ਕੇ ਕੰਮ ਕਰਨਾ ਸਿਖਾਇਆ ਗਿਆ ਹੈ, ਉਹ ਨਾਜ਼ੁਕ ਮਨੁੱਖੀ ਸਥਿਤੀਆਂ ਵਿੱਚ ਸੰਵੇਦਨਸ਼ੀਲ ਰੋਲ ਨਿਭਾਉਣ ਵਿੱਚ ਅਸਮਰੱਥ ਹੁੰਦੇ ਹਨ। ਸਕੂਲ ਰੀਸੋਰਸ ਆਫੀਸਰ ਪ੍ਰੋਗਰਾਮ (ਸਕੂਲਾਂ ਵਿੱਚ ਪੁਲੀਸ ਅਫ਼ਸਰਾਂ ਦੀ ਤਾਇਨਾਤੀ) ਉੱਤੇ ਮੁੜ ਵਿਚਾਰ ਕਰਨਾ, Special Investigations Unit (SIU) Act ਵਿੱਚ ਬਦਲਾਅ ਕਰਕੇ ਜਾਂਚ ਦੌਰਾਨ ਪਬਲਿਕ ਨਾਲ ਜਾਂਚ ਤਹਿਤ ਕੇਸਾਂ ਬਾਰੇ ਵਧੇਰੇ ਜਾਣਕਾਰੀ ਸਾਂਝੀ ਕਰਨਾ ਵੀ ਕਮਿਸ਼ਨ ਦੀਆਂ ਸਿਫਾਰਸ਼ਾਂ ਵਿੱਚ ਸ਼ਾਮਲ ਹੈ। ਵਰਤਮਾਨ ਵਿੱਚ ਪੁਲੀਸ ਦੇ ਵਰਤਾਅ ਦੀ ਸ਼ਮੂਲੀਅਤ ਵਾਲਾ ਜੇ ਕੋਈ ਕੇਸ SIU ਕੋਲ ਚਲਾ ਜਾਂਦਾ ਹੈ ਤਾਂ ਉਸ ਕੇਸ ਬਾਰੇ ਪਬਲਿਕ ਨਾਲ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਂਦੀ।

ਪੁਲੀਸ ਸਿਸਟਮ ਵਿੱਚ ਨਸਲਵਾਦ ਦੇ ਦੈਂਤ ਵੱਲੋਂ ਜਮਾਏ ਜਾ ਚੁੱਕੇ ਪੱਕੇ ਪੈਰਾਂ ਦੀ ਗੱਲ ਨੂੰ ਸਾਬਤ ਕਰਨ ਲਈ ਕਮਿਸ਼ਨ ਨੇ ਕਈ ਮਿਸਾਲਾਂ ਦਿੱਤੀਆਂ ਹਨ। ਇਹਨਾਂ ਵਿੱਚ 2003 ਵਿੱਚ ਫਐਨਿਗ ਟਹਏ ਫਰਚਿਏ: ਠਹਏ ਹੁਮਅਨ ਚੋਸਟ ੋ ਰਅਚਿਅਲ ਪਰੋਾਲਿਨਿਗ, 2017 ਵਿੱਚ Under suspicion: Research and consultation report on racial profiling in Ontario ਅਤੇ 2019 ਵਿੱਚ Policy on eliminating racial profiling in law enforcement ਰਿਪੋਰਟਾਂ ਸ਼ਾਮਲ ਹਨ। ਕਮਿਸ਼ਨ ਦਾ ਮੰਨਣਾ ਹੈ ਕਿ ਪੁਲੀਸ ਸਿਸਟਮ ਵਿੱਚ ਫੈਲੇ ਨਸਲਵਾਦ ਨੂੰ ਖਤਮ ਕਰਨ ਲਈ ਸਾਨੂੰ ਉਹਨਾਂ ਕਾਰਣਾਂ ਦਾ ਮੁਆਇਨਾ ਕਰਨਾ ਹੋਵੇਗਾ ਜੋ ਨਸਲਵਾਦ ਦੇ ਜਾਰੀ ਰਹਿਣ ਵਿੱਚ ਸਹਾਈ ਹੁੰਦੇ ਹਨ। ਇਸਦੇ ਨਾਲ ਹੀ ਸਿਸਟਮ ਵਿੱਚ ਅਜਿਹੇ ਵਿਅਕਤੀਆਂ ਨੂੰ ਲਿਆਂਦੇ ਜਾਣ ਦੀ ਲੋੜ ਹੈ ਜਿਹੜੇ ਦੂਰਦਰਸ਼ੀ ਹੋਣ, ਮਨੁੱਖੀ ਬਰਾਬਰਤਾ ਲਈ ਉਹਨਾਂ ਦੇ ਦਿਲਾਂ ਵਿੱਚ ਪੱਕੀ ਥਾਂ ਹੋਵੇ ਅਤੇ ਨਸਲਵਾਦ ਨੂੰ ਖਤਮ ਕਰਨ ਦੇ ਔਖੇ ਕੰਮ ਨੂੰ ਹੱਥਾਂ ਵਿੱਚ ਲੈਣ ਦੀ ਉਹਨਾਂ ਕੋਲ ਪੂਰੀ ਸਮਰੱਥਾ ਅਤੇ ਸ਼ਕਤੀ ਹੋਵੇ।

ਮਨੁੱਖੀ ਅਧਿਕਾਰ ਕਮਿਸ਼ਨ ਨੇ ਪੀਲ ਰੀਜਨਲ ਪੁਲੀਸ ਅਤੇ ਪੀਲ ਪੁਲੀਸ ਸਰਵਿਸਜ਼ ਬੋਰਡ ਦਰਮਿਆਨ ਅਕਤੂਬਰ 2019 ਵਿੱਚ ਹੋਏ ਇੱਕ ਸਮਝੌਤੇ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। ਇਸ ਸਮਝੌਤੇ ਤਹਿਤ ਪੀਲ ਪੁਲੀਸ ਵਿੱਚ ਮੌਜੂਦ ਨਸਲਵਾਦ ਨੂੰ ਦੂਰ ਕਰਨ, ਪੁਲੀਸ ਅਫਸਰਾਂ ਦੇ ਰੋਲ ਬਾਰੇ ਸਪੱਸ਼ਟਤਾ ਅਤੇ ਜੁੰਮੇਵਾਰੀ ਨੂੰ ਮਜ਼ਬੂਤ ਕਰਨ, ਬਲੈਕ, ਮੂਲਵਾਸੀਆਂ ਅਤੇ ਹੋਰ ਘੱਟ ਗਿਣਤੀਆਂ ਨਾਲ ਸੰਜੀਦਾ ਸਬੰਧ ਕਾਇਮ ਕਰਨ ਲਈ ਬਣਾਈਆਂ ਜਾਣ ਵਾਲੀਆਂ ਪਾਲਸੀਆਂ ਨੂੰ ਲਾਗੂ ਕਰਨਾ ਪੁਲੀਸ ਦੀ ਕਾਨੂੰਨੀ ਜੁੰਮੇਵਾਰੀ ਹੋਵੇਗੀ। ਇਸ ਸਮਝੌਤੇ ਉੱਤੇ ਪੰਜਾਬੀ ਭਾਈਚਾਰੇ ਵਿੱਚੋਂ ਚੁਣੇ ਗਏ ਪੁਲੀਸ ਸਰਵਿਸਜ਼ ਬੋਰਡ ਦੇ ਚੇਅਰ ਰੌਨ ਚੱਠਾ ਨੇ ਦਸਤਖਤ ਕੀਤੇ ਸਨ। ਹੈਰਾਨੀ ਹੈ ਕਿ ਇਸ ਮਹੱਤਵਪੂਰਣ ਮੁਆਇਦੇ ਬਾਰੇ ਕਮਿਉਨਿਟੀ ਵਿੱਚ ਕੋਈ ਖਾਸ ਚਰਚਾ ਸੁਣਨ ਵਿੱਚ ਨਹੀਂ ਸੀ ਆਈ ਹਾਲਾਂਕਿ ਕਮਿਉਨਿਟੀ ਨਾਲ ਰਾਬਤਾ ਕਰਨਾ ਸਮਝੌਤੇ ਦੀ ਇੱਕ ਮਹੱਤਵਪੂਰਣ ਮੱਦ ਹੈ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਇਸ ਸਮਝੌਤੇ ਦੇ ਬਲੈਕ, ਮੂਲਵਾਸੀ ਸਮੇਤ ਹੋਰ ਘੱਟ ਗਿਣਤੀਆਂ ਦੀ ਤੌਖਲਿਆਂ ਬਾਰੇ ਗੱਲ ਕਰਨ ਦੇ ਬਾਵਜੂਦ ਸਮਝੌਤਾ ਸਿਰਫ਼ ਬਲੈਕ ਅਤੇ ਮੂਲਵਾਸੀਆਂ ਨਾਲ ਸੰਵਾਦ ਕਰਨ ਉੱਤੇ ਹੀ ਕੇਂਦਰਿਤ ਹੈ। ਕੀ ਇਹ ਹੋਰ ਘੱਟ ਗਿਣਤੀ ਨਸਲੀ ਕਮਿਉਨਿਟੀਆਂ ਨਾਲ ਵਿਤਕਰਾ ਨਹੀਂ?

ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੇਸ਼ ਕੀਤਾ ਗਿਆ ਫਰੇਮਵਰਕ ਸੁਆਗਤਯੋਗ ਹੈ ਪਰ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਬਲੈਕ ਅਤੇ ਮੂਲਵਾਸੀਆਂ ਦੇ ਨਾਲ ਨਾਲ ਹੋਰ ਨਸਲੀ ਕਮਿਉਨਿਟੀਆਂ ਦੇ ਹਿੱਤ ਮਹਿਫੂਜ਼ ਰੱਖਣਾ ਵੀ ਅਤੀਅੰਤ ਲਾਜ਼ਮੀ ਹੈ। ਅਜਿਹਾ ਯਕੀਨੀ ਨਾ ਬਣਾਉਣ ਦਾ ਸਿੱਟਾ ਸਮੁੱਚੀ ਕਾਰਵਾਈ ਦੇ ਅੱਧ ਪੱਚਧ ਅਸਰਦਾਰ ਹੋਣ ਵਿੱਚ ਨਿਕਲੇਗਾ ਜੋ ਸਮੱਸਿਆ ਦਾ ਸਮੁੱਚਤਾ ਭਰਿਆ ਹੱਲ ਨਹੀਂ ਹੋਵੇਗਾ।

# ਬੈਕ ਟੂ ਸਕੂਲ ਪਲੈਨ ਦਾ ਅਗਲੇ ਹਫਤੇ ਕੀਤਾ ਜਾਵੇਗਾ ਖੁਲਾਸਾ : ਫੋਰਡ

ਓਨਟਾਰੀਓ, 29 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਬੈਕ ਟੂ ਸਕੂਲ ਪਲੈਨ ਅਗਲੇ ਹਫਤੇ ਦੇ ਸ਼ੁਰੂ ਵਿੱਚ ਜਾਰੀ ਕੀਤਾ ਜਾਵੇਗਾ। ਉਨ੍ਹਾਂ ਪੂਰੇ ਵਿਸ਼ਵਾਸ ਨਾਲ ਆਖਿਆ ਕਿ ਸਤੰਬਰ ਲਈ ਪ੍ਰੋਵਿੰਸ ਪੂਰੀ ਤਰ੍ਹਾਂ ਤਿਆਰ ਹੈ।

ਥੰਡਰ ਬੇਅ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਪਰਤਣਾ ਚਾਹੀਦਾ ਹੈ ਤੇ ਉਹ ਪਰਤਣਾ ਵੀ ਚਾਹੁੰਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਸਕੂਲ ਪਰਤਣ ਵਾਲੇ ਬੱਚੇ ਤੇ ਟੀਚਰ ਬਿਲਕੁਲ ਸੇਫ ਰਹਿਣਗੇ। ਸਰਕਾਰ ਨੇ ਪਹਿਲਾਂ ਇਹ ਆਖਿਆ ਸੀ ਕਿ ਇਸ ਸਬੰਧੀ ਪਲੈਨ ਜੁਲਾਈ ਵਿੱਚ ਰਲੀਜ਼ ਕੀਤਾ ਜਾਵੇਗਾ।

ਓਨਟਾਰੀਓ ਵਿੱਚ ਵਿਦਿਆਰਥੀ ਅਪਰੈਲ ਤੋਂ ਇਨ ਪਰਸਨ ਲਰਨਿੰਗ ਲਈ ਸਕੂਲ ਨਹੀਂ ਆ ਰਹੇ। ਉਸ ਸਮੇਂ ਤੀਜੀ ਵੇਵ ਕਾਬੂ ਤੋਂ ਬਾਹਰ ਹੋਈ ਪਈ ਸੀ। ਫੋਰਡ ਨੇ ਆਖਿਆ ਕਿ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਸੇਫਟੀ ਸਬੰਧੀ ਪ੍ਰੋਟੋਕਾਲਜ਼ ਦਾ ਖਾਸ ਖਿਆਲ ਰੱਖਿਆ ਜਾਵੇਗਾ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਉਹ ਕੀ ਹੋਣਗੇ।

# ਸਾਰੀਆਂ ਪਾਬੰਦੀਆਂ ਖ਼ਤਮ ਕਰਨ ਵੱਲ ਵੱਧ ਰਿਹਾ ਹੈ ਓਨਟਾਰੀਓ !

...ਪੰਨਾ 1 ਦਾ ਬਾਕੀ

ਇਸ ਟੀਚੇ ਨੂੰ ਪੂਰਾ ਕਰਨ ਲਈ ਹਰ ਪਬਲਿਕ ਹੈਲਥ ਯੂਨਿਟ ਦਾ 70 ਫੀ ਸਦੀ ਆਬਾਦੀ ਨੂੰ ਵੈਕਸੀਨੇਟ ਕਰਨਾ ਜ਼ਰੂਰੀ ਸੀ,ਇਸ ਤੋਂ ਇਲਾਵਾ ਹਸਪਤਾਲਾਂ ਦੀ ਸਮਰੱਥਾ ਤੇ ਉੱਥੇ ਆਉਣ ਵਾਲੇ ਕੇਸਾਂ ਦੀ ਗਿਣਤੀ ਆਦਿ ਸੱਭ ਸਥਿਰ ਰਹਿਣਾ ਚਾਹੀਦਾ ਸੀ।

ਅੱਜ ਤੱਕ ਓਨਟਾਰੀਓ ਦੇ ਅਧਿਕਾਰੀਆਂ ਮੁਤਾਬਕ 70 ਫੀ ਸਦੀ ਯੋਗ ਆਬਾਦੀ ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੀ ਹੈ। ਤੀਜੇ ਪੜਾਅ ਤੋਂ ਬਾਹਰ ਨਿਕਲਕੇ ਆਮ ਵਰਗੀ ਜ਼ਿੰਦਗੀ ਵੱਲ ਪਰਤਣ ਲਈ 6 ਅਗਸਤ ਤਰੀਕ ਮਿਥੀ ਗਈ ਹੈ। ਸਾਰੀਆਂ ਪਾਬੰਦੀਆਂ ਖ਼ਤਮ ਕਰਨ ਤੋ ਪਹਿਲਾਂ ਫੋਰਡ ਸਰਕਾਰ ਉੱਤੇ ਅਹਿਤਿਆਤਨ ਐਮਰਜੰਸੀ ਪਲੈਨ ਤਿਆਰ ਕਰਨ ਲਈ ਬਿਜ਼ਨਸ ਕਮਿਊਨਿਟੀ ਤੇ ਹੋਰਨਾਂ ਵੱਲੋਂ ਦਬਾਅ ਪਾਇਆ ਜਾ ਰਿਹਾ ਹੈ ਤਾਂ ਕਿ ਮੁੜ ਲਾਕਡਾਊਨ ਦਾ ਸਾਹਮਣਾ ਨਾ ਕਰਨਾ ਪਵੇ।

# ਅਫ਼ਗਾਨ ਜੰਗ ਦੌਰਾਨ ਰੂਸੀ ਜਹਾਜ਼ ਮੱਧ ਏਸ਼ੀਅਨ ਦੇਸ਼ਾਂ ਦੀ ਅਫ਼ਗਾਨ ਸਰਹੱਦ ਉੱਤੇ ਤਾਇਨਾਤ

## * ਤਾਲਿਬਾਨ ਨੇਤਾ ਚੀਨ ਦੇ ਵਿਦੇਸ਼ ਮੰਤਰੀ ਨੂੰ ਮਿਲੇ

ਮਾਸਕੋ, 29 ਜੁਲਾਈ, (ਪੋਸਟ ਬਿਊਰੋ)- ਅਫ਼ਗਾਨਿਸਤਾਨਵਿੱਚ ਜੰਗ ਵਿੱਚ ਮੱਧ ਏਸ਼ੀਅਨ ਦੇਸ਼ਾਂ ਦੀਆਂ ਸਰਹੱਦਾਂ ਉੱਤੇਰੂਸੀ ਫ਼ੌਜ ਚੌਕਸ ਹੋ ਗਈ ਹੈ। ਇਨ੍ਹਾਂ ਦੇਸ਼ਾਂਵਿੱਚ ਰੂਸ ਦੀ ਸਰਗਰਮੀ ਵਧ ਗਈ ਹੈ।

ਪਤਾ ਲੱਗਾ ਹੈ ਕਿ ਤਾਜਿਕਸਤਾਨ ਦੀ ਸਰਹੱਦ ਉੱਤੇ ਟੈਂਕ ਤਾਇਨਾਤ ਕਰਨ ਪਿੱਛੋਂਰੂਸ ਦੇ ਲੜਾਕੂ ਜਹਾਜ਼ ਏਥੇ ਆ ਕੇ ਜੰਗੀ ਐਕਸਰਸਾਈਜ਼ ਕਰਨਗੇ। ਦੂਸਰੇ ਪਾਸੇ ਅਫ਼ਗਾਨ ਫ਼ੌਜ ਨੇ ਤਾਲਿਬਾਨ ਦੇ ਕਈ ਅੱਡਿਆਂ ਉੱਤੇ ਹਮਲੇ ਕਰ ਕੇ 23 ਤਾਲਿਬਾਨ ਨੂੰ ਮਾਰ ਦਿੱਤਾ ਹੈ। ਅਫ਼ਗਾਨਿਸਤਾਨਵਿੱਚ ਤਾਲਿਬਾਨ ਦੇ ਤੇਜ਼ੀ ਨਾਲ ਕਬਜ਼ੇਪਿੱਛੋਂ ਗੁਆਂਢੀ ਦੇਸ਼ ਚੌਕਸ ਹੋ ਗਏ ਅਤੇ ਖਾਸ ਤੌਰ ਉੱਤੇ ਤਜ਼ਾਕਿਸਤਾਨ, ਉਜ਼ਬੇਕਿਸਤਾਨ ਆਦਿ ਨਾਲ ਲੱਗਦੀਆਂ ਸਰਹੱਦਾਂ ਉੱਤੇ ਫ਼ੌਜਾਂ ਦਾ ਇਕੱਠ ਹੋਣਾ ਸ਼ੁਰੂ ਹੋ ਗਿਆ ਹੈ।ਰੂਸ ਨੇ ਅਫਗਾਨ ਸਰਹੱਦਨਾਲ ਲੱਗਦੇਤਾਜਿਕ-ਸਤਾਨ ਦੇ ਇਲਾਕੇਵਿੱਚ ਪਹਿਲਾਂ ਆਪਣੇ ਫ਼ੌਜੀ ਤੇ ਟੈਂਕ ਲਿਆਂਦੇ ਸਨ, ਫਿਰ ਹਵਾਈ ਤਾਕਤ ਵਧਾ ਦਿੱਤੀਤੇ 10 ਅਗਸਤ ਤਕ ਅਫਗਾਨ ਸਰਹੱਦ ਉੱਤੇਤਾਜਿਕਸਤਾਨ, ਕਿਰਗਿਸਤਾਨ ਤੇ ਉਜ਼ਬੇਕਿਸਤਾਨ ਦੇ ਸਹਿਯੋਗ ਨਾਲ ਜੰਗੀ ਐਕਸਰਸਾਈਜ਼ ਕੀਤਾ ਜਾ ਰਹੀ ਹੈ। ਰੂਸ ਨੇ ਏਥੇ ਸੁਖੋਈ-25 ਜਹਾਜ਼ਾਂ ਲਿਆਂਦੇ ਹਨ ਅਤੇ ਰੂਸ ਮੱਧ ਏਸ਼ਿਆਈ ਦੇਸ਼ਾਂ ਨੂੰ ਅਫਗਾਨ ਸਮੱਸਿਆ ਦੇ ਪੱਖ ਤੋਂ ਸੁਰੱਖਿਆ ਦੀ ਪੂਰੀ ਗਾਰੰਟੀ ਦੇਣਾ ਚਾਹੁੰਦਾ ਹੈ, ਤਾਂ ਕਿ ਅਮਰੀਕਾ ਨੂੰ ਓਥੇ ਫੌਜੀ ਅੱਡਾ ਬਣਾਉਣਵਿੱਚ ਕਾਮਯਾਬੀ ਨਾ ਮਿਲ ਸਕੇ।

ਓਧਰ ਅਫਗਾਨਿਸਤਾਨ ਵਿੱਚ ਫਰਯਾਬ ਰਾਜ ਦੇ ਪਸ਼ਤੂਨਕੋਟ ਅਤੇ ਅਲਮਾਰ ਜ਼ਿਲ੍ਹਿਆਂਵਿੱਚਲੇ ਤਾਲਿਬਾਨ ਦੇ ਅੱਡਿਆਂ ਉੱਤੇਅਫਗਾਨ ਫੌਜ ਨੇ ਜ਼ਬਰਦਸਤ ਹਮਲੇ ਕੀਤੇ ਅਤੇ ਹਥਿਆਰ ਅਤੇ ਗੋਲਾ-ਬਾਰੂਦ ਬਰਬਾਦ ਕਰਨ ਦੇ ਨਾਲ ਹੀ 23 ਤਾਲਿਬਾਨੀ ਨੂੰ ਮਾਰ ਦਿੱਤਾਹੈ। ਤਾਲਿਬਾਨ ਏਥੇ ਫਰਯਾਬ ਰਾਜ ਦੀ ਰਾਜਧਾਨੀ ਮੇਮਨਾ ਉੱਤੇ ਕਬਜ਼ਾ ਕਰਨ ਲਈ ਸੰਘਰਸ਼ ਕਰ ਰਿਹਾ ਹੈ ਅਤੇ ਤਾਲੁਕਾਨ ਸ਼ਹਿਰ ਉੱਤੇ ਕਬਜ਼ੇ ਵਾਸਤੇ ਵੀ ਜੰਗ ਚੱਲ ਰਹੀ ਹੈ।

ਇਸ ਦੌਰਾਨ ਅੱਜ ਵੀਰਵਾਰ ਨੂੰ ਅਫਗਾਨਿਸਤਾਨ ਦੇ 90 ਫ਼ੀਸਦੀ ਇਲਾਕਿਆਂ ਉੱਤੇ ਕਬਜ਼ੇਦਾ ਦਾਅਵਾ ਕਰਦੇ ਤਾਲਿਬਾਨ ਦਾ ਇਕ ਗਰੁੱਪ ਮੁੱਲਾ ਅਬਦੁੱਲ ਗਨੀ ਬਰਾਦਰ ਦੀ ਅਗਵਾਈ ਹੇਠ ਚੀਨ ਪਹੁੰਚ ਗਿਆ। ਅਮਰੀਕੀ ਫੌਜਾਂ ਦੀ ਵਾਪਸੀ ਦੇ ਐਲਾਨ ਪਿੱਛੋਂ ਤਾਲਿਬਾਨ ਨੇਤਾ ਪਹਿਲੀ ਵਾਰ ਚੀਨ ਗਏ ਹਨ। ਇਸ ਯਾਤਰਾ ਦੌਰਾਨ ਤਾਲਿਬਾਨ ਦੀ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਗੱਲਬਾਤ ਹੋਈ, ਜਿਹੜੀ ਡਿਪਲੋਮੈਟਿਕ ਖੇਤਰ ਵਿਚ ਅਫਗਾਨਿਸਤਾਨ ਬਾਰੇ ਬੜੀ ਅਹਿਮ ਮੰਨੀ ਗਈ ਹੈ। ਇਸ ਗੱਲਬਾਤ ਦੌਰਾਨ ਤਾਲਿਬਾਨ ਨੇ ਚੀਨ ਨੂੰ 'ਭਰੋਸੇਮੰਦ ਦੋਸਤ' ਕਹਿ ਕੇ ਭਰੋਸਾ ਦਿੱਤਾ ਕਿ ਤਾਲਿਬਾਨ 'ਕਿਸੇ ਨੂੰਅਫਗਾਨ ਖੇਤਰ ਦੀ ਵਰਤੋਂ" ਨਹੀਂ ਕਰਨ ਦੇਵੇਗਾ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲੀਜਿਅਨ ਨੇ ਇਕ ਮੀਡੀਆ ਬ੍ਰੀਫਿੰਗ ਵਿਚ ਪੁਸ਼ਟੀ ਕੀਤੀ ਕਿ ਬਰਾਦਰ ਦੀ ਅਗਵਾਈ ਵਿਚ ਇਕ ਵਫਦ ਬੀਜਿੰਗ ਦੇ ਨੇੜੇ ਬੰਦਰਗਾਹ ਵਾਲੇ ਸ਼ਹਿਰ ਤਿਆਨਜਿਨ ਵਿਚ ਵਾਂਗ ਨੂੰ ਮਿਲਿਆਹੈ ਅਤੇ ਮੰਤਰਾਲੇ ਨੇ ਵਾਨ ਦੀ ਬਰਾਦਰ ਦੇ ਵਫ਼ਦ ਨਾਲ ਮੁਲਾਕਾਤ ਦੀਆਂ ਫੋਟੋ ਵੀ ਸੋਸ਼ਲ ਮੀਡੀਆ ਉੱਤੇਪਾਈਆਂ ਹਨ। ਇਹ ਮੁਲਾਕਾਤ ਉਸ ਵੇਲੇ ਹੋ ਰਹੀ ਹੈ, ਜਦੋਂ ਕੁਝ ਦਿਨ ਪਹਿਲਾਂ ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਤੇ ਪਾਕਿਸਤਾਨੀ ਖੁਫ਼ੀਆ ਏਜੰਸੀ ਆਈ ਐੱਸ ਆਈ ਦੇ ਚੀਫ ਫੈਜ ਹਾਮਿਦ ਨੇ ਚੀਨ ਜਾ ਕੇ ਵਾਂਗ ਯੀ ਨਾਲ ਮੁਲਾਕਾਤ ਕੀਤੀ ਸੀ।

# ਕਾਊਂਸਲੇਟ ਜਨਰਲ ਆਫ ਇੰਡੀਆ ਵੱਲੋਂ 7 ਅਗਸਤ ਨੂੰ ਬਰੈਂਪਟਨ ਵਿੱਚ ਲਾਇਆ ਜਾਵੇਗਾ ਕਾਊਂਸਲਰ ਕੈਂਪ

...ਪੰਨਾ 1 ਦਾ ਬਾਕੀ

ਕ੍ਰਿਪਾ ਕਰਕੇ ਇਹ ਨੋਟ ਕੀਤਾ ਜਾਵੇ ਕਿ ਕਾਊਂਸਲਰ ਕੈਂਪ ਲੰਮੇਂ ਸਮੇਂ ਤੋਂ ਪੈਂਡਿੰਗ ਪਏ ਮਾਮਲਿਆਂ ਨੂੰ ਸੁਲਝਾਉਣ ਲਈ ਹੈ ਤੇ ਇਸ ਨੂੰ ਨਾ ਤਾਂ ਦੁਬਾਰਾ ਲਾਇਆ ਜਾਵੇਗਾ ਤੇ ਨਾ ਹੀ ਇੱਥੇ ਕਾਊਂਸਲਰ ਸੇਵਾਵਾਂ ਦਿੱਤੀਆਂ ਜਾਣਗੀਆਂ। ਫਿਰ ਵੀ ਜੇ ਅਰਜ਼ੀਆਂ ਤਰਤੀਬ ਵਿੱਚ ਪਾਈਆਂ ਜਾਂਦੀਆਂ ਹਨ ਤਾਂ ਇਨ੍ਹਾਂ ਨੂੰ ਕ੍ਰਮਵਾਰ ਬੀ ਐਲ ਐਸ ਸੈਂਟਰਜ਼ ਵਿੱਚ ਜਮ੍ਹਾਂ ਕਰਵਾਉਣ ਲਈ ਮਨਜ਼ੂਰ ਕਰ ਲਿਆ ਜਾਵੇਗਾ। ਬਿਨੈਕਾਰਾਂ ਨੂੰ ਆਪਣੇ ਅਸਲ ਪਾਸਪੋਰਟ ਤੇ ਪੀਆਰ ਕਾਰਡ ਵੈਰੀਫਿਕੇਸ਼ਨ ਲਈ ਨਾਲ ਲਿਆਉਣ ਦੀ ਗੁਜ਼ਾਰਿਸ਼ ਕੀਤੀ ਜਾਂਦੀ ਹੈ।

3. ਕੋਵਿਡ-19 ਦੇ ਹਾਲਾਤ ਦੇ ਚੱਲਦਿਆਂ ਤੇ ਇਸ ਦੇ ਅੱਗੇ ਪਸਾਰ ਨੂੰ ਰੋਕਣ ਲਈ ਸਾਰੇ ਬਿਨੈਕਾਰਾਂ, ਜਿਹੜੇ ਉੱਪਰ ਦੱਸੀ ਗਈ ਥਾਂ ਉੱਤੇ ਕਾਊਂਸਲਰ ਕੈਂਪ ਦਾ ਦੌਰਾ ਕਰਨ ਵਾਲੇ ਸਾਰੇ ਬਿਨੈਕਾਰਾਂ ਨੂੰ ਓਨਟਾਰੀਓ ਦੀ ਪ੍ਰੋਵਿਂਸ਼ੀਅਲ ਸਰਕਾਰ ਵੱਲੋਂ ਦੱਸੇ ਗਏ ਸਿਹਤ ਸਬੰਧੀ ਨਿਯਮਾਂ ਦਾ ਪਾਲਣ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਨਿਰਧਾਰਤ ਸਮੇਂ ਉੱਤੇ ਇੱਕ ਵਾਰੀ ਵਿੱਚ ਓਨੇ ਲਕ ਹੀ ਇੱਕਠੇ ਹੋਣ ਜਿੰਨਿਆਂ ਦੀ ਸਰਕਾਰ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ, ਇਸ ਦੇ ਨਾਲ ਹੀ ਫੇਸ ਮਾਸਕ ਵੀ ਜਨਤਕ ਥਾਂਵਾਂ ਉੱਤੇ ਲਾ ਕੇ ਰੱਖੇ ਜਾਣ। ਬਿਨੈਕਾਰਾਂ ਨੂੰ ਇਹ ਬੇਨਤੀ ਵੀ ਕੀਤੀ ਜਾਂਦੀ ਹੈ ਕਿ ਸਾਰਾ ਕੰਮ ਰੈਲੇ ਢੰਗ ਨਾਲ ਮੁਕੰਮਲ ਕਰਨ ਲਈ ਮੰਦਰ ਦੇ ਪ੍ਰਬੰਧਕਾਂ ਵੱਲੋਂ ਦਿੱਤੇ ਜਾਣ ਵਾਲੇ ਨਿਰਦੇਸ਼ਾਂ ਦੀ ਵੀ ਪਾਲਣਾ ਕੀਤੀ ਜਾਵੇ। ਤੁਹਾਡੀ ਸੇਵਾ ਲਈ ਤੁਹਾਡੇ ਸਹਿਯੋਗ ਦੀ ਬਹੁਤ ਲੋੜ ਹੈ।

4. ਕ੍ਰਿਪਾ ਕਰਕੇ ਉਸ ਹਾਲਤ ਵਿੱਚ ਕਾਊਂਸਲਰ ਕੈਂਪ ਵਾਲੀ ਥਾਂ ਉੱਤੇ ਨਾ ਆਇਆ ਜਾਵੇ ਜੇ ਤੁਹਾਨੂੰ ਕੋਵਿਡ-19 ਹੈ ਜਾਂ ਤੁਹਾਨੂੰ ਬੁਖਾਰ, ਖੰਘ, ਛਿੱਕਾਂ ਆਉਣ ਤੇ ਨੱਕ ਵਗਣ ਵਰਗੇ ਲੱਛਣ ਹਨ ਤੇ ਜਾਂ ਫਿਰ ਤੁਸੀਂ ਪਿਛਲੇ 14 ਦਿਨਾਂ ਵਿੱਚ ਕੈਨੇਡਾ ਤੋਂ ਬਾਹਰ ਦਾ ਸਫਰ ਕਰਕੇ ਆਏ ਹੋਣ।

# ਸਵਾਮੀ ਮੋਹਨ ਦਾਸ ਆਸ਼ਰਮ ਖਾਲ੍ਹੀ ਕਰਨ ਲਈ ਪੁਰਤਗਾਲ ਤੋਂ ਧਮਕੀ

ਜਲੰਧਰ, 29 ਜੁਲਾਈ (ਪੋਸਟ ਬਿਊਰੋ)- ਏਥੋਂ ਦੇ ਬਾਬਾ ਮੋਹਨ ਦਾਸ ਨਗਰ ਵਿੱਚ ਸਵਾਮੀ ਮੋਹਨ ਦਾਸ ਆਸ਼ਰਮ ਖਾਲੀ ਕਰਵਾਉਣ ਵਾਸਤੇ ਬਾਬਾ ਮੋਹਨ ਦਾਸ ਸਕੂਲ ਦੇ ਚੇਅਰਮੈਨ ਅਤੇ ਉਨ੍ਹਾਂ ਦੀ ਗੱਦੀ ਨਸ਼ੀਨ ਪਤਨੀ ਨੂੰ ਪੁਰਤਗਾਲ ਤੋਂ ਜਾਨ ਤੋਂ ਮਾਰਨ ਦੀ ਧਮਕੀ ਦੀ ਚਿੱਠੀ ਭੇਜ ਕੇ 15 ਦਿਨਾਂ ਦੇ ਅੰਦਰ ਆਸ਼ਰਮ ਨੂੰ ਖਾਲੀ ਕਰਨ ਨੂੰ ਕਿਹਾ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਆਸ਼ਰਮ ਦੀਆਂ ਬ੍ਰਾਂਚਾਂ ਹਰਿਦੁਆਰ, ਜੈਪੁਰ ਅਤੇ ਕੈਨੇਡਾ ਵਿੱਚ ਵੀ ਹਨ। ਬਾਬਾ ਮੋਹਨ ਦਾਸ ਸਕੂਲ ਦੇ ਚੇਅਰਮੈਨ ਲਵਨਿੰਦਰ ਸਿੰਘ ਨੇ ਇਸ ਦੀ ਸ਼ਿਕਾਇਤ ਦਿੱਤੀ ਤਾਂ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਦਾ ਪਤਾ ਲੱਗਣ ਉੱਤੇ ਆਸ਼ਰਮ ਦੇ ਸ਼ਰਧਾਲੂਆਂ ਵਿੱਚ ਭਾਰੀ ਗੁੱਸਾ ਹੈ। ਸਵਾਮੀ ਮੋਹਨ ਦਾਸ ਮਾਡਲ ਸਕੂਲ ਦੇ ਚੇਅਰਮੈਨ ਲਵਨਿੰਦਰ ਵਰਮਾ ਨੇ ਦੱਸਿਆ ਕਿ ਉਹ ਪਿਛਲੇ 10 ਸਾਲ ਤੋਂ ਸਕੂਲ ਚਲਾ ਰਹੇ ਹਨ। ਇਸ ਸਕੂਲ ਦੇ ਨਾਲ ਆਸ਼ਰਮ ਵੀ ਹੈ, ਜੋ ਬਾਬਾ ਮੋਹਨ ਦਾਸ ਟਰੱਸਟ ਦੇ ਅਧੀਨ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਦੇ ਸਕੂਲ ਦੇ ਪਤੇ ਉੱਤੇ ਆਈਰਜਿਸਟਰਡਚਿੱਠੀ ਭੇਜਣ ਵਾਲੇ ਦਾ ਨਾਮ-ਪਤਾ ਜੋਸਫ ਰੁਆ ਕੇਸਟਲੋ ਬ੍ਰਾਂਕੋ ਸਰਾਈਵਾ ਐਨ 49 ਪੋਸਟਲ, ਲਿਸਬੋਵਾ ਪੁਰਤਗਾਲ ਸੀ। ਇਹ ਚਿੱਠੀ ਉਨ੍ਹਾਂ ਦੇ ਅਤੇ ਉਨ੍ਹਾਂ ਦੀ ਪਤਨੀ ਦੇ ਨਾਂਅ ਸੀ। ਇਸ ਵਿੱਚ ਧਮਕੀ ਦਿੱਤੀ ਗਈ ਸੀ ਕਿ ਲਵਨਿੰਦਰ ਵਰਮਾ ਅਤੇ ਉਮਾ ਜਯੋਤੀ ਗੱਦੀਨਸ਼ੀਨ ਬਾਬਾ ਮੋਹਨ ਦਾਸ ਆਸ਼ਰਮ ਨੂੰ ਛੱਡ ਦਿਓ, ਨਹੀਂ ਤਾਂ ਤੁਹਾਡੀ ਜਾਨ ਨੂੰ ਖਤਰਾ ਹੈ। ਜੇ ਆਸ਼ਰਮ ਨਹੀਂ ਛੱਡਣਾ ਤਾਂ ਇੱਕ ਵੱਡੀ ਰਕਮ ਤਿਆਰ ਰੱਖਣਾ ਅਤੇ 15 ਦਿਨ ਵਿੱਚ ਆਸ਼ਰਮ ਖਾਲ੍ਹੀ ਕਰ ਦਿਓ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਨਿਰਮਲ ਭੰਗੂ ਨੂੰ ਝਟਕਾ: ਛੱਤੀਸਗੜ੍ਹ ਅਦਾਲਤ ਦੇ ਪ੍ਰੋਡਕਸ਼ਨ ਵਾਰੰਟ ਰੱਦ ਕਰਨ ਦੀ ਮੰਗ ਹਾਈ ਕੋਰਟ ਵੱਲੋਂ ਰੱਦ

ਚੰਡੀਗੜ੍ਹ, 29 ਜੁਲਾਈ, (ਪੋਸਟ ਬਿਊਰੋ)- ਹਜ਼ਾਰਾਂ ਕਰੋੜ ਰੁਪਏ ਦੇ ਚਿੰਟ ਫੰਡ ਘੁਟਾਲੇ ਦੇ ਦੋਸ਼ੀ ਨਿਰਮਲ ਸਿੰਘ ਭੰਗੂ ਨੇ ਛੱਤੀਸਗੜ੍ਹ ਦੀ ਵਿਸ਼ੇਸ਼ ਅਦਾਲਤ ਵੱਲੋਂ ਜਾਰੀ ਪ੍ਰੋਡਕਸ਼ਨ ਵਾਰੰਟ ਦੇ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟਵਿੱਚਜਿਹੜੀ ਪਟੀਸ਼ਨ ਦਾਇਰ ਕੀਤੀ ਸੀ, ਉਸ ਨੂੰ ਹਾਈ ਕੋਰਟ ਨੇ ਰੱਦ ਕਰਦੇ ਹੋਏ ਜੇਲ੍ਹ ਅਥਾਰਟੀ ਤੇ ਲੋਕਲ ਹਸਪਤਾਲਦੇ ਖਿਲਾਫ ਸਖ਼ਤ ਟਿੱਪਣੀ ਕੀਤੀ ਹੈ। ਨਿਰਮਲ ਸਿੰਘ ਭੰਗੂ ਨੇ ਆਪਣੀ ਖ਼ਰਾਬ ਸਿਹਤ ਦੱਸ ਕੇ ਛੱਤੀਸਗੜ੍ਹ ਦੀ ਇੱਕ ਵਿਸ਼ੇਸ਼ ਅਦਾਲਤ ਦਾ ਪ੍ਰਡੋਕਸ਼ਨ ਵਾਰੰਟ ਰੱਦ ਕਰਨ ਦੀ ਮੰਗ ਕੀਤੀ ਸੀ।

ਜਸਟਿਸ ਮੀਨਾਕਸ਼ੀ ਆਈ ਮਹਿਤਾ ਨੇ ਨਿਰਮਲ ਸਿੰਘ ਭੰਗੂ ਦੀ ਪਟੀਸ਼ਨ ਰੱਦ ਕਰਦੇ ਹੋਏ ਕਿਹਾ ਕਿ ਇਸ ਕੇਸ ਵਿੱਚਸਾਫ ਲੱਗਦਾ ਹੈ ਕਿ ਜੇਲ੍ਹ ਅਥਾਰਟੀ ਅਤੇ ਲੋਕਲ ਹਸਪਤਾਲ ਦੋਵੇਂ ਇਸ ਤਰ੍ਹਾਂ ਕੰਮ ਕਰਦੇ ਸਨ ਕਿ ਭੰਗੂ ਕਿਸੇ ਤਰ੍ਹਾਂ ਇਸ ਪ੍ਰੋਡਕਸ਼ਨ ਵਾਰੰਟ ਤੋਂ ਬਚ ਜਾਵੇ ਅਤੇ ਇਹ ਬੇਹੱਦ ਮੰਦਭਾਗਾ ਹੈ।ਇਸ ਤਰ੍ਹਾਂ ਕਰਕੇ ਦੋਸ਼ੀ ਪਟੀਸ਼ਨਰ ਨੇ ਕਾਨੂੰਨੀ ਪ੍ਰਕਿਰਿਆ ਦੀ ਦੁਰਵਰਤੋਂ ਕੀਤੀ ਹੈ।ਅਦਾਲਤ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਇਸਵਿੱਚ ਜੇਲ੍ਹ ਅਥਾਰਟੀ ਅਤੇ ਲੋਕਲ ਸਿਵਲ ਹਸਪਤਾਲ ਵੀ ਸ਼ਾਮਲ ਹੈ। ਇਸ ਸਖ਼ਤ ਟਿੱਪਣੀ ਦੇ ਨਾਲ ਹਾਈ ਕੋਰਟ ਨੇ ਭੰਗੂ ਦੀ ਇਸ ਪਟੀਸ਼ਨ ਨੂੰ ਸਿਰੇ ਤੋਂ ਰੱਦ ਕਰ ਕੇ ਉਸ ਨੂੰ ਛੱਤੀਸਗੜ੍ਹ ਪੁਲਸ ਨੂੰ ਸੌਂਪੇ ਜਾਣ ਦਾ ਰਾਹ ਪੱਧਰਾ ਕਰਦਿੱਤਾ ਹੈ।

ਵਰਨਣ ਯੋਗ ਹੈ ਕਿਨਿਰਮਲ ਸਿੰਘ ਭੰਗੂ ਖ਼ਿਲਾਫ਼ ਛੱਤੀਸਗੜ੍ਹਵਿੱਚ ਵੀ ਕੇਸਚੱਲਦਾ ਹੈ, ਜਿਸ ਲਈ ਓਥੋਂ ਦੀ ਵਿਸ਼ੇਸ਼ ਅਦਾਲਤ ਨੇ ਪ੍ਰੋਡਕਸ਼ਨ ਵਾਰੰਟ ਜਾਰੀ ਕਰਕੇ ਪੇਸ਼ ਕਰਨ ਦੇ ਆਦੇਸ਼ ਦਿੱਤੇ ਸਨ। ਭੰਗੂ ਖ਼ਿਲਾਫ਼ ਪਹਿਲਾਂ ਬਠਿੰਡਾਵਿੱਚ ਇਕ ਜੂਨ 2016ਨੂੰ ਧੋਖਾਧੜੀ ਦੀ ਸ਼ਿਕਾਇਤ ਦਰਜ ਹੈ ਤੇ ਉਹ ਇਸ ਸਮੇਂ ਮੁਕਤਸਰ ਸਾਹਿਬ ਜ਼ਿਲ੍ਹਾ ਜੇਲ੍ਹਵਿੱਚਬੰਦ ਹੈ ਅਤੇ ਜੇਲ੍ਹਅਧਿਕਾਰੀਆਂ ਨੇ ਛੱਤੀਸਗੜ੍ਹ ਅਦਾਲਤ ਵੱਲੋਂ ਆਏ ਉਸ ਦੇ ਪ੍ਰੋਡਕਸ਼ਨ ਵਾਰੰਟ ਪਹੁੰਚਣ ਉੱਤੇ ਇਹ ਕਹਿ ਦਿੱਤਾ ਸੀ ਕਿ ਨਿਰਮਲ ਸਿੰਘ ਭੰਗੂ ਦੀ ਸਿਹਤ ਠੀਕ ਨਾ ਹੋਣ ਕਰ ਕੇ ਭੇਜਿਆ ਨਹੀਂ ਜਾ ਸਕਦਾ।

**Radha Swami**
**Last Rituals**



It is with deep sorrow that we announce the demise of Mrs. Santosh Dhawan W/o Nasib Chand Dhawan.

Last Ceremony/Showing/Funeral
1 Aug, 2021 Sunday
Time: 4:00 - 6:00 pm
30 Bramwin Ct., Brampton, ON L6T 5G2

Home Address
123 Mint leaf Blvd. Brampton
Nasib Chand Dhawan
(CN Forklift & Training Centre)
416-726-6206
Vipan Dhawan (Son) 604-366-9895
Raj Dadar (Son-in law) 416-845-7251

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-




416.670.3173 | 905.799.7333
27 Edvac Dr, Brampton, ON L6S 5X8

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge




Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਅਸੂਲਾਂ ਦੀ ਅਣ-ਦਿੱਸਦੀ ਚਾਦਰ ਓਹਲੇ ਸੰਸਾਰ ਬਾਜ਼ਾਰ ਵਿੱਚ ਬੇਪਰਦ ਖੜੋਤਾ ਅੱਜ ਦਾ ਮਨੁੱਖ



ਜਤਿੰਦਰ ਪੰਨੂ

ਬਹੁਤ ਸਾਰੇ ਲੋਕ ਚਾਹੁੰਦੇ ਹੋਣਗੇ ਕਿ ਪੰਜਾਬ ਦੀ ਕਾਂਗਰਸ ਦਾ ਨਵਾਂ ਪ੍ਰਧਾਨ ਬਣਾਏ ਗਏ ਨਵਜੋਤ ਸਿੰਘ ਸਿੱਧੂ ਦੀ ਇੱਕੋ ਹਫਤੇ ਵਿੱਚ ਅਸਮਾਨੀ ਰਾਕੇਟ ਵਰਗੀ ਸਿਆਸੀ ਚੜ੍ਹਤ ਦੀ ਗੱਲ ਪਹਿਲਾਂ ਕੀਤੀ ਜਾਵੇ, ਅਤੇ ਉਨ੍ਹਾਂ ਦਾ ਇਸ ਤਰ੍ਹਾਂ ਸੋਚਣਾ ਗਲਤ ਨਹੀਂ, ਪਰ ਓਧਰ ਝਾਕਣ ਦੀ ਥਾਂ ਅਸੀਂ ਦੂਸਰਾ ਮੁੱਦਾ ਛੋਹਣਾ ਚਾਹੁੰਦੇ ਹਾਂ। ਇਹ ਦੂਸਰਾ ਮੁੱਦਾ ਭਾਰਤ ਦੇ ਲੋਕਾਂ ਉੱਤੇ ਅਸਰ ਪਾਉਂਦਾ ਹੈ, ਜਿਨ੍ਹਾਂ ਵਿੱਚ ਪੰਜਾਬ ਦੇ ਲੋਕ ਸ਼ਾਮਲ ਹਨ ਅਤੇ ਦੁਨੀਆ ਭਰ ਦੇ ਲੋਕਾਂ ਦਾ ਨਸੀਬ ਵੀ ਉਸ ਦੀ ਮਾਰ ਹੇਠ ਆਇਆ ਪਿਆ ਹੈ। ਜਿਹੜੇ ਸਾਫਟਵੇਅਰ ਭਲੇ ਦਾ ਸਬੱਬ ਜਾਪਦੇ ਸਨ, ਉਹ ਡਰਾਉਣੇ ਭੂਤ ਬਣੇ ਪਏ ਹਨ ਤੇ ਉਨ੍ਹਾਂ ਤੋਂ ਸਾਰੀ ਦੁਨੀਆ ਤ੍ਰਹਿਕੀ ਪਈ ਹੈ। ਅੱਜਕੱਲ੍ਹ ਭਾਰਤ ਵਿੱਚ ਜਾਸੂਸੀ ਕਾਂਡ ਦਾ ਰੌਲਾ ਵੀ ਓਸੇ ਦਾ ਹੈ।

ਪਿਛਲੇ ਦਿਨੀਂ ਇਹ ਖਬਰ ਇੱਕਦਮ ਆਈ ਅਤੇ ਫਿਰ ਹਰ ਪਾਸੇ ਛਾ ਗਈ ਕਿ ਇਸਰਾਈਲ ਦੀ ਇੱਕ ਕੰਪਨੀ ਦਾ ਬਣਾਇਆ ਪੈਗਾਸਸ ਸਾਫਟਵੇਅਰ ਵਰਤ ਕੇ ਭਾਰਤ ਦੇ ਵੱਡੇ ਲੋਕਾਂ ਦੇ ਫੋਨ ਸੁਣੇ ਜਾ ਰਹੇ ਹਨ। ਭਾਰਤ ਦੀ ਨਰਿੰਦਰ ਮੋਦੀ ਸਰਕਾਰ ਉੱਤੇ ਇਸ ਬਾਰੇ ਸਿੱਧਾ ਦੋਸ਼ ਲਾਇਆ ਗਿਆ ਤੇ ਸਰਕਾਰ ਨੇ ਇਸ ਦੀ ਸਫਾਈ ਵਿੱਚ ਕੁਝ ਤੱਥ ਪੇਸ਼ ਕਰਨ ਦੀ ਥਾਂ ਇਹੋ ਰੱਟ ਲਾ ਰੱਖੀ ਕਿ ਅਸੀਂ ਕੁਝ ਗਲਤ ਨਹੀਂ ਕੀਤਾ। ਗਲਤ ਭਾਵੇਂ ਨਾ ਕੀਤਾ ਹੋਵੇ, ਪਰ ਕੀਤਾ ਕੀ ਹੈ, ਇਹ ਭੇਦ ਖੋਲ੍ਹਣ ਲਈ ਸਰਕਾਰ ਨਹੀਂ ਮੰਨਦੀ। ਜਿਸ ਦੇਸ਼ ਦੀ ਕੰਪਨੀ ਨੇ ਇਹ ਜਾਸੂਸੀ ਸਾਫਟਵੇਅਰ ਬਣਾਇਆ ਹੈ, ਓਥੇ ਇਸ ਦੀ ਜਾਂਚ ਲਈ ਇੱਕ ਉੱਚ ਪੱਧਰੀ ਟੀਮ ਬਣਾਈ ਗਈ ਹੈ, ਜਿਨ੍ਹਾਂ ਵਿਕਸਤ ਦੇਸ਼ਾਂ ਵਿੱਚ ਇਸ ਸਾਫਟਵੇਅਰ ਦੀ ਵਰਤੋਂ ਨਾਲ ਜਾਸੂਸੀ ਕੀਤੀ ਦੱਸੀ ਜਾ ਰਹੀ ਸੀ, ਓਥੇ ਵੀ ਜਾਂਚ ਚੱਲ ਜਾ ਰਹੀ ਹੈ, ਪਰ ਭਾਰਤ ਦੀ ਸਰਕਾਰ ਅਜੇ ਵੀ ਇੱਕੋ ਰੱਟ ਲਾਈ ਜਾਂਦੀ ਹੈ ਕਿ ਕੁਝ ਗਲਤ ਨਹੀਂ ਕੀਤਾ। ਇਸਰਾਈਲ ਵਿੱਚ ਸਰਕਾਰ ਬਦਲ ਚੁੱਕੀ ਹੈ। ਜਿਹੜੇ ਪਿਛਲੇ ਪ੍ਰਧਾਨ ਮੰਤਰੀ ਨੇ ਗੱਦੀ ਛੱਡੀ ਹੈ, ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬਹੁਤ ਨੇੜੂ ਗਿਣਿਆ ਜਾਂਦਾ ਸੀ ਅਤੇ ਜਿਹੜਾ ਪ੍ਰਧਾਨ ਮੰਤਰੀ ਬਣਿਆ ਹੈ, ਉਹ ਉਸ ਪਹਿਲੇ ਦਾ ਵਿਰੋਧੀ ਹੋਣ ਕਾਰਨ ਭਾਰਤ ਨਾਲ ਓਦਾਂ ਦਾ ਸਹਿਯੋਗ ਸ਼ਾਇਦ ਨਹੀਂ ਕਰੇਗਾ। ਓਥੋਂ ਆਉਂਦੀਆਂ ਰਿਪੋਰਟਾਂ ਮੁਤਾਬਕ ਓਥੋਂ ਦੀ ਸਰਕਾਰ ਇਸ ਪੈਗਾਸੱਸ ਸਾਫਟਵੇਅਰ ਨੂੰ ਸਿਰਫ ਸਾਫਟਵੇਅਰ ਨਹੀਂ, ਇੱਕ ਹਥਿਆਰ ਮੰਨਦੀ ਹੈ ਤੇ ਏਸੇ ਲਈ ਕਿਸੇ ਵੀ ਗੈਰ ਸਰਕਾਰੀ ਜਥੇਬੰਦੀ ਨੂੰ ਵੇਚਣ ਦੀ ਪੱਕੀ ਮਨਾਹੀ ਦੇ ਨਾਲ ਸਿਰਫ ਸਰਕਾਰਾਂ ਨੂੰ ਓਥੋਂ ਦੀ ਸਰਕਾਰ ਦੀ ਆਗਿਆ ਨਾਲ ਵੇਚਣ ਦਾ ਨਿਯਮ ਹੈ। ਇਹ ਗੱਲ ਸੱਚੀ ਹੋਵੇ ਤਾਂ ਫਿਰ ਭਾਰਤ ਨੂੰ ਵੀ ਪਿਛਲੇ ਇਸਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਦੀ ਮਰਜ਼ੀ ਬਿਨਾਂ ਨਹੀਂ ਮਿਲਿਆ ਹੋਵੇਗਾ। ਏਦਾਂ ਦਾ ਗੁਪਤ ਹਥਿਆਰ ਲਿਆਉਣ ਤੇ ਚੁੱਪ-ਚੁਪੀਤੇ ਵਰਤਣ ਪਿੱਛੇ ਨਰਿੰਦਰ ਮੋਦੀ ਸਰਕਾਰ ਦੀ ਕੀ ਸੋਚਣੀ ਸੀ, ਲੋਕਤੰਤਰ ਵਿੱਚ ਦੇਸ਼ ਦੇ ਆਮ ਲੋਕਾਂ ਨੂੰ ਇਹ ਗੱਲ ਜਾਣਨ ਦਾ ਕਾਨੂੰਨੀ ਅਧਿਕਾਰ ਹੋਣਾ ਚਾਹੀਦਾ ਹੈ, ਜਿਹੜਾ ਮੰਨਿਆ ਨਹੀਂ ਜਾ ਰਿਹਾ।

ਇਹ ਇੱਕ ਵੱਡਾ ਮੁੱਦਾ ਹੈ ਅਤੇ ਬਿਨਾਂ ਸ਼ੱਕ ਬੜਾ ਵੱਡਾ ਮੁੱਦਾ ਹੈ, ਪਰ ਸਵਾਲ ਇਹ ਹੈ ਕਿ ਪੈਗਾਸੱਸ ਆਉਣ ਤੋਂ ਬਿਨਾਂ ਵੀ ਅੱਜ ਦੇ ਯੁੱਗ ਵਿੱਚ ਆਮ ਲੋਕਾਂ ਦੀ ਕਿਹੜੀ ਕੋਈ ਪ੍ਰਾਈਵੇਸੀ ਰਹਿ ਗਈ ਹੈ! ਸਾਡੇ ਕੋਲ ਮੋਬਾਈਲ ਫੋਨ ਹਨ ਅਤੇ ਉਨ੍ਹਾਂ ਵਿੱਚ ਹਰ ਤੀਸਰੇ-ਚੌਥੇ ਦਿਨ ਸਾਫਟਵੇਅਰ ਦੀ ਅਪ-ਡੇਟਿੰਗ ਸ਼ੁਰੂ ਹੋ ਜਾਂਦੀ ਹੈ। ਸਾਨੂੰ ਪੁੱਛੇ ਬਿਨਾਂ ਏਹੋ ਜਿਹੀ ਅਪ-ਡੇਟਿੰਗ ਕਰਨ ਦਾ ਪ੍ਰਬੰਧ ਅਗੇਤਾ ਕਰੀ ਬੈਠੀਆਂ ਫੋਨ ਕੰਪਨੀਆਂ ਸਿਰਫ ਅਪ-ਡੇਟਿੰਗ ਕਰਦੀਆਂ ਹਨ ਜਾਂ ਇਸ ਦੇ ਬਹਾਨੇ ਨਾਲ ਸਾਡੇ ਫੋਨ ਵਿੱਚੋਂ ਹਰ ਕਿਸਮ ਦਾ ਡਾਟਾ ਕੱਢ ਲੈਂਦੀਆਂ ਹਨ, ਅਸੀਂ ਇਹ ਨਹੀਂ ਜਾਣ ਸਕਦੇ। ਆਮ ਆਦਮੀ ਕਿਸੇ ਕਿਸਮ ਦੀ ਕੋਈ ਐਪ ਆਪਣੇ ਫੋਨ ਉੱਤੇ ਜਦੋਂ ਡਾਊਨਲੋਡ ਕਰਦਾ ਹੈ ਤਾਂ ਕਈ ਥਾਈਂ ਇਸ ਐਪ ਨਾਲ ਸੰਬੰਧਤ ਸ਼ਰਤਾਂ ਅਤੇ ਕੰਡੀਸ਼ਨਾਂ ਜੁੜੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਭੇਦ ਦੱਸੇ ਬਿਨਾਂ ਇਹ ਲਿਖਿਆ ਮਿਲਦਾ ਹੈ ਕਿ ਤੁਸੀਂ ਇਸ ਨੂੰ 'ਐਕਸੈਪਟ' (ਪ੍ਰਵਾਨ) ਕਰੋ, ਵਰਨਾ ਉਹ ਐਪ ਚੱਲ ਨਹੀਂ ਸਕਦੀ। ਉਨ੍ਹਾਂ ਸ਼ਰਤਾਂ ਦਾ ਸਾਨੂੰ ਪਤਾ ਹੀ ਨਹੀਂ ਹੁੰਦਾ ਤੇ ਅਸੀਂ ਹਰ ਥਾਂ ਐਕਸੈਪਟ ਉੱਤੇ ਕਲਿਕ ਕਰ ਕੇ ਆਪਣੇ ਹੱਥ ਵੱਢ ਕੇ ਦੇਈ ਜਾਂਦੇ ਹਾਂ। ਸਾਡੇ ਕੋਲ ਕੰਪਿਊਟਰ ਜਾਂ ਲੈਪ-ਟਾਪ ਦਾ ਹੋਣਾ ਅੱਜਕੱਲ੍ਹ ਆਮ ਗੱਲ ਹੈ, ਇਸ ਦੀ ਸਕਰੀਨ ਉੱਪਰ ਕੈਮਰਾ ਵੀ ਲੱਗਾ ਆਉਣ ਲੱਗ ਪਿਆ ਹੈ। ਮਾਹਰ ਕਹਿੰਦੇ ਹਨ ਕਿ ਉਹ ਕੈਮਰਾ ਕੰਪਿਊਟਰ ਦੇ ਬੰਦ ਕੀਤੇ ਤੋਂ ਵੀ ਚੱਲਦਾ ਰਹਿੰਦਾ ਹੈ ਤੇ ਜਦੋਂ ਤੁਸੀਂ ਅਗਲੀ ਵਾਰੀ ਕੰਪਿਊਟਰ ਨੂੰ ਚਾਲੂ ਕਰਦੇ ਹੋ ਤਾਂ ਇੰਟਰਨੈੱਟ ਮਿਲਦੇ ਸਾਰ ਆਪਣੀ ਸਾਰੀ ਰਿਕਾਰਡਿੰਗ ਕਿਸ ਕੰਪਨੀ ਨੂੰ ਕਿੱਦਾਂ ਭੇਜਦਾ ਹੈ, ਸਾਨੂੰ ਕਦੀ ਇਹ ਪਤਾ ਹੀ ਨਹੀਂ ਲੱਗਦਾ। ਅਸੀਂ ਕਿਸੇ ਪਾਸੇ ਜਾਂਦੇ ਹਾਂ ਤਾਂ ਓਥੋਂ ਦਾ ਵਾਈ-ਫਾਈ ਕੁਨੈਕਸ਼ਨ ਬੜੇ ਆਰਾਮ ਨਾਲ ਵਰਤਦੇ ਹਾਂ, ਪਰ ਸਾਨੂੰ ਇਹ ਗੱਲ ਪਤਾ ਨਹੀਂ ਹੁੰਦੀ ਕਿ ਜਿਸ ਵਿਅਕਤੀ ਕੋਲ ਇਸ ਵਾਈ-ਫਾਈ ਦੇ ਪਾਸਵਰਡ ਹਨ, ਉਹ ਇਸ ਵਿੱਚੋਂ ਸਾਰੀ ਜਾਣਕਾਰੀ ਕੱਢ ਸਕਦਾ ਹੈ ਅਤੇ ਸਾਡੇ ਪਾਸਵਰਡ ਵੀ ਉਸ ਨੂੰ ਮਿਲ ਸਕਦੇ ਹਨ। ਆਪਣੇ ਘਰ ਵਿੱਚ ਅਸੀਂ ਜਿਸ ਕਿਸੇ ਕੰਪਨੀ ਦੀ ਇੰਟਰਨੈੱਟ ਲਾਈਨ ਲਵਾ ਲਈ ਹੈ, ਉਸ ਦੇ ਇੰਜੀਨੀਅਰ ਇਸ ਦੀ ਵਰਤੋਂ ਕਰ ਕੇ ਸਾਡਾ ਹਰ ਪਾਸਵਰਡ ਕੱਢਣ ਦੀ ਤਾਕਤ ਰੱਖਦੇ ਹਨ। ਅਸੀਂ ਉਨ੍ਹਾਂ ਤੋਂ ਕੁਝ ਛਿਪਾਉਣਾ ਵੀ ਚਾਹੀਏ ਤਾਂ ਛਿਪਾ ਨਹੀਂ ਸਕਦੇ। ਲਗਭਗ ਹਰ ਥਾਂ ਮਨੁੱਖ ਇੱਕ ਤਰ੍ਹਾਂ ਇਨ੍ਹਾਂ ਸਰਵਿਸ ਪ੍ਰੋਵਾਈਡਰ ਕੰਪਨੀਆਂ ਦੀ ਨਜ਼ਰ ਹੇਠ ਰਹਿਣ ਨੂੰ ਮਜਬੂਰ ਹੈ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਰਾਸ਼ਟਰਪਤੀ ਚੋਣ ਵਿੱਚ ਡੋਨਾਲਡ ਟਰੰਪ ਅਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦਾ ਮੁਕਾਬਲਾ ਸੀ, ਓਦੋਂ ਚੋਣ ਪ੍ਰਚਾਰ ਦੇ ਆਖਰੀ ਹਫਤੇ ਇੱਕ ਖਬਰ ਆਈ ਸੀ ਕਿ ਹਿਲੇਰੀ ਨੇ ਵਿਦੇਸ਼ ਮੰਤਰੀ ਹੁੰਦਿਆਂ ਬਹੁਤ ਨਾਜ਼ਕ ਮੈਸੇਜ ਸਰਕਾਰੀ ਈਮੇਲ ਦੀ ਥਾਂ ਪ੍ਰਾਈਵੇਟ ਈਮੇਲ ਤੋਂ ਭੇਜੇ ਸਨ। ਆਮ ਲੋਕਾਂ ਲਈ ਇਹ ਗੱਲ ਛੋਟੀ ਹੋਵੇਗੀ, ਪਰ ਚੋਣ ਪ੍ਰਚਾਰ ਦੇ ਆਖਰੀ ਹਫਤੇ ਆਈ ਇਹ ਖਬਰ ਹਿਲੇਰੀ ਕਲਿੰਟਨ ਦੇ ਜੜ੍ਹੀਂ ਇਸ ਲਈ ਬਹਿ ਗਈ ਸੀ ਕਿ ਸਰਕਾਰੀ ਸੰਦੇਸ਼ਾਂ ਲਈ ਪ੍ਰਾਈਵੇਟ ਈਮੇਲ ਦੀ ਵਰਤੋਂ ਦੇਸ਼ ਦੀ ਸੁਰੱਖਿਆ ਲਈ ਖਤਰਾ ਸਮਝੀ ਗਈ ਸੀ। ਜਿਹੜੀ ਪ੍ਰਾਈਵੇਟ ਸਰਵਿਸ ਪ੍ਰੋਵਾਈਡਰ ਕੰਪਨੀ ਨਾਲ ਉਸ ਦੀ ਈਮੇਲ ਦਾ ਸੰਬੰਧ ਸੀ, ਉਹ ਹਿਲੇਰੀ ਕਲਿੰਟਨ ਦੀ ਉਸ ਈਮੇਲ ਨੂੰ ਪੜ੍ਹ ਸਕਦੀ ਸੀ। ਬੇਸ਼ੱਕ ਕਿਸੇ ਨੇ ਵੀ ਨਾ ਪੜ੍ਹੀ ਹੋਵੇ, ਪਰ ਇਹ ਗੱਲ ਵੱਡੀ ਭੁੱਲ ਮੰਨੀ ਗਈ ਸੀ। ਅਸੀਂ ਲੋਕ ਆਪਣੀ ਈਮੇਲ ਦੀ ਆਈ ਡੀ ਜਿਸ ਕੰਪਨੀ ਦੇ ਸਰਵਰ ਤੋਂ ਬਣਾਉਂਦੇ ਹਾਂ, ਕਿਸੇ ਜੁਰਮ ਦੀ ਜਾਂਚ ਵਿੱਚ ਪੁਲਸ ਜਾਂ ਕੋਈ ਹੋਰ ਏਜੰਸੀ ਉਨ੍ਹਾਂ ਕੋਲੋਂ ਕਦੀ ਉਸ ਦੇ ਵੇਰਵਾ ਮੰਗ ਲਵੇ ਤੇ ਉਹ ਦੇਣ ਲਈ ਤਿਆਰ ਹੋ ਜਾਣ ਤਾਂ ਸਾਰਾ ਡਾਟਾ ਉਨ੍ਹਾਂ ਕੋਲ ਮੌਜੂਦ ਹੁੰਦਾ ਹੈ। ਭਾਰਤ ਸਰਕਾਰ ਜਦੋਂ ਟਵਿੱਟਰ, ਵਾਟਸਐਪ ਤੇ ਹੋਰ ਸਰਵਿਸ ਪ੍ਰੋਵਾਈਡਰ ਸੋਸਲ ਮੀਡੀਆ ਕੰਪਨੀਆਂ ਉੱਤੇ ਸ਼ਿਕੰਜਾ ਕੱਸਣ ਦੇ ਯਤਨ ਕਰਦੀ ਹੈ ਤਾਂ ਉਹ ਉਨ੍ਹਾਂ ਕੰਪਨੀਆਂ ਉੱਤੇ ਨਹੀਂ, ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਨਕੇਲ ਪਾਉਣ ਦੇ ਯਤਨ ਕਰਦੀ ਹੈ। ਬਹਾਨਾ ਦੇਸ਼ ਦੀ ਸੁਰੱਖਿਆ ਅਤੇ ਅਮਨ-ਕਾਨੂੰਨ ਦਾ ਬਣਾਇਆ ਜਾਂਦਾ ਹੈ।

ਬਹੁਤ ਸਾਰੇ ਦੇਸ਼ਾਂ ਵਿੱਚ ਇਸ ਵਕਤ ਆਮ ਇਨਸਾਨ ਦੀ ਪ੍ਰਾਈਵੇਸੀ, ਉਸ ਦੀ ਨਿੱਜੀ ਜ਼ਿੰਦਗੀ ਦੇ ਭੇਦ, ਦਾ ਕੁਝ ਓਹਲਾ ਰੱਖਣ ਦੇ ਕੇਸ ਚੱਲ ਰਹੇ ਹਨ ਤੇ ਇਸ ਦੀ ਬਹਿਸ ਵੀ ਹੋ ਰਹੀ ਹੈ। ਇਸ ਪ੍ਰਾਈਵੇਸੀ ਨੂੰ ਅਸੂਲਾਂ ਦਾ ਮਾਮਲਾ ਮੰਨ ਕੇ ਚਰਚਾ ਹੁੰਦੀ ਹੈ। ਅਸਲ ਵਿੱਚ ਪ੍ਰਾਈਵੇਸੀ ਉੱਤੇ ਅਸੂਲਾਂ ਦੀ ਅਣ-ਦਿੱਸਦੀ ਚਾਦਰ ਅਸਲੋਂ ਪਤਲੀ ਜਿਹੀ ਜਾਪਣ ਲੱਗ ਪਈ ਹੈ। ਸਰਕਾਰਾਂ ਵੀ ਆਮ ਆਦਮੀ ਦੀ ਪ੍ਰਾਈਵੇਸੀ ਵਿੱਚ ਝਾਤੀਆਂ ਮਾਰੀ ਜਾਂਦੀਆਂ ਹਨ, ਟੈਲੀਫੋਨ ਕੰਪਨੀਆਂ ਵੀ ਅਤੇ ਲੋਕਾਂ ਨੂੰ ਸੂਚਨਾ ਪੁਚਾਉਣ ਤੋਂ ਲੈ ਕੇ ਵੱਖ-ਵੱਖ ਕਿਸਮਾਂ ਦੀਆਂ ਮਨੋਰੰਜਨ ਦੀਆਂ ਐਪਸ ਪੇਸ਼ ਕਰਨ ਵਾਲੀਆਂ ਕੰਪਨੀਆਂ ਕੋਲ ਵੀ ਸਾਡੀ ਜ਼ਿੰਦਗੀ ਦੀ ਹਰ ਤਹਿ ਫੋਲਣ ਦਾ ਹੱਕ ਓਦੋਂ ਪਹੁੰਚ ਜਾਂਦਾ ਹੈ, ਜਦੋਂ ਅਸੀਂ ਉਹ ਐਪ ਚਾਲੂ ਕਰਨ ਸਮੇਂ ਸ਼ਰਤਾਂ ਬਾਰੇ ਲਿਖੀ 'ਐਕਸੈਪਟ' ਦੀ ਚਾਬੀ ਨੂੰ ਕਲਿੱਕ ਕਰ ਦੇਂਦੇ ਹਾਂ। ਉਹ ਕੰਪਨੀਆਂ ਜਦੋਂ ਚਾਹੁਣ ਤੇ ਜਿਵੇਂ ਵੀ ਚਾਹੁਣ, ਇਸ ਦੀ ਵਰਤੋਂ ਸਾਨੂੰ ਦੱਸੇ ਬਿਨਾਂ ਕਰ ਸਕਦੀਆਂ ਹਨ। ਸਾਡੀ ਪ੍ਰਾਈਵੇਸੀ ਸਿਰਫ ਨਾਂਅ ਦੀ ਬਾਕੀ ਹੈ। ਹਕੀਕਤ ਇਹ ਹੈ ਕਿ ਅਸੂਲਾਂ ਦੀ ਅਣ-ਦਿੱਸਦੀ ਚਾਦਰ ਓਹਲੇ ਸੰਸਾਰ ਬਾਜ਼ਾਰ ਵਿੱਚ ਅੱਜ ਦਾ ਮਨੁੱਖ ਅਸਲੋਂ ਬੇਪਰਦ ਖੜਾ ਹੈ ਅਤੇ ਏਦੂੰ ਵੀ ਵੱਡੀ ਭੇਦ ਦੀ ਗੱਲ ਇਹ ਹੈ ਕਿ ਉਸ ਨੂੰ ਆਪਣੇ ਬੇਪਰਦ ਹੋਣ ਦਾ ਪਤਾ ਹੀ ਨਹੀਂ।

## ਮਿੰਨੀ ਕਹਾਣੀ

## ਵਤੀਰਾ

-ਰੀਟਾ ਮੱਕੜ-

ਸੁਨੀਤਾ ਵਿਆਹ ਕਰ ਕੇ ਅਜਿਹੇ ਸਹੁਰੇ ਗਈ, ਜਿੱਥੇ ਨਾ ਤਾਂ ਉਸ ਦੀ ਸੁਣਨ ਵਾਲਾ ਕੋਈ ਸੀ ਅਤੇ ਨਾ ਹੀ ਕੋਈ ਆਪਣਾ ਹੋਰ ਹਮਦਰਦ ਸੀ। ਹਰ ਕੋਈ ਉਸ ਨੂੰ ਦਬਾਉਣ ਦੀ ਕੋਸ਼ਿਸ਼ ਕਰਦਾ ਅਤੇ ਉਹ ਚੁੱ-ਪਚਾਪ ਸਭ ਸਹਿੰਦੀ ਰਹਿੰਦੀ ਅਤੇ ਸਾਰਿਆਂ ਦੇ ਕੰਮ ਵੀ ਕਰਦੀ ਰਹਿੰਦੀ। ਫਿਰ ਵੀ ਨਣਾਨਾਂ ਅਤੇ ਦਿਓਰ ਬਿਨਾਂ ਗੱਲ ਉਸ ਨਾਲ ਲੜਦੇ ਅਤੇ ਉਸ ਨੂੰ ਬਹੁਤ ਤੰਗ ਕਰਦੇ। ਉਪਰੋਂ ਪਤੀ ਵੀ ਅਜਿਹਾ ਕਿ ਜਿਵੇਂ ਸਭ ਕੁਝ ਦੇਖ ਕੇ ਵੀ ਅਣਦੇਖਿਆ ਕਰ ਦਿੰਦਾ। ਉਹ ਜਦੋ ਵੱਧ ਪ੍ਰੇਸ਼ਾਨ ਹੁੰਦੀ, ਚੁੱਪਚਾਪ ਆਪਣੇ ਕਮਰੇ ਵਿੱਚ ਜਾ ਕੇ ਰੋ ਲੈਂਦੀ। ਪੇਕੇ ਜਾਂਦੀ ਤਾਂ ਉਥੇ ਵੀ ਕਿਸੇ ਨੂੰ ਕੁਝ ਨਾ ਦੱਸਦੀ, ਪਰ ਮਾਂ ਆਪਣੇ ਬੱਚੇ ਦੀ ਰਗ ਰਗ ਤੋਂ ਜਾਣੂ ਹੁੰਦੀ ਹੈ। ਸੁਨੀਤਾ ਭਾਵੇਂ ਕੁਝ ਨਾ ਦੱਸਦੀ, ਪਰ ਦੀ ਮਾਂ ਦੀਆਂ ਪਾਰਖੂ ਨਜ਼ਰਾਂ ਸਭ ਜਾਣ ਗਈਆਂ ਸਨ। ਉਹ ਸਮਝ ਰਹੀ ਸੀ ਕਿ ਉਹ ਸਹੁਰੇ ਘਰ ਬਹੁਤੀ ਸੁਖਾਲੀ ਨਹੀਂ ਰਹਿ ਰਹੀ। ਉਸ ਨਾਲ ਬਾਕੀ ਸਾਰੇ ਚੰਗਾ ਵਿਹਾਰ ਨਹੀਂ ਕਰ ਰਹੇ।

ਸੁਨੀਤਾ ਦੀ ਮਾਂ ਨੇ ਵੀ ਆਪਣੀ ਬੇਟੀ ਦੇ ਚਿਹਰਾ ਦੇਖ ਕੇ ਜਾਣ ਲਿਆ ਸੀ ਕਿ ਬੇਟੀ ਉਪਰੋਂ ਖੁਸ਼ ਹੋਣ ਦਾ ਦਿਖਾਵਾ ਕਰਦੀ ਹੈ, ਪਰ ਜੋ ਖੁਸ਼ੀ ਵਿਆਹ ਦੇ ਬਾਅਦ ਲੜਕੀਆਂ ਦੇ ਚਿਹਰੇ ਉੱਤੇ ਚਾਹੀਦੀ ਹੈ, ਉਹ ਨਹੀਂ ਦਿੱਸਦੀ ਅਤੇ ਵਿਆਹ ਤੋਂ ਪਹਿਲਾਂ ਵਾਲੇ ਚਿਹਰੇ ਦੀ ਚਮਕ ਗੁਆਚ ਗਈ ਹੈ, ਪਰ ਉਸ ਨੇ ਬੇਟੀ ਨੂੰ ਬਹੁਤਾ ਕੁਰੇਦਣਾ ਠੀਕ ਨਹੀਂ ਸਮਝਿਆ ਅਤੇ ਕਿਹਾ, ''ਦੇਖੋ ਸੁਨੀਤਾ ਬੇਟਾ, ਅਨਿਆਂ ਕਰਨਾ ਜੇ ਗਲਤ ਹੈ ਤਾਂ ਅਨਿਆਂ ਸਹਿਣਾ ਉਸ ਤੋਂ ਵੀ ਵੱਧ ਗਲਤ ਹੈ। ਜੇ ਤੁਸੀਂ ਖੁਦ ਪਹਿਲਾਂ ਕਿਸੇ ਦਾ ਬੁਰਾ ਨਹੀਂ ਕਰਦੇ ਤਾਂ ਜੇ ਤੇਰੇ ਨਾਲ ਕੋਈ ਗਲਤ ਕਰੇ ਤਾਂ ਤੈਨੂੰ ਉਸ ਦੇ ਵਿਰੁੱਧ ਵੀ ਖੁਦ ਆਵਾਜ਼ ਚੁੱਕਣੀ ਹੋਵੇਗੀ।''

ਸੁਨੀਤਾ ਨੇ ਉਨ੍ਹਾਂ ਦੀ ਇਹ ਗੱਲ ਪੱਲੇ ਬੰਨ੍ਹ ਲਈ। ਅਗਲੀ ਵਾਰ ਜਦੋਂ ਨਨਾਣ-ਦਿਓਰ ਨੇ ਉਸ ਨਾਲ ਮਾੜਾ ਵਤੀਰਾ ਕੀਤਾ ਤਾਂ ਸੁਨੀਤਾ ਮਨ ਹੀ ਮਨ ਮਾਂ ਦੀ ਗੱਲ ਯਾਦ ਕਰ ਕੇ ਜਿਵੇਂ ਹਿੰਮਤ ਆ ਗਈ। ਉਹ ਉਨ੍ਹਾਂ ਨੂੰ ਬੋਲੀ, ''ਦੇਖੋ ਮੇਰੇ ਨਾਲ ਜੋ ਕੋਈ ਕੁਝ ਗਲਤ ਕਰਦਾ ਹੈ, ਮੈਂ ਉਸ ਦੇ ਅੱਗੇ ਤੋਂ ਗਲਤ ਤਾਂ ਨਹੀਂ ਕਰਦੀ ਨਾ ਹੀ ਪਲਟ ਕੇ ਜਵਾਬ ਦਿੰਦੀ ਹਾਂ, ਪਰ ਆਪਣੀ ਝੋਲੀ ਉਲਟੀ ਕਰ ਕੇ ਝਾੜ ਦਿੰਦੀ ਹਾਂ, ਹੇ ਰੱਬਾ ਜਿਸ ਨੇ ਮੈਨੂੰ ਜੋ ਦਿੱਤਾ, ਵਾਪਸ ਉਸੇ ਕੋਲ ਚਲਾ ਜਾਵੇ।''

ਸੁਨੀਤਾ ਦੀ ਗੱਲ ਸੁਣ ਕੇ ਸਾਰੇ ਸਹਿਮ ਗਏ ਉਸ ਦੇ ਬਾਅਦ ਭਾਵੇਂ ਡਰੇ ਤਾਂ ਹੀ ਸਹੀ, ਸੁਨੀਤਾ ਨੂੰ ਸਭ ਦੇ ਵਤੀਰੇ ਵਿੱਚ ਕਾਫੀ ਬਦਲਾਅ ਦਿਸਿਆ। ਸੱਚ ਵਿੱਚ ਜੋ ਦੂਸਰਿਆਂ ਦੇ ਲਈ ਟੋਇਆ ਪੁੱਟਦੇ ਹਨ, ਖੁਦੁਸ ਵਿੱਚ ਡਿੱਗਣ ਦੇ ਨਾਂਅ ਤੋਂ ਹੀ ਕਿੰਨਾ ਡਰਦੇ ਹਨ।''

# ਜਦੋਂ ਥਾਣੇਦਾਰ ਦਾ ਮੋਬਾਈਲ ਮੋੜਿਆ

-ਸੁਰਜੀਤ ਭਗਤ

ਅਜੇ ਮੈਂ ਸਟੇਟ ਬੈਂਕ ਆਫ ਪਟਿਆਲਾ ਦੀ ਭਾਰਤ ਨਗਰ ਚੌਕ, ਲੁਧਿਆਣਾ ਬ੍ਰਾਂਚ ਵਿੱਚੋਂ ਬਾਹਰ ਨਿਕਲ ਕੇ ਮੋਟਰ ਸਾਈਕਲ ਸਟਾਰਟ ਕਰਨ ਲੱਗਾ ਸਾਂ ਕਿ ਥੱਲੇ ਪਿਆ ਇੱਕ ਮੋਬਾਈਲ ਅਚਾਨਕ ਮੇਰੀ ਨਜ਼ਰੀਂ ਪਿਆ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਮੋਬਾਈਲ ਫੋਨਾਂ ਦਾ ਅੱਜ ਵਾਂਗ ਘੜਮੱਸ ਨਹੀਂ ਸੀ ਪਿਆ ਕਿ ਮੰਗਤੇ ਵੀ ਫੋਨ ਫੜੀ ਫਿਰਦੇ ਹੋਣ। ਇਹ ਉਹ ਸਮਾਂ ਸੀ, ਜਦੋਂ ਮੋਬਾਈਲ ਫੋਨ ਕਮੀਜ਼ ਦੀ ਮੋਹਰਲੀ ਜੇਬ ਵਿੱਚ ਹੋਣਾ ਇੱਕ ਰੁਤਬਾ ਮੰਨਿਆ ਜਾਂਦਾ ਸੀ। ਉਸ ਦਾ ਦੋ ਇੰਚੀ ਬਾਹਰ ਨਿਕਲਿਆ ਐਨਟੀਨਾ ਵੀ ਲੋਕ ਤਾਜ਼ੀ ਬੰਨ੍ਹੀ ਪੱਗ ਵਾਂਗ ਸ਼ੀਸ਼ੇ ਵਿੱਚ ਨਿਹਾਰਦੇ ਸਨ। ਖੈਰ, ਫੋਨ ਚੁੱਕ ਲਿਆ ਤੇ ਅੱਗੇ ਪਿੱਛੇ ਵੇਖਣ ਲੱਗਾ, ਮਤਾ ਇਸ ਦਾ ਮਾਲਕ ਕਿਸੇ ਪਾਸਿਓਂ ਆ ਹੀ ਨਿਕਲੇ।

ਕੋਈ ਅੱਗੇ ਪਿੱਛੇ ਨਾ ਆਉਂਦਾ ਵੇਖ ਕੇ ਮੈਂ ਮੋਬਾਈਲ ਤੋਂ ਕੀਤੀ ਆਖਰੀ ਕਾਲ ਬਾਰੇ ਪਤਾ ਕਰਨ ਦਾ ਯਤਨ ਕਰਨ ਲੱਗਾ ਤਾਂ ਕਿ ਇਸ ਉੱਤੇ ਦੁਬਾਰਾ ਫੋਨ ਕਰ ਕੇ ਉਸ ਦੇ ਮਾਲਕ ਦਾ ਪਤਾ ਲਾਇਆ ਜਾ ਸਕੇ। ਬੈਂਕ ਵਿੱਚ ਮੇਰੇ ਨਾਲ ਆਏ ਸੱਜਣ ਵੱਲੋਂ ਦਿੱਤੀ 'ਨੇਕ ਸਲਾਹ' ਮੁਤਾਬਕ ਸਿਮ ਬਾਹਰ ਕੱਢ ਕੇ ਸੁੱਟ ਦੇਣ ਬਾਰੇ ਤਾਂ ਬਿਲਕੁਲ ਹੀ ਨਹੀਂ ਸੀ ਸੋਚ ਸਕਦਾ ਸਗੋਂ ਮੈਂ ਉਸ ਦੇ ਅਸਲੀ ਮਾਲਕ ਤੱਕ ਉਸ ਨੂੰ ਪੁਚਾਉਣ ਦਾ ਪ੍ਰਬਲ ਖਾਹਿਸ਼ਮੰਦ ਸਾਂ। ਲੱਖ ਕੋਸ਼ਿਸ਼ ਉੱਤੇ ਵੀ ਵਾਪਸੀ ਕਾਲ ਨਾ ਹੋ ਸਕੀ। ਫੋਨ ਉੱਤੇ ਕਿਸੇ ਪਾਸਿਓਂ ਆਉਣ ਵਾਲੀ ਕਾਲ ਦਾ ਇੰਤਜ਼ਾਰ ਕਰਨ ਤੋਂ ਇਲਾਵਾ ਮੇਰੇ ਕੋਲ ਚਾਰਾ ਨਹੀਂ ਸੀ ਰਹਿ ਗਿਆ। ਮੈਂ ਫੋਨ ਜੇਬ ਵਿੱਚ ਪਾ ਕੇ ਘਰ ਨੂੰ ਹੋ ਤੁਰਿਆ। ਕੋਈ ਪੌਣੇ ਕੁ ਘੰਟੇ ਬਾਅਦ ਫੋਨ ਦੀ ਘੰਟੀ ਵੱਜੀ। ਚੁੱਕਿਆ ਤਾਂ ਇੱਕ ਰੋਅਬਦਾਰ ਆਵਾਜ਼ ਮੇਰੇ ਕੰਨੀ ਪਈ। ''ਕੌਣ ਬੋਲਦੈਂ?'' ਉਸ ਦੇ ਪੁੱਛਣ ਦਾ ਲਹਿਜ਼ਾ ਕਾਫੀ ਰੁੱਖਾ ਸੀ। ''ਮੈਂ ਜੀ...'' ਆਪਣਾ ਨਾਂਅ ਦੱਸਿਆ। ''ਤੈਨੂੰ ਪਤੈ ਇਹ ਫੋਨ ਕੀਹਦਾ?'' ਆਵਾਜ਼ ਰੁੱਖੇਪਣ ਤੋਂ ਪੁਲਸੀਆ ਦਾਬੇ ਵਿੱਚ ਬਾਦਲ ਗਈ। ''ਜੀ ਤੁਹਾਡਾ ਹੀ ਹੋਣੈ, ਜੋ ਕਹਿ ਰਹੇ ਹੋ'' ਮੈਂ ਅਜੇ ਵੀ ਸਹਿਜ ਸਾਂ। ''ਮਾਂ ਥਾਣੇਦਾਰ ਬੋਲਦਾਂ।'' ਉਸ ਦੇ ਬੋਲਾਂ ਤੋਂ ਪੁਲਸੀਆ ਸੁਭਾਅ ਦੀ ਸਪੱਸ਼ਟ ਝਲਕ ਪੈ ਰਹੀ ਸੀ। ''ਦੱਸੋ ਜੀ, ਫਿਰ ਮੇਰੇ ਲਾਇਕ ਕੋਈ ਸੇਵਾ?'' ਮੈਂ ਅਜੇ ਵੀ ਬੜੇ ਠਰ੍ਹੰਮੇ ਨਾਲ ਉਤਰ ਦੇ ਰਿਹਾ ਸਾਂ। ''ਇਹ ਮੇਰਾ ਫੋਨ ਆ।'' ਉਸ ਅਜੇ ਵੀ ਉਸੇ ਲਹਿਜ਼ੇ ਵਿੱਚ ਬੋਲ ਰਿਹਾ ਸੀ। ''ਮੈਂ ਤਾਂ ਜਨਾਬ ਇਹ ਕਿਹਾ ਹੀ ਨਹੀਂ ਕਿ ਇਹ ਫੋਨ ਮੇਰਾ ਆ।'' ਮੈਂ ਇਹ ਤਾੜ ਗਿਆ ਕਿ ਉਹ ਸ਼ਾਇਦ ਇਹ ਚਾਹੁੰਦਾ ਸੀ ਕਿ ਉਸ ਦਾ ਫੋਨ ਮੈਂ ਉਥੇ ਜਾ ਕੇ ਦੇ ਆਵਾਂ ਜਿੱਥੇ ਉਹ ਇਸ ਵਕਤ ਖੜਾ ਸੀ। ਮੈਂ ਬਿਨਾਂ ਡਰੇ, ਬਿਨਾਂ ਘਬਰਾਏ ਕਿਹਾ, ''ਜਨਾਬ ਤੁਸੀਂ ਤਾਂ ਆਲ੍ਹਾ ਅਫਸਰ ਓ ਪੁਲਸ ਦੇ, ਜੇ ਫੋਨ ਤੁਹਾਡਾ ਏ ਤਾਂ ਤੁਹਾਨੂੰ ਦੇਣਾ ਹੀ ਏ, ਪਰ ਜੇ ਇਹ ਫੋਨ ਜੇ ਕਿਸੇ ਰਾਜ ਮਿਸਤਰੀ ਨਾਲ ਕੰਮ ਕਰਦੇ ਦਿਹਾੜੀਦਾਰ ਮਜ਼ਦੂਰ ਦਾ ਵੀ ਹੁੰਦਾ ਤਾਂ ਮੈਂ ਉਸ ਨੂੰ ਜਾ ਕੇ ਫੜਾ ਆਉਣਾ ਸੀ।'' ''ਬੱਲੇ ਓ ਤੇਰੇ'' ਉਸ ਦੇ ਮੂੰਹੋਂ ਨਿਕਲਿਆ। ਸ਼ਾਇਦ ਉਹ ਮੇਰੇ ਤੋਂ ਅਜਿਹੇ ਮੂੰਹ ਫੱਟ ਹੋਣ ਦੀ ਆਸ ਨਹੀਂ ਸੀ ਰੱਖਦਾ।



''ਮੈਂ ਅਜੇ ਅੱਧਾ ਪੌਣਾ ਘੰਟਾ ਘਰੇ ਹਾਂ। ਆ ਜੋ ਅਤੇ ਆ ਕੇ ਫੋਨ ਲੈ ਜਾਓ। ਨਹੀਂ ਤਾਂ ਬਾਅਦ ਵਿੱਚ ਘਰੋਂ ਆ ਕੇ ਲੈ ਜਾਣਾ। ਮੈਂ ਜਵਾਹਰ ਨਗਰ ਰਹਿੰਦਾ ਹਾਂ। ਮੈਂ ਆਪਣਾ ਸਿਰਨਾਵਾਂ ਦੱਸਿਆ। ''ਕੈਂਪ ਵਿੱਚ?'' ਕੈਂਪ ਲਫਜ਼ ਸੁਣ ਕੇ ਉਹ ਕੁਝ ਏਦਾਂ ਤ੍ਰਭਕਿਆ, ਜਿਵੇਂ ਮੈਂ ਉਸ ਉੱਤੇ ਕੋਈ ਪੱਥਰ ਸੁੱਟ ਦਿੱਤਾ ਹੋਵੇ। ਇਥੇ ਰਹਿਣ ਵਾਲੇ ਲੋਕਾਂ ਉੱਤੇ ਉਸ ਨੂੰ ਸ਼ਾਇਦ ਇਤਬਾਰ ਨਹੀਂ ਸੀ। ਦਰਅਸਲ 1947 ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਆਏ ਗਰੀਬ-ਗੁਰਬੇ ਲੋਕਾਂ ਲਈ ਸਮੇਂ ਦੀ ਸਰਕਾਰ ਵੱਲੋਂ ਉਨ੍ਹਾਂ ਨੂੰ ਛੋਟੇ-ਛੋਟੇ 'ਮਡ ਹੱਟ' ਬਣਾ ਕੇ ਦਿੱਤੇ ਗਏ ਸਨ। ਸਿਤਮ ਜ਼ਰੀਫੀ ਦੀ ਗੱਲ ਇਹ ਹੈ ਕਿ ਆਜ਼ਾਦੀ ਦੇ ਸੱਤ ਤੋਂ ਵੱਧ ਦਹਾਕੇ ਬੀਤਣ ਦੇ ਬਾਵਜੂਦ ਗਰੀਬੀ ਉੱਤੇ ਅਨਪੜ੍ਹਤਾ ਕਾਰਨ ਇੱਥੇ ਰਹਿਣ ਵਾਲਿਆਂ ਨੂੰ ਬਹੁਤੇ ਚੰਗੇ ਨਹੀਂ ਸੀ ਸਮਝਿਆ ਜਾਂਦਾ। ਬੇਹੱਦ ਸੰਘਣੀ ਆਬਾਦੀ ਸੀ। ਘਣਤਾ ਦੇ ਹਿਸਾਬ ਨਾਲ ਬੱਕਰੀਆਂ ਦੇ ਵਾੜੇ ਨਾਲੋਂ ਵੀ ਗੱਲ ਗਈ ਗੁਜ਼ਰੀ ਸੀ।''ਮੈਂ ਇੱਥੇ ਹੀ ਜੰਮਿਆਂ ਪਲਿਆ, ਪੜ੍ਹਿਆ ਤੇ ਇੱਥੇ ਹੀ ਰਹਿੰਦਾ ਹਾਂ। ਮੇਰਾ ਨਾਂਅ ਪੁੱਛ ਲਓ ਤੇ ਫਲਾਣੇ ਥਾਂ ਆ ਜਾਣਾ।'' ਮੈਂ ਉਸ ਨੂੰ ਨਕਸ਼ਾ ਸਮਝਾ ਦਿੱਤਾ। ਪਤਾ ਨਹੀਂ ਉਸ ਨੂੰ ਮੇਰੀਆਂ ਗੱਲਾਂ ਉੱਤੇ ਕਿੰਨਾ ਇਤਬਾਰ ਸੀ। ਉਹ ਅੱਧੇ ਘੰਟੇ ਦੀ ਥਾਂ ਪੰਦਰਾਂ-ਵੀਹਾਂ ਮਿੰਟਾਂ ਵਿੱਚ ਉਥੇ ਆ ਪੁੱਜਾ। ਮਿੱਥੀ ਜਗ੍ਹਾ ਉੱਤੇ ਜਦੋਂ ਮੈਂ ਉਸ ਨੂੰ ਮਿਲ ਕੇ ਉਸ ਦਾ ਫੋਨ ਉਸ ਦੇ ਹਵਾਲ ਕੀਤਾ ਤਾਂ ਉਸ ਨੂੰ ਜਿਵੇਂ ਯਕੀਨ ਨਹੀਂ ਸੀ ਆ ਰਿਹਾ ਕਿ ਉਹ 'ਕੈਂਪ' ਵਿੱਚ ਖੜ੍ਹਾ ਹੈ ਅਤੇ ਇਸ ਇਲਾਕੇ ਦੇ ਇੱਕ ਬਾਸ਼ਿੰਦੇ ਕੋਲੋਂ ਆਪਣਾ ਡਿੱਗਾ ਫੋਨ ਵਾਪਸ ਲੈ ਰਿਹਾ ਹੈ। ਮੈਂ ਉਸ ਨੂੰ ਇਹ ਵੀ ਦੱਸਿਆ ਕਿ ਚੰਗੇ-ਮੰਦੇ ਬੰਦੇ ਹਰ ਇਲਾਕੇ ਵਿੱਚ ਹੁੰਦੇ ਹਨ, ਗਰੀਬਾਂ ਦੀਆਂ ਸੰਘਣੀਆਂ ਆਬਾਦੀਆਂ ਜ਼ਰਾ ਪਹਿਲਾਂ ਬਦਨਾਮ ਹੋ ਜਾਂਦੀਆਂ ਹਨ ਕਿਉਂਕਿ ਉਥੋਂ ਮਾਡਰਨ ਕਾਲੋਨੀਆਂ ਵਾਂਗ ਪੰਜ ਸੌ ਗਜ਼ ਵਿੱਚ ਚਾਰ ਜਣੇ ਨਹੀਂ, ਸਗੋਂ 33 ਗਜ਼ ਵਿੱਚ ਸੱਤ-ਅੱਠ ਜਣੇ ਰਹਿੰਦੇ ਹਨ।

ਜਦੋਂ ਮੈਂ ਇਹ ਦੱਸਿਆ ਕਿ ਸੰਸਾਰ ਭਰ ਵਿੱਚ ਆਪਣੀ ਲੋਕ ਗਾਇਕੀ ਨਾਲ ਨਾਮਣਾ ਖੱਟਣ ਵਾਲੇ ਉਸਤਾਦ ਲਾਲ ਚੰਦ ਯਮਲਾ ਜੱਟ ਨੇ ਵੀ ਸਾਰੀ ਉਮਰ ਸਾਡੇ ਇਸੇ ਇਲਾਕੇ ਵਿੱਚ ਬਿਤਾਈ ਹੈ ਤਾਂ ਉਸ ਦਾ ਚਿਹਰਾ ਵੇਖਣ ਵਾਲਾ ਸੀ। ਉਹ ਇਨ੍ਹਾਂ ਲੋਕਾਂ ਬਾਰੇ ਮਨ ਵਿੱਚ ਬਣਾਈ ਆਪਣੀ ਸੋਚ 'ਤੇ ਸ਼ਰਮਿੰਦਾ ਹੋਇਆ ਜਾਪਦਾ ਸੀ ਤੇ ਆਮ ਸਥਿਤੀ ਵਿੱਚ ਆ ਰਿਹਾ ਸੀ। ਮੈਂ ਉਸ ਨੂੰ ਇਹ ਗੱਲ ਸਮਝਾਉਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਇਆ ਕਿ ਜ਼ਰੂਰੀ ਨਹੀਂ ਕਿ ਗਰੀਬੀ ਤੇ ਅਨਪੜ੍ਹਤਾ ਦਾ ਸਿਰਫ ਚੋਰੀ-ਚਕਾਰੀ ਜਾਂ ਬੇਈਮਾਨੀ ਨਾਲ ਹੀ ਨਾਤਾ ਹੋਵੇ।

ਚੰਗੇ-ਮਾੜੇ ਬੰਦੇ ਕਿਤੇ ਵੀ ਹੋ ਸਕਦੇ ਹਨ। ਫੋਨ ਸਹੀ-ਸਲਾਮਤ ਮਿਲਣ ਉੱਤੇ ਉਹ ਬੇਹੱਦ ਖੁਸ਼ ਸੀ। ''ਠੀਕ ਆ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ, ਮੈਂ ਤਾਂ ਆਸ ਛੱਡੀ ਬੈਠਾ ਸੀ। ਅੱਜ ਕੱਲ੍ਹ ਤਾਂ ਫੋਨ ਮਿਲਦੇ ਸਾਰ ਬੰਦੇ ਸਿੰਮ ਕੱਢ ਕੇ ਖਾਲੀ ਸੈੱਟ ਵੇਚਣ ਤੁਰ ਪੈਂਦੇ ਹਨ। ਫਿਰ ਕਿਹੜਾ ਪਤਾ ਲੱਗਦੈ? ਤੁਸੀ ਵੀ ਏਦਾਂ ਕਰ ਸਕਦੇ ਸੀ, ਪਰ ਮੇਰਾ ਮੋਬਾਈਲ ਸਹੀ ਸਲਾਮਤ ਮੇਰੇ ਕੋਲ ਹੈ, ਇਸ ਦਾ ਅਜੇ ਤੱਕ ਵੀ ਯਕੀਨ ਨਹੀਂ ਆ ਰਿਹਾ ਭਾਈ ਸਾਹਿਬ! ਮੇਰਾ ਨੰਬਰ ਲੈ ਲਓ, ਕਦੇ ਕੋਈ ਸੇਵਾ ਹੋਵੇ ਤਾਂ ਜ਼ਰੂਰ ਦੱਸਣਾ।'' ਉਸ ਦਾ ਥਾਣੇਦਾਰੀ ਵਾਲਾ ਮੁਲੱਮਾ ਲਹਿ ਗਿਆ ਮਹਿਸੂਸ ਹੋ ਰਿਹਾ ਸੀ ਅਤੇ ਉਸ ਦਾ ਲਹਿਜ਼ਾ ਪੂਰੀ ਤਰ੍ਹਾਂ ਬਦਲ ਚੁੱਕਾ ਸੀ। ''ਤੁਹਾਡੀ ਮਿਹਰਬਾਨੀ ਭਾਅ ਜੀ, ਤੁਹਾਡੇ ਨਾਲ ਕੰਮ ਨਾ ਈ ਪਵੇ ਤਾਂ ਚੰਗੈ'' ਮੈਂ ਹਾਸੇ-ਹਾਸੇ ਵਿੱਚ ਹੱਥ ਜੋੜਦਿਆਂ ਟਕੋਰ ਲਾਈ ਤਾਂ ਉਸ ਨੇ ਜਾਣ ਲਈ ਮੋਟਰ ਸਾਈਕਲ ਨੂੰ ਕਿੱਕ ਮਾਰ ਲਈ।''

## -ਕਵਿਤਾ-
## ਇੱਕ ਸੀ ਚਿੜੀ

ਸਾਡੇ ਵਿਹੜੇ ਆਈ ਇੱਕ ਚਿੜੀ ਪਿਆਰੀ
ਦਿਲ ਕੀਤਾ ਪੁੱਛ ਲਾਂ ਮੈਂ ਵਿਥਿਆ ਸਾਰੀ

ਚੁੱਪਚਾਪ ਬੈਠ ਗਈ ਬਸ ਦੇਖੀ ਜਾਵੇ
ਉਹ ਚੁੰਝ ਵੀ ਖੋਲ੍ਹਦੀ,ਕਹਿ ਨਾ ਪਾਵੇ
ਇੱਕ ਵਾਰੀ ਤਾਂ ਲੱਗੇ ਦੁੱਖਾਂ ਵਿੱਚ ਭਾਰੀ
ਸਾਡੇ ਵਿਹੜੇ ...........................

ਜਾ ਕੇ ਉਸ ਕੋਲ ਮੈਂ ਸੀ ਚੋਗਾ ਪਾਇਆ
ਭਰ ਪਿਆਲਾ ਪਾਣੀ, ਕੋਲ ਰਖਾਇਆ
ਭੁੱਖੀ ਪਿਆਸੀ ਚਿਰਾਂ ਤੋਂ ਉਹ ਵਿਚਾਰੀ
ਸਾਡੇ ਵਿਹੜੇ ...........................

ਵਿੱਡ ਭਰ ਥੋੜਾ ਜਿਹਾ, ਹੋਸ਼ 'ਚ ਆਈ
ਚੰਗਾ ਮੈਨੂੰ ਜਾਪਿਆ ਜਦੋਂ ਜੋਸ਼ 'ਚ ਹੋਈ
ਪੁੱਛ ਲਵਾਂ ਭੇਤ ਮੈਂ ਮਨ ਵਿੱਚ ਧਾਰੀ
ਸਾਡੇ ਵਿਹੜੇ ...........................

ਖੁਸ਼ੀਆਂ ਨਾਲ ਅਸੀਂ ਕਦੇ ਸੀ ਵਸਦੇ
ਦਿਨ ਲੰਘਦੇ 'ਕੱਠਿਆਂ ਹੱਸਦੇ ਹੱਸਦੇ
ਦੱਸਣ ਲੱਗੀ ਵਾਰਤਾ ਖੁੱਲ ਕੇ ਸਾਰੀ
ਸਾਡੇ ਵਿਹੜੇ ...........................

ਬੁੱਢ੍ਹਾ ਬੁੱਢ੍ਹੀ ਪਿਆਰ 'ਨਾ ਸਾਨੂੰ ਬੁਲਾਉਂਦੇ
ਕੰਬਦੇ ਹੱਥਾਂ 'ਨਾ ਸਾਨੂੰ ਚੋਗਾ ਪਉਂਦੇ
ਖਾ ਪੀ ਕੇ ਲਉਂਦੇ ਸੀ ਲੰਮੀ ਉਡਾਰੀ
ਸਾਡੇ ਵਿਹੜੇ ...........................

ਬਹੁਤ ਚਿਰ ਤੋਂ ਚੱਲਿਆ ਇਹ ਵਰਤਾਰਾ
ਜੋੜਾ ਸਾਨੂੰ ਲੱਗਦਾ ਸੀ ਬਹੁਤ ਪਿਆਰਾ
ਦੇਖਦੇ ਸਾਨੂੰ ਖਾਂਦਿਆਂ ਉਹ ਵਾਰੋ ਵਾਰੀ
ਸਾਡੇ ਵਿਹੜੇ ...........................

ਕੀ ਦੱਸਾਂ ਇੱਕ ਦਿਨ ਅਭਾਗਾ ਆਇਆ
ਨਾ ਕੋਈ ਬਾਹਰ ਨਾ ਹੀ ਦਾਣਾ ਪਾਇਆ
ਅਸੀਂ ਮੁੜ 'ਗੇ ਫ਼ਿਕਰ 'ਚ ਰਾਤ ਗੁਜ਼ਾਰੀ
ਸਾਡੇ ਵਿਹੜੇ ...........................

ਬਥੇਰਾ ਸੋਚਿਆ ਕੀ ਵਰਤਿਆ ਭਾਣਾ
ਜਾਂਦੇ ਰਹੇ ਰੋਜ਼, ਨਾ ਬੰਦ ਕੀਤਾ ਜਾਣਾ
ਮਿਲ ਜਾਵੇ ਉਨ੍ਹਾਂ ਦੀ ਕੋਈ ਜਾਣਕਾਰੀ
ਸਾਡੇ ਵਿਹੜੇ ...........................

ਆਖਰ ਪਤਾ ਚੱਲਿਆ ਰਹੇ ਨਾ ਸਾਡੇ
ਦੂਰ ਸਾਥੋਂ ਹੋ ਗਏ ਅਸੀਂ ਹੋਏ ਅਭਾਗੇ
ਮੌਤ ਬਣ ਆਈ ਸੀ ਕਰੋਨਾ ਮਹਾਂਮਾਰੀ
ਸਾਡੇ ਵਿਹੜੇ ...........................

ਉਸ ਰਾਤ ਖਾ ਸਕੇ ਨਹੀਂ ਪਾਣੀ ਪੀਤਾ
ਓ ਰੱਬਾ ਡਾਢ੍ਹਿਆ ਕਹਿਰ ਕੀ ਕੀਤਾ
ਜੀਉਂਦੇ ਹੀ ਮਾਰ ਗਈ ਸਾਨੂੰ ਬਿਮਾਰੀ।
ਸਾਡੇ ਵਿਹੜੇ ...........................

ਕਾਲੀ ਬੋਲੀ ਰਾਤ,ਤੇ ਨੀਂਦ ਨਾ ਆਈ
ਝੱਖੜ ਝੁੱਲੇ ਕਹਿਰ ਦਾ ਜਾਨ ਸੁਕਾਈ
ਸਣੇਂ ਆਲਣਾ ਟੁੱਟ,ਰੁੱਖ ਹੋਇਆ ਢੇਰੀ
ਸਾਡੇ ਵਿਹੜੇ ...........................

ਸਵੇਰੇ ਮੈਂ ਦੇਖਾਂ ਨਾ ਹਿੱਲੇ ਸਾਥੀ ਮੇਰਾ
ਰੱਬਾ ਕੇਹਾ ਵਰਤਿਆ ਸੀ ਭਾਣਾ ਤੇਰਾ
ਤੁਰ ਗਿਆ ਸੰਸਾਰ ਤੋਂ ਛੱਡ 'ਕੱਲੀ ਕਾਰੀ
ਸਾਡੇ ਵਿਹੜੇ ...........................

ਮੈਨੂੰ ਪਿੱਛੇ ਛੱਡ ਕੇ ਤੁਰ ਗਿਆ ਝੱਲਾ
ਤੇਰੇ ਘਰ ਆ ਗਈ ਜੇ ਫੜਾਵੇਂ ਪੱਲਾ
ਮੈਂ ਇੱਥੇ ਹੀ ਰਹਿਣ ਦੀ ਮਨ ਵਿੱਚ ਧਾਰੀ
ਸਾਡੇ ਵਿਹੜੇ ...........................

ਜੀ ਆਇਆਂ ਨੂੰ ਆਖ, ਕੋਲ਼ ਨੂੰ ਹੋਇਆ
ਸਾਰਾ ਦੁੱਖ ਜਾਣ ਕੇ ਦਿਲ ਵੀ ਰੋਇਆ
ਦਿੰਦਾ ਨਹੀਂ ਝੱਲਣ ਮੈਂ ਹੋਰ ਖੁਆਰੀ
ਸਾਡੇ ਵਿਹੜੇ ...........................

ਪੰਛੀ ਸਾਨੂੰ ਲੱਗਦੇ ਹਨ ਬੜੇ ਪਿਆਰੇ
ਅਸੀਂ ਨਹੀਂ ਜਾਣਦੇ ਕਿੰਨੇ ਦਰਦਾਂ ਮਾਰੇ
ਪੱਕੀ ਅੱਜ ਮੈਂ ਦੇ ਦਿੱਤੀ ਘਰ ਦੀ ਬਾਰੀ
ਸਾਡੇ ਵਿਹੜੇ ...........................


ਚੀਂ ਚੀਂ ਕਰ ਸਵੇਰ ਨੂੰ ਆ ਜਗਾਉਂਦੀ
ਕਿੰਨੀ ਚੰਗੀ ਲਗੇ ਜਿਉਂ ਗਾਣੇ ਗਉਂਦੀ
'ਹਕੀਰ' ਬੈਠਾ ਦੇਖਦਾ ਜਾਵੇ ਬਲਿਹਾਰੀ
ਸਾਡੇ ਵਿਹੜੇ ...........................

ਸੁਲੱਖਣ ਸਿੰਘ +647-786-6329

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਕੈਨੇਡਾ ਆਉਣਾ ਲਈ ਵਿਆਹ ਸ਼ਾਦੀ ਦਾ ਕਾਰੋਬਾਰ ਹੱਦਾਂ ਟੱਪ ਚੁਕਿਆ ਹੈ



By: Surjit Singh Flora

ਪਰਵਾਸ ਕਰਨ ਦੀ ਇੱਛਾ ਭਾਰਤ ਵਿਚਲੇ ਪੰਜਾਬੀ ਭਾਈਚਾਰੇ ਵਿਚ ਇੰਨੀ ਵਧ ਗਈ ਹੈ ਕਿ ਲੋਕ ਆਪਣਾ ਦੇਸ਼ ਛੱਡ ਕੇ ਦੂਸਰੇ ਵਿਦੇਸ਼ੀ ਮੁਲਕਾਂ ਤਕ ਪਹੁੰਚਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ- ਇੱਥੋਂ ਤਕ ਕਿ ਮਨੁੱਖੀ ਤਸਕਰਾਂ ਦੀ ਵਰਤੋਂ ਕਰਨ, ਜਾਂ ਜਾਣ-ਬੁੱਝ ਕੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰਨ ਵਰਗੇ ਪਚੀਦਾ ਤਰੀਕੇ ਅਪਣਾ ਰਹੇ ਹਨ।

ਇਮੀਗ੍ਰੇਸ਼ਨ ਧੋਖਾਧੜੀ ਬਹੁਤ ਜ਼ਿਆਦਾ ਵੱਧ ਚੁੱਕੀ ਹੈ। ਅੱਧੇ ਤੋਂ ਵੱਧ ਕਨੇਡਾ ਦਾ ਇਮੀਗ੍ਰੇਸ਼ਨ ਕਿਸੇ ਨਾ ਕਿਸੇ ਧੋਖਾਧੜੀ ਵਿੱਚ ਸ਼ਾਮਲ ਹੈ। ਇਮੀਗ੍ਰੇਸ਼ਨ ਇੱਕ ਬਹੁਤ ਵੱਡਾ ਕਾਰੋਬਾਰ ਬਣ ਚੁੱਕਾ ਹੈ, ਅਤੇ ਇਸ ਕਾਰੋਬਾਰ ਦਾ ਇੱਕ ਵੱਡਾ ਹਿੱਸਾ ਇੱਕ ਬਹੁਤ ਵੱਡਾ ਧੋਖਾ ਹੈ। ਬਹੁਤ ਸਾਰੇ ਲੋਕਾਂ ਨੂੰ ਰਾਤੋ ਰਾਤ ਅਮੀਰ ਬਣਾਉਂਦਾ ਹੈ।

ਪਿਛਲੇ ਕੁਝ ਸਾਲਾਂ ਤੋਂ, 'ਕੰਟਰੈਕਟ ਮੈਰਿਜ' ਕੈਨੇਡੀਅਨ ਇਮੀਗ੍ਰੇਸ਼ਨ ਪ੍ਰਾਪਤ ਕਰਨ ਦਾ ਇੱਕ ਮੁੱਖ ਸਾਧਨ ਬਣ ਗਿਆ ਹੈ।'ਕੰਟਰੈਕਟ ਮੈਰਿਜ' ਇਸ ਹੱਦ ਤਕ ਵੱਧ ਗਈ ਹੈ ਕਿ ਇਹ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਪ੍ਰਾਪਤ ਕਰਨ ਇਕ ਅਨਿੱਖੜਵਾਂ ਅੰਗ ਬਣ ਗਿਆ ਹੈ। ਆਈਲੈਟਸ, ਬੈਂਡ, ਜਾਅਲੀ ਕਾਲਜ, ਦਾਖਲੇ ਏਜੰਟਾਂ ਲਈ ਭਾਰੀ ਕਮਿਸ਼ਨ, ਪੀ ਐਨ ਪੀ, ਐਲ.ਐੱਮ.ਆਈ. ਦੀ ਖਰੀਦ-ਵੇਚ ਸਭ ਕੁਝ ਸਰਕਾਰ ਦੀਆਂ ਨਜ਼ਰਾਂ ਅੱਗੇ ਹੋ ਰਿਹਾ ਹੈ। ਪਰ ਸਰਕਾਰ ਟਸ ਤੋਂ ਮਸ ਨਹੀਂ ਹੋ ਰਹੀ ਉਹ ਅੱਖਾ ਬੰਦ ਕਰਕੇ ਕੈਨੇਡਾ ਸਰਕਾਰ ਦੇ ਬੈਂਕ ਖਾਤੇ ਭਰੀ ਜਾ ਰਹੀ ਹੈ।

ਪਿਛਲੇ ਦਿਨੀਂ ਲਵਪ੍ਰੀਤ ਸਿੰਘ ਦੀ ਮੌਤ ਨੂੰ ਲੈ ਕੇ ਕਾਫ਼ੀ ਗੱਲਾਂ ਹੋਈਆਂ ਹਨ। ਪ੍ਰੈਸ ਰਿਪੋਰਟਾਂ ਅਨੁਸਾਰ ਲਵਪ੍ਰੀਤ ਨੇ ਪੰਜਾਬ ਵਿੱਚ ਖੁਦਕੁਸ਼ੀ ਕੀਤੀ ਕਿਉਂਕਿ ਉਸਦੀ ਪਤਨੀ ਬੇਅੰਤ ਕੌਰ, ਜੋ ਕਿ ਇੱਕ ਵਿਦੇਸ਼ੀ ਵਿਦਿਆਰਥਣ ਵਜੋਂ ਕਨੈਡਾ ਆਈ ਸੀ, ਨੇ ਉਸ ਤੋਂ ਮੂੰਹ ਮੋੜ ਲਿਆ ਸੀ। ਇਸ ਕੇਸ ਵਿੱਚ, ਹੋਰ ਬਹੁਤ ਸਾਰੇ ਮਾਮਲਿਆਂ ਵਿੱਚ, ਮੁੰਡਿਆਂ ਨੇ ਲੜਕੀਆਂ ਨੂੰ ਕੈਨੇਡਾ ਭੇਜਣ ਲਈ ਬਹੁਤ ਸਾਰਾ ਪੈਸਾ ਖਰਚ ਕੀਤਾ ਸੀ ਇਸ ਉਮੀਦ ਵਿੱਚ ਕਿ ਉਨ੍ਹਾਂ ਦਾ ਲੜਕਾ ਆਈਲੈਟਸ ਵਾਲੀ ਲੜਕੀ ਦੀ ਸਹਾਇਤਾ ਨਾਲ ਕੈਨੇਡਾ ਪਹੁੰਚ ਜਾਵੇਗਾ, ਪਰ ਇਹ ਉਮੀਦ ਪੂਰੀ ਨਹੀਂ ਹੋਈ ਕਿਉਂਕਿ ਲੜਕੀ ਨੇ ਕੈਨੇਡਾ ਵਾਪਿਸ ਜਾ ਕੇ ਉਸ ਤੋਂ ਮੂੰਹ ਮੋੜ ਲਿਆ ਸੀ ਤੇ ਪੈਸਾ ਹਾਜ਼ਿਮ ਕਰ ਲਿਆ ਸੀ।

ਬਹੁਤ ਸਾਰੇ 'ਇਕਰਾਰਨਾਮੇ ਦੇ ਵਿਆਹ' ਅਸਲ ਹੁੰਦੇ ਹਨ, ਅਤੇ ਬਹੁਤ ਸਾਰੇ ਜਾਅਲੀ ਹੁੰਦੇ ਹਨ, ਪਰ ਉਨ੍ਹਾਂ ਵਿੱਚ 'ਵੱਡੀ ਰਕਮ ਅਦਾ ਕਰਨਾ' ਸ਼ਾਮਲ ਹੁੰਦਾ ਹੈ। ਇਹ ਕਿਹਾ ਜਾਂਦਾ ਹੈ ਕਿ ਪੰਜਾਬ ਵਿਚ ਬਹੁਤ ਸਾਰੇ ਲੜਕੇ ਬੇਕਾਰ ਅਤੇ ਅਯੋਗ ਹਨ ਜੋ ਆਈਲੈਟਸ ਪਾਸ ਨਹੀਂ ਕਰ ਸਕਦੇ ਜਿਸ ਕਾਰਨ ਉਨ੍ਹਾਂ ਨੂੰ ਵਿਦੇਸ਼ੀ ਵਿਦਿਆਰਥੀਆਂ ਦਾ ਵੀਜ਼ਾ ਨਹੀਂ ਮਿਲਦਾ, ਪਰ ਜ਼ਿਆਦਾਤਰ ਲੜਕੀਆਂ ਆਈਲੈਟਸ ਅਸਾਨੀ ਨਾਲ ਪਾਸ ਕਰ ਲੈਂਦੀਆਂ ਹਨ। ਇਹ ਇਕ 'ਇਕਰ-'ਰਨਾਮੇ ਵਿਆਹ' ਦੀ ਸ਼ੁਰੂਆਤ ਹੈ।

ਪਤਾ ਲੱਗਿਆ ਹੈ ਕਿ ਜਦੋਂ ਮਹਿਲਾ ਕਮਿਸ਼ਨ ਪੰਜਾਬ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਲਵਪ੍ਰੀਤ ਦੇ ਪਰਿਵਾਰ ਨੂੰ ਮਿਲਣ ਗਈ ਸੀ, ਤਾਂ ਲਗਭਗ 42 ਮੁੰਡਿਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਮਨੀਸ਼ਾ ਗੁਲਾਟੀ ਨੂੰ ਮਿਲਣ ਗਏ ਸਨ, ਜਿਨ੍ਹਾਂ ਨੂੰ ਕੈਨੇਡਾ ਵਿਚ ਰਹਿ ਰਹੀ 'ਠੇਕਾ ਵਿਆਹ' ਦੀਆਂ ਪਤਨੀਆਂ ਦੁਆਰਾ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ ਦੇ ਕੇਸ ਸਾਹਮਣੇ ਆਏ ਹਨ।

ਪਰ ਹਾਲ ਹੀ ਦੇ ਸਾਲਾਂ ਵਿੱਚ, ਇੱਕ ਨਵਾਂ ਰੁਝਾਨ ਉਭਰ ਰਿਹਾ ਹੈ। ਇਹ ਬਹੁਤ ਸੌਖਾ ਹੈ: ਜੇ ਕੋਈ ਵਿਅਕਤੀ ਆਪਣੇ ਆਪ ਜਾਂ ਅੰਤਰਰਾਸ਼ਟਰੀ ਵਿਦਿਆਰਥੀ ਵਜੋਂ ਕੈਨੇਡਾ ਨਹੀਂ ਜਾ ਸਕਦਾ, ਤਾਂ ਉਹ ਅੰਤਰਰਾਸ਼ਟਰੀ ਵਿਦਿਆਰਥੀ ਦੇ ਖਰਚੇ ਤੇ ਕੈਨੇਡਾ ਜਾ ਹਨ।

ਹੁਣ ਜਦ ਲਵਪ੍ਰੀਤ ਅਤੇ ਬੇਅੰਤ ਕੌਰ ਦੇ ਕੇਸ ਦੀ ਚਰਚਾ ਦੇਸੀ ਮੀਡੀਆ ਵਿੱਚ ਚੱਲ ਰਹੀ ਹੈ ਤਾਂ ਕਈ ਕਿਸਮ ਦੇ ਵਿਚਾਰ ਸੁਨਣ ਨੂੰ ਮਿਲ ਰਹੇ ਹਨ। ਕੁਝ ਲੋਕ ਆਖਦੇ ਹਨ ਕਿ ਇਮੀਗਰੇਸ਼ਨ ਫਰਾਡ ਤਾਂ ਸਦਾ ਹੀ ਹੁੰਦਾ ਰਿਹਾ ਹੈ ਇਸ ਲਈ ਚੁੱਪ ਰਹੋ। ਇਸ ਨਾਲ ਆਪਣਾ ਢਿੱਡ ਨੰਗਾ ਹੁੰਦਾ ਹੈ, ਜਿੰਨੇ ਹੋਰ ਲੋਕ ਕੈਨੇਡਾ ਸੈੱਟ ਹੋ ਸਕਦੇ ਹਨ ਹੋਣ ਦਿਓ ਤੁਹਾਡਾ ਕੀ ਜਾਂਦਾ ਹੈ? ਸਰਕਾਰ ਨੂੰ ਫਰਾਡ ਬਾਰੇ ਕੋਈ ਸਵਾਲ ਨਾ ਕਰੋ ਇਸ ਨਾਲ ਕਈਆਂ ਦਾ ਨੁਕਸਾਨ ਹੋ ਸਕਦਾ ਹੈ। ਪਹਿਲਾਂ ਵੀ ਲੋਕ ਜਾਅਲੀ ਵਿਆਹ ਕਰਵਾ ਕੇ ਪੱਕੇ ਹੁੰਦੇ ਰਹੇ ਹਨ ਅਤੇ ਅਗਰ ਅੱਜ 'ਕੰਟਰੈਕਟ ਮੈਰਿਜ' ਹੈ ਤਾਂ ਕੀ ਬੁਰਾ ਹੋ ਗਿਆ ਹੈ?

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਮੀਗਰੇਸ਼ਨ ਫਰਾਡ ਸਦਾ ਹੁੰਦਾ ਰਿਹਾ ਹੈ ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਦੀ ਸਕੇਲ ਬਹੁਤ ਸੀਮਤ ਹੁੰਦੀ ਸੀ। ਅੱਜ ਇਹ ਸੱਭ ਹੱਦਾਂ ਬੰਨੇ ਟੱਪ ਗਿਆ ਹੈ ਅਤੇ ਅਜੇ ਵੀ ਕੌੜੀ ਵੇਲ ਵਾਂਗ ਵਧ ਰਿਹਾ ਹੈ। ਹੁਣ ਅਜੇਹੇ ਕੇਸ ਲੱਖਾਂ ਦੀ ਗਿਣਤੀ ਵਿੱਚ ਹਨ। ਕਈ ਟੱਬਰ ਲੁੱਟੇ ਜਾ ਰਹੇ ਹਨ, ਕਈ ਨੌਜਵਾਨ ਖੁਦਕਸ਼ੀਆਂ ਕਰ ਰਹੇ ਹਨ ਅਤੇ ਹੋਰ ਕਈ ਕਿਸਮ ਦੀਆਂ ਬੁਰਾਈਆਂ ਵਧ ਰਹੀਆਂ ਹਨ।ਜਦੋਂ ਕਿ ਲਵਪ੍ਰੀਤ ਸਿੰਘ ਅਤੇ ਬੇਅੰਤ ਕੌਰ ਕੇਸ ਸੁਰਖੀਆਂ ਬਣ ਰਿਹਾ ਹੈ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਆਪਣੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਨਹੀਂ ਬਦਲੇਗੀ।

"ਐਨਆਰਆਈ ਨਾਲ ਧੋਖਾਧੜੀ ਨਾਲ ਵਿਆਹ ਕਰਾਉਣ ਦੀਆਂ ਕਈ ਸ਼ਿਕਾਇਤਾਂ ਆਈਆਂ ਹਨ। ਕੁਝ ਲੋਕ ਭਾਰਤ ਵਿਚ ਵਿਆਹ ਦੇ ਬੰਧਨ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਨੂੰ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਵਿਚ ਮਦਦ ਕਰਨ ਲਈ ਬਹੁਤ ਸਾਰਾ ਪੈਸਾ ਬਣਾ ਰਹੇ ਹਨ। ਹਾਲ ਹੀ ਵਿੱਚ ਪੰਜਾਬ ਵਿੱਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਸੀ ਜਿੱਥੇ ਇੱਕ ਲੜਕੇ ਨੇ ਖੁਦਕੁਸ਼ੀ ਕੀਤੀ ਅਤੇ ਲੜਕੀ ਟੋਰਾਂਟੋ ਵਿੱਚ ਹੈ।

ਇਸ ਤੋਂ ਇਲਾਵਾ, ਇਕ ਹੋਰ ਪੁਰਾਣਾ ਰੁਝਾਨ ਅਜੇ ਵੀ ਜਿੰਦਾ ਹੈ, ਇਹ ਮੇਰੇ ਲਈ ਇਕ ਵੱਡਾ ਹੈਰਾਨੀ ਭਰਭੂਰ ਸੱਚ ਸੀ। ਮੈਂ ਆਪਣੀ ਬਰੈਂਪਟਨ ਸਟ੍ਰੀਟ ਤੇ ਆਪਣੀ 7 ਸਾਲਾਂ ਦੀ ਬੇਟੀ ਨੂੰ ਲੈਣ ਲਈ ਸਕੂਲ ਬੱਸ ਦੀ ਉਡੀਕ ਕਰ ਰਿਹਾ ਸੀ, ਜਦੋਂ ਮੁਟਿਆਰਾਂ ਦਾ ਇੱਕ ਸਮੂਹ ਅੱਗੇ ਲੰਘਿਆ।

"ਓਹ, ਕੈਨੇਡਾ ਆਉਣਾ ਤੇ ਇਥੋਂ ਦੇ ਖਰਚੇ, ਪੜ੍ਹਾਈ ਬਹੁਤ ਮਹਿੰਗੀ ਹੈ," ਇੱਕ ਨੇ ਕਿਹਾ। ਇਕ ਹੋਰ ਲੜਕੀ ਨੇ ਕਿਹਾ, "ਹੋ ਸਕਦਾ ਤੁਹਾਡੇ ਲਈ, ਪਰ ਮੈਂ ਇਕ ਪੈਸਾ ਵੀ ਨਹੀਂ ਦੇ ਰਹੀ!"

ਦੂਸਰੀਆਂ ਕੁੜੀਆਂ ਹੈਰਾਨ ਸਨ। "ਇਹ ਕਿਵੇਂ ਹੋ ਸਕਦਾ ਹੈ?" ਪਹਿਲੀ ਕੁੜੀ ਨੂੰ ਪੁੱਛਿਆ!

ਜਿਵੇਂ ਕਿ ਲੜਕੀ ਨੇ ਦੱਸਿਆ, ਭਾਰਤ ਵਿਚ ਇਕ ਪਰਿਵਾਰ ਸੀ ਜਿਹਨਾਂ ਦਾ ਬੇਟਾ ਹਰ ਅੱਡੀ ਚੋਟੀ ਦਾ ਜ਼ੋਰ ਕੈਨੇਡਾ ਜਾਣ ਲਈ ਲਗਾ ਰਿਹਾ ਸੀ ਪਰ ਦਾਲ ਨਹੀਂ ਸੀ ਗਲ ਰਹੀ।ਪਰ ਮੈਂ ਆਈਲੈਟ ਪਾਸ ਕਰਕੇ ਵੀਜਾ ਪ੍ਰਾਪਤ ਕਰ ਚੁਕੀ ਸੀ।

"ਸੋ ਅਸੀਂ ਸੌਦਾ ਕਰ ਲਿਆ," ਉਸਨੇ ਦੱਸਿਆ। "ਉਹ ਮੇਰੇ ਸਾਰੇ ਖਰਚੇ, ਏਅਰ ਲਾਈਨ ਦੇ ਕਿਰਾਏ ਤੋਂ ਲੈ ਕੇ ਕਾਲਜ ਦੀਆਂ ਫੀਸਾਂ, ਕਿਤਾਬਾਂ... ਬਿਲਕੁਲ ਮੇਰੇ ਬੋਰਡਿੰਗ ਅਤੇ ਠਹਿਰਨ ਤੱਕ, ਅਤੇ ਕੈਨੇਡਾ ਵਿੱਚ ਮੇਰੇ ਰਹਿਣ-ਸਹਿਣ ਦੇ ਸਾਰੇ ਖਰਚੇ ਅਦਾ ਕਰਦੇ ਹਨ। ਬਦਲੇ ਵਿਚ, ਅਸੀਂ ਇਹ ਸਾਬਤ ਕਰ ਕੇ ਮੁੰਡੇ ਨੂੰ ਕਨੈਡਾ ਵਿਚ ਲੈ ਆਵਾਂਗੇ ਕਿ ਅਸੀਂ ਵਿਆਹ ਕਰਵਾ ਚੁੱਕੇ ਹਾਂ।

ਕੈਨੇਡੀਅਨ ਕਾਨੂੰਨ ਦੇ ਅਨੁਸਾਰ, ਜੇ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਸ਼ਾਦੀਸ਼ੁਦਾ ਹੈ, ਤਾਂ ਉਹ ਆਪਣੇ ਪਤੀ / ਪਤਨੀ ਨੂੰ ਲਿਆ ਸਕਦੇ ਹਨ ਅਤੇ ਪਤੀ / ਪਤਨੀ ਵਿਦਿਆਰਥੀ ਦੇ ਅਧਿਐਨ ਦੇ ਸਮੇਂ ਦੀ ਮਿਆਦ ਦੇ ਲਈ ਵਰਕ ਪਰਮਿਟ ਪ੍ਰਾਪਤ ਕਰ ਸਕਦੇ ਹਨ।

ਮੰਨ ਲਓ ਕਿ ਮੰਗੇਤਰ ਦੀ ਉਮਰ ਉਨ੍ਹਾਂ ਦੇ ਪਹੁੰਚਣ ਵੇਲੇ ਲਗਭਗ 18 ਤੋਂ 22 ਸਾਲ ਹੈ, ਅਗਲੇ ਚਾਰ ਜਾਂ ਪੰਜ ਸਾਲਾਂ ਵਿੱਚ ਉਹ ਸਥਾਈ ਨਿਵਾਸੀ ਬਣ ਜਾਂਦੇ ਹਨ। ਉਸ ਤੋਂ ਬਾਅਦ 23-26 ਸਾਲਾਂ ਦੀ ਉਮਰ ਵਿੱਚ, ਉਨ੍ਹਾਂ ਦਾ ਤਲਾਕ ਹੋ ਜਾਂਦਾ ਹੈ। ਤਦ ਉਹ ਆਪਣੇ ਅਸਲ ਜੀਵਨ ਸਾਥੀ ਲੱਭ ਲੈਂਦੇ ਹਨ ਅਤੇ ਆਪਣੀ ਜ਼ਿੰਦਗੀ ਕੈਨੇਡਾ ਵਿੱਚ ਸੈਟਲ ਕਰ ਲੈਂਦੇ ਹਨ। ਦੋਵੇਂ ਧਿਰਾਂ ਦਾ ਕੰਮ ਹੋ ਜਾਂਦੇ ਹਨ ਤੇ ਆਪੋ ਆਪਣੇ ਰਾਹ ਪੈ ਜਾਂਦੇ ਹਨ।

ਇਸ ਵਾਰੇ ਸਾਬਿਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਸਮੇਂ ਜੇਸਨ ਕੈਨੀ ਜਦ ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਦੇ ਮਨਿਸਟਰ ਬਣੇ ਤਾਂ ਕੁਝ ਕੇਸ ਸਾਹਮਣੇ ਆਏ ਸਨ, ਜਿਹਨਾਂ ਤੇ ਲਗਾਮ ਕੱਸਣ ਲਈ ਕੈਨੀ ਵਲੋਂ ਹਰ ਉਪਰਾਲਾਂ ਕੀਤਾ ਗਿਆ ਸੀ। ਪਰ ਟਰੂਡੋ ਵਲੋਂ ਜਿਸ ਤਰ੍ਹਾਂ ਵਿਦਿਆਰਥੀਆਂ ਅਤੇ ਵਿਆਹ ਸ਼ਾਦੀ ਵਾਰੇ ਇੰਮੀਗਰੇਸ਼ਨ ਕਾਨੂੰਨ ਅਤੇ ਉਹਨਾਂ ਨੂੰ ਵੀਜੇ ਦਿੱਤੇ ਜਾਂਦੇ ਹਨ,ਜਿਸ ਤਹਿਤ ਇਹ ਸਾਰੇ ਗਲਤ ਧੰਦੇ ਲੋਕ ਅਪਣਾ ਕੇ ਪੈਸਾ ਬਣਾ ਰਹੇ ਹਨ ਤੇ ਭਲੇ ਲੋਕਾ ਨੂੰ ਠੱਗ ਰਹੇ ਹਨ, ਲੋਕਾ ਲਈ ਸਿਰਦਰਦੀ ਬਣਦਾ ਜਾ ਰਿਹਾ ਹੈ। ਟਰੂਡੋ ਸਰਕਾਰ ਨੂੰ ਇਕ ਵਾਰ ਫਿਰ ਜੇਸਨ ਕੈਨੀ ਦੀ ਤਰ੍ਹਾਂ ਇਹਨਾਂ ਧੁਖੇਦਰੀ , ਹੇਰਾ ਫੇਰੀ , ਦੇ ਮਾਮਲਿਆਂ ਨੂੰ ਨਜਿਠਣ ਲਈ ਕੁਝ ਕਰ ਗੁਜਰਣ ਦੀ ਲੋੜ ਬਹੁਤ ਜਲਦ ਹੈ।

ਨਹੀਂ ਤਾਂ ਅਸੀਂ ਹਰ ਰੋਜ਼ ਦੇਖਦੇ ਹੀ ਹਾਂ ਇਹ ਲੋਕ ਇਥੇ ਆ ਕੇ ਡਰੱਗ, ਦੇ ਧੰਦੇ, ਹਰ ਤਰ੍ਹਾਂ ਦੀਆਂ ਹੇਰਾਂ ਫੇਰੀਆਂ, ਲੁਟਾਂ ਖੂਹਾਂ, ਕਤਲੇਆਮ , ਚੋਰੀ ਵਰਗੇ ਜੁਰਮ ਵਧ ਰਹੇ ਹਨ, ਕੈਨੇਡਾ ਉਹ ਰਹਿ ਹੀ ਨਹੀਂ ਗਿਆ ਜੋ ਕੈਨੇਡਾ ਅੱਜ ਤੋਂ 32 ਸਾਲ ਪਹਿਲਾਂ ਜਿਸ ਦੀ ਮਿੱਟੀ ਤੇ ਮੈਂ ਪੈਰ ਰੱਖੇ ਸਨ।

## ਮੈਂ ਇੱਕ ਸ਼ਹੀਦ ਦੀ ਧੀ ਬੋਲਦੀ ਹਾਂ...



ਗੁਰਜੀਤ ਕੌਰ

ਮੈਂ ਕਈ ਵਾਰ ਅਖਵਾਰਾਂ/ਕਿਤਾਬਾਂ ਵਿੱਚ ਪੜਿਆ ਹੈ ਕਿ " ਸਹੀਦੋਂ ਕੀ ਚਿਤਾਓ ਪੇ ਲਗੇਂਗੇ ਹਰ ਬਰਸ ਮੇਲੇ,ਵਤਨ ਪੇ ਮਿਟਨੇ ਵਾਲੋਂ ਕਾ ਯਹੀਂ ਅੰਤਿਮ ਨਿਸ਼ਾ ਹੋਗਾ".ਪਰ ਕੀ ਸੱਚਮੁੱਚ ਹੀ ਇਸ ਦੇਸ਼ ਵਿੱਚ ਸਹੀਦਾਂ ਦੀ ਕਦਰ ਕੀਤੀ ਜਾਂਦੀ ਹੈ? ਜਦ ਕੋਈ ਵੀ ਫੌਜ਼ੀ ਇਸ ਦੇਸ਼ ਦੀ ਰੱਖਿਆ ਲਈ ਆਪਣੀ ਜਾਨ ਵਾਰ ਜਾਂਦਾ ਹੈ ਤਾਂ ਬਦਲੇ ਵਿੱਚ ਇਹ ਦੇਸ਼ ਉਸ ਫੌਜ਼ੀ ਦੇ ਪਰਿਵਾਰ ਲਈ ਕੀ ਕਰਦਾ ਹੈ ਅਤੇ ਉਸਦੇ ਪਰਿਵਾਰ ਨੂੰ ਕੀ ਕੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾਂ ਹੈ।

ਆਉ ਅੱਜ ਮੈਂ ਤੁਹਾਨੂੰ ਆਪਣੀ ਕਹਾਣੀ ਸੁਣਾਉਦੀ ਹਾਂ। ਮੇਰਾ ਨਾਮ ਗੁਰਜੀਤ ਕੌਰ ਹੈ। ਮੈਂ ਪੰਜਾਬ ਦੇ ਜਿਲਾ ਫਤਿਹਗੜ ਸਾਹਿਬ ਦੇ ਨਿੱਕੇ ਜਿਹੇ ਪਿੰਡ ਨੰਡਿਆਲੀ ਨਾਲ ਸਬੰਧ ਰੱਖਦੀ ਹਾਂ।ਮੇਰਾ ਪਿਤਾ ਸ. ਪਰਮਜੀਤ ਸਿੰਘ ਇੰਡੀਅਨ ਆਰਮੀ ਦੇ ਬਹਾਦਰ ਸਿਪਾਈ ਸਨ ਤੇ ਮੈਂ ਉਹਨਾਂ ਦੀ ਇਕਲੋਤੀ ਸੰਤਾਨ ਹਾਂ। ਮੇਰੇ ਪਿਤਾ ਜੀ ਮਿਤੀ 24-03-1993 ਨੂੰ ਪੁੰਛ ਸੈਕਟਰ ਜੰਮੂ ਵਿਚ ਹੋਏ "ਅਪਰੇਸ਼ਨ ਰਕਸ਼ਕ" ਦੌਰਾਨ ਅੱਤਿਵਾਦੀਆਂ ਨਾਲ ਲੜਦੇ ਹੋਏ ਇਸ ਦੇਸ਼ ਲਈ ਸ਼ਹੀਦ ਹੋ ਗਏ ਸਨ, ਉਸ ਸਮੇਂ ਮੈ ਤਕਰੀਬਨ 4 ਮਹੀਨੀਆਂ ਦੀ ਨਿੱਕੀ ਬੱਚੀ ਸੀ। ਪਿਤਾ ਜੀ ਦੀ ਬਹਾਦਰੀ ਕਾਰਨ ਭਾਰਤੀ ਫੌਜ਼ ਵੱਲੋਂ ਉਹਨਾਂ ਨੂੰ ਮਰਨ ਉਪਰੰਤ ਬਲੀਦਾਨ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਸੀ।

ਮੇਰੇ ਪਿਤਾ ਜੀ ਦੀ ਮੌਤ ਤੋਂ ਬਾਅਦ ਮੈਨੂੰ ਮੇਰੀ ਮਾਂ ਨੇ ਅਨੇਕਾਂ ਆਰਥਿਕ ਮੁਸਕਿਲਾਂ ਦਾ ਸਾਹਮਣਾ ਕਰਦੇ ਹੋਏ ਹੋਏ ਪਾਲਿਆ ।ਮੇਰੇ ਪਿਤਾ ਜੀ ਦੀ ਮੌਤ ਤੋਂ ਬਾਅਦ ਸਾਡੇ ਪਰਿਵਾਰ ਤੇ ਬਹੁਤ ਮੁਸੀਬਤਾਂ ਆਈਆਂ ਪਰ ਅਸੀਂ ਹਰ ਮੁਸੀਬਤ ਦਾ ਸਾਹਮਣਾ ਕਰਦੇ ਰਹੇ।ਜਦੋਂ ਮੈਂ 19 ਸਾਲਾਂ ਦੀ ਹੋਈ ਤਾਂ ਮੇਰੀ ਮਾਤਾ ਘਰੈਲੂ ਪ੍ਰੇਸਾਨੀਆਂ ਸਹਿਣ ਨਾ ਕਰਦੇ ਹੋਏ ਮਿਤੀ 26-06-2011 ਨੂੰ ਦਿਲ ਦਾ ਦੌਰਾ ਪੈਣ ਕਾਰਨ ਸਵਰਗਵਾਸ ਹੋ ਗਏ।ਮਾਤਾ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਮੈਂ ਆਪਣੇ ਆਪ ਨੂੰ ਬਿਲਕੁੱਲ ਇਕੱਲੀ ਮਹਿਸੂਸ ਕੀਤਾ ,ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਇਕੱਲੀ ਇਹ ਜਿੰਦਗੀ ਕਿਵੇ ਬਤੀਤ ਕਰਾਂਗੀ।

ਉਸ ਟਾਇਮ ਮੇਰੇ ਦਿਲ ਵਿੱਚ ਇੱਕੋ ਇੱਕ ਉਮੀਦ ਬਚੀ ਸੀ ਕਿ ਮੇਰੇ ਪਿਤਾ ਜੀ ਨੇ ਦੇਸ਼ ਲਈ ਸ਼ਹੀਦੀ ਦਿੱਤੀ ਸੀ, ਸਰਕਾਰ ਮੈਨੂੰ ਤਰਸ ਦੀ ਅਧਾਰ ਤੇ ਨੌਕਰੀ ਜਰੂਰ ਦੇਵੇਗੀ, ਜੋ ਕਿ ਸਰਕਾਰ ਦਾ ਫਰਜ਼ ਵੀ ਬਣਦਾ ਸੀ।ਇਸੇ ਉਮੀਦ ਨਾਲ ਮੈਂ ਆਰਥਿਕ ਪ੍ਰੇਸਾਨੀਆਂ ਦਾ ਸਾਹਮਣਾ ਕਰਦੇ ਹੋਏ 80 % ਨੰਬਰ ਲੈ ਕੇ ਭ..ਛ.ਅ.ਪਾਸ ਕੀਤੀ । ਉਸ ਤੋਂ ਬਾਅਦ 72% ਨੰਬਰ ਲੈ ਕੇ ਂ.ਛ.ਅ. ਵੀ ਪਾਸ ਕਰ ਲਈ। ਇਸ ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਸਾਲ 2019 ਵਿੱਚ 79 % ਨੰਬਰ ਲੈ ਭ.ਓਦ. ਵੀ ਪਾਸ ਕਰ ਲਈ।ਪਰ ਇੰਨੀ ਪੜਾਈ ਕਰਨ ਦੇ ਬਾਵਜੂਦ ਮੈਂ ਅੱਜ ਵੀ ਬੇਰੁਜਗਾਰ ਹਾਂ।

ਮੈਂ ਆਪਣੇ ਪਿਤਾ ਜੀ ਦੇ ਬਲਿਦਾਨ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਕੋਲੋ ਬਹੁਤ ਵਾਰੀ ਤਰਸ ਦੇ ਅਧਾਰ ਤੇ ਨੌਕਰੀ ਦੀ ਮੰਗ ਕਰ ਚੁੱਕੀ ਹਾਂ, ਇਸ ਸਬੰਧੀ ਬਹੁਤ ਸਾਰੀਆਂ ਅਰਜੀਆਂ ਵੱਖ ਵੱਖ ਸਰਕਾਰੀ ਅਧਿਕਾਰੀਆਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ।ਮੈਂ ਇਕੱਲੀ ਵੱਖ ਵੱਖ ਦਫਤਰਾਂ ਦੇ ਵਾਰ ਵਾਰ ਗੇੜੇ ਮਾਰ ਕੇ ਥੱਕ ਚੁੱਕੀ ਹਾਂ, ਸਬੰਧਤ ਅਧਿਕਾਰੀਆਂ ਵੱਲੋਂ ਹਰ ਵਾਰੀ ਮੈਨੂੰ ਨੌਕਰੀ ਦਾ ਭਰੋਸਾ ਦੇ ਕੇ ਵਾਪਿਸ ਤੌਰ ਦਿੱਤਾ ਜਾਂਦਾ ਹੈ। ਹੁਣ ਮੇਰੀ ਉਮਰ 29 ਸਾਲ ਦੀ ਹੋ ਚੁੱਕੀ ਹਾਂ ਅਤੇ ਮੈਂ ਇੱਕਲੀ ਜਿੰਦਗੀ ਬਤੀਤ ਕਰ ਰਹੀ ਹਾਂ।ਹੁਣ ਪੰਜਾਬ ਪੁਲਿਸ ਵਿੱਚ ਸਬ ਇੰਨਸਪੈਕਟਰ ਦੇ ਫਾਰਮ ਭਰਨ ਵੇਲੇ ਪਤਾ ਲੱਗਿਆ ਕਿ ਮੇਰੀ ਤਾਂ ਉਮਰ ਵੀ ਇਹ ਨੌਕਰੀ ਅਪਲਾਈ ਕਰਨ ਦੇ ਯੋਗ ਨਹੀ ਰਹੀ ਹੈ।ਇਹ ਸੁਣਕੇ ਮੇਰੇ ਦਿਲ ਨੂੰ ਬਹੁਤ ਧੱਕਾ ਲੱਗਿਆ ਹੈ ਕਿ ਇੰਨਾ ਪੜ ਕੇ ਵੀ ਮੈਂ ਬੇਰੁਜ਼ਗਾਰ ਹੀ ਰਹਾਂਗੀ ਅਤੇ ਆਉਣ ਵਾਲੇ ਸਮੇਂ ਵਿੱਚ ਕਿਵੇਂ ਗੁਜਾਰਾ ਕਰਾਂਗੀ।

ਮੇਰੇ ਪਿਤਾ ਜੀ ਇਸ ਦੇਸ਼ ਲਈ ਸ਼ਹੀਦ ਹੋਏ ਸੀ।ਅੱਜ ਮੈਨੂੰ ਸਮਝ ਆ ਰਿਹਾ ਹੈ ਕਿ ਮੇਰੇ ਪਿਤਾ ਜੀ ਵਾਗੂੰ ਜੋ ਦੇਸ਼ ਲਈ ਸ਼ਹੀਦ ਹੁੰਦੇ ਹਨ, ਉਹਨਾਂ ਦੀ ਪਰਿਵਾਰਾਂ ਨਾਲ ਬਾਅਦ ਵਿੱਚ ਕੀ ਬੀਤਦੀ ਹੋਣੀ ਹੈ।ਮੈਂ ਆਪਣੀ ਜਿੰਦਗੀ ਦਾ ਗੁਜਾਰਾ ਬਹੁਤ ਮੁਸਕਿਲ ਨਾਲ ਕਰ ਰਹੀ ਹਾਂ । ਇਸ ਲੇਖ ਰਾਹੀ ਸਰਕਾਰ ਅੱਗੇ ਬੇਨਤੀ ਕਰਦੀ ਹਾਂ ਮੇਰੇ ਪਿਤਾ ਜੀ ਦੀ ਸ਼ਹੀਦੀ ਅਤੇ ਮੇਰੀ ਵਿੱਦਿਅਕ ਯੋਗਤਾ ਨੂੰ ਮੁੱਖ ਰੱਖਦੇ ਹੋਏ ਮੈਨੂੰ ਤਰਸ ਦੇ ਅਧਾਰ ਤੇ ਨੌਕਰੀ ਦਿੱਤੀ ਜਾਵੇ ਜੀ ਤਾਂ ਜੋ ਮੈਂ ਆਪਣੀ ਜਿੰਦਗੀ ਦਾ ਗੁਜਾਰਾ ਕਰ ਸਕਾਂ ਜੀ।

ਗੁਰਜੀਤ ਕੌਰ

ਮੋਬਾਇਲ 91158 87603

## ਪਰਜਾਤੰਤਰ ਵਿੱਚ ਹਾਕਮ ਕੋਈ ਨਹੀਂ ਬਸ ਲੋਕ-ਸੇਵਕ ਹੁੰਦੇ ਹਨ

ਦਲੀਪ ਸਿੰਘ ਵਾਸਨ, ਐਡਵੋਕੇਟ

ਸਾਡੇ ਮੁਲਕ ਉਤੇ ਮਿਥਿਹਾਸ ਤੋਂ ਲੈਕੇ ਸਦੀਆਂ ਤਕ ਹਾਕਮਾਂ ਦਾ ਰਾਜ ਰਿਹਾ ਹੈ ਅਤੇ ਹਾਕਮਾਂ ਨੇ ਮੁਲਕ ਦਾ ਬੇੜਾ ਗ਼ਰਕ ਕਰਕੇ ਰਖ ਦਿਤਾ ਹੈ। ਲੋਕੀਂ ਇਹ ਸਾਰਾ ਕੁਝ ਬਰਦਾਸ਼ਿਤ ਕਰਦੇ ਰਹੇ ਹਨ। ਇਹ ਗੁਰਬਤ ਜਿਹੜੀ ਅਜ ਸਾਡੇ ਮੁਲਕ ਵਿੱਚ ਬਣੀ ਪਈ ਹੈ ਇਹ ਕੋਈ ਅਜ ਦੀ ਪੈਦਾਇਸ਼ ਨਹੀਂ ਹੈ ਬਲਕਿ ਸਾਡੇ ਮਿਥਿਹਾਸ ਵਿੱਚ ਵੀ ਸੁਦਾਮਾ ਦਾ ਜ਼ਿਕਰ ਆ ਰਿਹਾ ਹੈ ਜਿਹੜਾ ਇਤਨਾ ਗਰੀਬ ਸੀ ਕਿ ਆਪਣੇ ਮਿਤਰ ਇਕ ਰਾਜਾ ਪਾਸ ਜਾਣ ਲਈ ਅਤੇ ਕੁਝ ਪੇਸ਼ ਕਰਨ ਲਈ ਕੁਝ ਵੀ ਨਹੀਂ ਸੀ। ਗੁਰਬਤ ਦਾ ਇਕ ਸਿਧਾਂਤ ਬਣਿਆ ਪਿਆ ਹੈ ਕਿ ਜਿਸ ਵੀ ਘਰ ਵਿੱਚ ਗੁਰਬਤ ਇੱਕ ਵਾਰੀਂ ਆ ਵੜੇ ਫਿਰ ਬਾਹਰ ਨਹੀਂ ਨਿਕਲਦੀ ਬਲਕਿ ਉਸ ਖਾਨਦਾਨ ਦੀਆਂ ਅਗਲੀਆਂ ਸਾਰੀਆਂ ਪੀੜ੍ਹੀਆਂ ਗਰੀਬ ਹੀ ਰਹਿੰਦੀਆਂ ਹਨ। ਇਹ ਹੈ ਹਾਕਮਾਂ ਦੇ ਰਾਜ ਦਾ ਨਤੀਜਾ ਜਿਹੜਾ ਅਸਾਂ ਭੁਗਤ ਰਹੇ ਹਾਂ।

ਇਹ ਹਾਕਮਾਨਾ ਸਿਲਸਿਲਾ ਮੁਗ਼ਲਾਂ ਤਕ ਕਾਇਮ ਰਿਹਾ ਅਤੇ ਇਤਿਹਾਸ ਗਵਾਹ ਹੈ ਮੁਗਲਾਂ ਨੇ ਸਾਡੇ ਮੁਲਕ ਦੇ ਇਤਿਹਾਸ ਦੀਆਂ ਬਾਰ੍ਹਾਂ ਤੇਰ੍ਹਾਂ ਸਦੀਆਂ ਬਰਬਾਦ ਕਰਕੇ ਰਖ ਦਿਤੀਆਂ ਸਨ। ਇਹ ਇਤਨਾ ਮਾੜਾ ਸਮਾਂ ਸੀ ਕਿ ਅਜ ਅਗਰ ਅਸੀਂ ਆਪਣੇ ਦੇਸ਼ ਦੇ ਇਤਿਹਾਸ ਵਿਚੋਂ ਇਹ ਸਮਾਂ ਕਢ ਵੀ ਦਈਏ ਤਾਂ ਵੀ ਕੋਈ ਹਰਜ ਨਹੀਂ ਹੈ। ਅਜ ਤਾਂ ਸਾਡੇ ਬਚੇ ਇਹ ਵਾਲਾ ਸਮਾਂ ਪੜ੍ਹਕੇ ਹੈਰਾਨ ਪ੍ਰੇਸ਼ਾਨ ਵੀ ਹਾਂ ਕਿ ਅਸੀਂ ਇਤਨੇ ਕਮਜ਼ੋਰ ਸਾਂ ਕਿ ਇਤਨੀ ਦੂਰੂੰ ਆਏ ਇਹ ਮੁਗਲ ਪਹਿਲਾਂ ਤਾਂ ਲੁਟੇਰੇ ਸਨ ਅਤੇ ਫਿਰ ਰਾਜ ਕਰਨ ਬੈਠ ਗਏ ਅਤੇ ਸਾਡਾ ਕੀ ਹਾਲ ਕੀਤਾ ਇਹ ਉਸ ਵਕਤ ਦੇ ਲੋਕਾਂ ਨੇ ਤਾਂ ਭੁਗਤਿਆ ਹੀ ਹੈ ਅਜ ਤਕ ਅਸੀਂ ਵੀ ਭੁਗਤ ਰਹੇ ਹਾਂ।

ਇਹ ਵੀ ਹੈਰਾਨੀ ਦੀ ਗਲ ਹੈ ਕਿ ਜਦ ਮਗਲਾਂ ਦਾ ਆਪ ਹੀ ਬੇੜਾ ਗਰਕ ਹੋ ਰਿਹਾ ਸੀ ਤਾਂ ਵੀ ਅਸੀਂ ਆਪ ਰਾਜ ਨਹੀਂ ਸੰਭਾਲ ਸਕੇ ਸਾਂ, ਬਲਕਿ ਅੰਗਰੇਜ਼ ਜਿਹੜ੍ਹੇ ਇਸ ਮੁਲਕ ਵਿੱਚ ਵਿਉਪਾਰ ਕਰਨ ਆਏ ਸਨ, ਮੌਕਾ ਦੇਖਕੇ ਉਨ੍ਹਾਂ ਨੇ ਰਾਜ ਸੰਭਾਲ ਲਿਆ ਅਤੇ ਇਹ ਵੀ ਹੈਰਾਨੀ ਦੀ ਗਲ ਹੈ ਕਿ ਅੰਗਰੇਜ਼ਾਂ ਦੀ ਸਰਕਾਰ ਬਾਹਰ ਲੰਡਨ ਵਿੱਚ ਬੈਠੀ ਰਹੀ ਅਤੇ ਇਸ ਮੁਲਕ ਦਾ ਰਾਜ ਕੋਈ ਸੌ ਸਾਲ ਦੇ ਕਰੀਬ ਅਫਸਰਾਂ ਰਾਹੀਂ ਹੀ ਚਲਾ ਗਈ ਅਤੇ ਆਪਣੇ ਅਫਸਰਾਂ ਦੀ ਮਦਕਦ ਲਈ ਉਨ੍ਹਾਂ ਜਿਹੜੀਆਂ ਵੀ ਹਦਾਇਤਾ ਦਿਤੀਆਂ ਉਹਹੀ ਅਜ ਸਾਡੇ ਮੁਲਕ ਦੇ ਕਾਨੂੰਨ ਹਨ ਅਤੇ ਇਹ ਲਿਖਤੀ ਕਾਨੂੰਨਾਂ ਰਾਹੀਂ ਸਰਕਾਰ ਚਲਾਉਣ ਦਾ ਕੰਮ ਅਫਸਰਸ਼ਾਹੀ ਹੀ ਕਰਦੀ ਰਹੀ ਹੈ। ਅਤੇ ਹੈਰਾਨੀ ਦੀ ਗਲ ਹੈ ਕਿ ਉਹ ਇਤਨੀ ਦੂਰ ਬੈਠਿਆ ਨੇ ਇਹ ਸਾਰਾ ਰਾਜ ਪ੍ਰਬੰਧ ਅਫਸਰਾਂ ਰਾਹੀਂ ਹੀ ਖੜਾ ਕਰ ਲਿਆ ਅਤੇ ਸਰਕਾਰ ਦਾ ਕੰਮ ਚਲਾਉਣ ਲਈ ਇਹ ਵਿਭਾਗਾਂ ਦੀ ਲੜੀ ਵੀ ਬਣਾਈ ਅਤੇ ਹਰ ਵਿਭਾਗ ਵਿੱਚ ਅਫਸਰਾਂ ਅਤੇ ਮੁਲਾਜ਼ਮਾਂ ਦੀ ਭਰਤੀ ਅਤੇ ਸਿਖਲਾਈ ਦਾ ਪ੍ਰਬੰਧ ਵੀ ਕੀਤਾ ਅਤੇ ਹਰ ਕੋਈ ਕੰਮ ਠੀਕ ਕਰੇ ਇਸ ਲਈ ਬਾਕਾਇਦਾ ਨਿਗਰਾਨੀ ਰਖਣ ਦਾ ਪ੍ਰਬੰਧ ਵੀ ਕੀਤਾ ਅਤੇ ਅਸਾਂ ਦੇਖਿਆ ਕਿ ਅਫਸਰਾਂ ਅਤੇ ਕਰਮਚਾਰੀਆਂ ਉਤੇ ਹਨੂਸ਼ਾਸਨੀ ਕਾਰਵਾਈ ਕਰਨ ਦਾ ਪ੍ਰਧ ਵੀ ਕੀਤਾ। ਸਜ਼ਾਵਾਂ ਵੀ ਦਿਤੀਆਂ ਅਤੇ ਅਸਾਂ ਇਹ ਵੀ ਦੇਖਿਆ ਕਿ ਉਨ੍ਹਾਂ ਨੇ ਸਰਕਾਰ ਚਲਾਉਣ ਲਈ ਬਾਕਾਇਦਾ ਆਦਮੀ ਤਿਆਰ ਵੀ ਕੀਤੇ। ਇਹ ਸਕੂਲ, ਇਹ ਸਿਖਲਾਈ ਕੇਂਦਰ ਅਤੇ ਇਹ ਯੂਨੀਵਰਸਟੀਆਂ ਕਾਇਮ ਕੀਤੀਆਂ ਅਤੇ ਸਰਕਾਰੀ ਕੰਮ ਚਲਾਉਣਲਈ ਬਾਕਾਇਦਾ ਲੜੀ ਤਿਆਰ ਰਖੀ ਗਈ ਸੀ। ਅੰਗਰੇਜ਼ਾਂ ਦੀ ਸਮਝ ਵਿਚ ਇਹ ਆ ਗਿਆ ਸੀ ਕਿ ਜਦ ਤਕ ਅਫਸਰ ਅਤੇ ਕਰਮਚਾਰੀ ਸਹੀ ਢੰਗ ਦੇ ਨਹੀਂ ਹੋਣਗੇ ਕੋਈ ਵੀ ਰਾਜ ਚਲ ਨਹੀਂ ਸਕਦਾ ਅਤੇ ਇਸ ਲਈ ਇਹ ਪਹਿਲੀ ਜ਼ਰੂਰਤ ਸੀ ਜਿਹੜੀ ਅੰਗਰੇਜ਼ਾਂ ਦਾ ਰਾਜ ਚਲਦਾ ਰਖ ਸਕੀ ਸੀ। ਅਤੇ ਸਾਡਾ ਇਤਿਹਾਸ ਗਵਾਹ ਹੈ ਕਿ ਜਦ ਅੰਗਰੇਜ਼ਜ਼ ਜਾਣ ਲਗਿਆ ਸਾਡੇ ਰਾਜਸੀ ਲੋਕਾਂ ਨੂੰ ਰਾਜ ਦੇਕੇ ਜਾ ਰਹੇ ਸਨ ਤਾਂ ਇਕ ਤਰ੍ਹਾਂ ਇਹ ਵੀ ਆਖ ਰਹੇ ਸਨ ਕਿ ਇਹ ਜਿਹੜਾ ਵੀ ਰਾਜ ਪ੍ਰਬੰਧ ਉਹ ਖੜਾ ਕਰਕੇ ਜਾ ਰਹੇ ਹਨ ਇਹੀ ਚਲਦਾ ਰਖਣਾ ਵਰਨਾ ਇਹ ਮੁਲਕ ਚਲ ਨਹੀਂ ਸਕੇਗਾ। ਅਤੇ ਅਸੀਂ ਆਪ ਇਹ ਦੇਖਿਆ ਹੈ ਕਿ ਉਸ ਵਕਤ ਜਵਾਹਰ ਲਾਲ ਨਹਿਰੂ ਜੀ ਵਰਗਿਆਂ ਨੇ ਸਭਤੌਂ ਪਹਿਲਾਂ ਕੰਮ ਇਹੀ ਕੀਤਾ ਸੀ ਕਿ ਜਿਹੜਾ ਵੀ ਰਾਜ ਪ੍ਰਬੰਧ ਅੰਗਰੇਜ਼ ਬਣਾ ਗਏ ਸਨ ਉਹ ਅਪਨਾਉਣ ਦਾ ਐਲਾਨ ਕਰ ਦਿਤਾ ਅਤੇ ਇਹ ਵੀ ਆਖ ਦਿਤਾ ਕਿ ਜਿਹੜਾ ਕੁਝ ਵੀ ਜਿਸ ਵੀ ਤਰ੍ਹਾਂ ਦਾ ਪ੍ਰਬੰਧ ਅੰਗਰੇਜ਼ਾਂ ਨੇ ਖੜਾ ਕੀਤਾ ਹੈ ਇਹ ਚਲਦਾ ਰਵੇਗੇਗਾ ਅਤੇ ਇਹ ਵੀ ਆਖ ਦਿਤਾ ਕਿ ਜਿਹੜੇ ਵੀ ਲਿਖਤੀ ਕਾਨੂੰਨ, ਨਿਯਮ ਅਤੇ ਹਦਾਇਤਾ ਹਨ ਇਹ ਸਾਰੀਆਂ ਦੀਆਂ ਸਾਰੀਆਂ ਜਿਵੇਂ ਦੀਆਂ ਵੀ ਹਨ ਲਾਗੂ ਰਹਿਣਗੀਆਂ। ਅਤੇ ਜਵਾਹਰ ਲਾਲ ਨਹਿਰੂ ਜੀ ਦਾਂ ਇਹ ਐਲਾਨ ਹੀ ਹੈ ਜਿਸ ਨਾਲ ਅਸੀਂ ਪਿਛਲੇ ਸਾਢੇ ਸਤ ਦਹਾਕਿਆਂ ਦਾ ਰਾਜ ਪ੍ਰਬੰਧ ਚਲਦਾ ਰਖੀ ਆ ਰਹੇ ਹਾਂ।

ਆਜ਼ਾਦੀ ਬਾਅਦ ਅਗਰ ਇਹ ਰਾਜ ਰਾਜਸੀ ਲੋਕਾਂ ਦੀ ਬਜਾਏ ਮਾਹਿਰਾਂ ਦੇ ਹਥ ਆ ਜਾਂਦਾ ਤਾਂ ਅਫਸਰਾਂ ਅਤੇ ਕਰਮਚਾਰੀਆਂ ਦੀ ਮਦ ਨਾਲ ਅਜ ਪਤਾ ਨਹੀਂ ਅਸਾਂ ਕੀ ਕੁਝ ਕਰ ਲੈਣਾ ਸੀ। ਮੁਗਲਾਂ ਤਕ ਇਕ ਪੁਰਖਾ ਜਿਹਾ ਰਾਜ ਹੀ ਰਿਹਾ ਸੀ ਅਤੇ ਮੁਗਲਾਂ ਤਕ ਦਾ ਸਮਾਂ ਸਾਡੀਆਂ ਬਰਬਾਦੀਆਂ ਦਾ ਹੀ ਇਤਿਹਾਸ ਹੈ ਅਤੇ ਅੰਗਰੇਜ਼ਾਂ ਨੇ ਇਕ ਸਦੀ ਮਾਹਿਰ ਅਫਸਰਾਂ ਰਾਹੀਂ ਸਾਨੂੰ ਇਕ ਮੁਲਕ ਦਿਤਾ ਸੀ ਅਤੇ ਬਾਕਾਇਦਾ ਇਕ ਰਾਜ ਪ੍ਰਬੰਧ ਵੀ ਦਿਤਾ ਸੀ ਜਿਸ ਵਿੱਚ ਅਸਾਂ ਦੇਖਿਆ ਬਾਕਾਇਦਾ ਇਹ ਵਿਭਾਗ ਸਨ, ਇਹ ਪੁਲਿਸ ਸੀ, ਇਹ ਮਿਲਟਰੀ ਸੀ, ਇਹ ਅਦਾਲਤਾਂ ਸਨ, ਇਹ ਲਿਖਤੀ ਕਾਨੂੰਨ ਸੀ ਅਤੇ ਆਦਮੀ ਤਿਆਰ ਕਰਨੜ ਲਈ ਬਾਕਹਇਦਾ ਸਕੂਲ, ਕਾਲਿਜ, ਯੂਨੀਵਰਸਟੀਆਂ ਅਤੇ ਸਿਖਲਾਈ ਦਾ ਪ੍ਰਬੰਧ ਵੀ ਕਰ ਦਿਤਾ ਸੀ। ਅਸਾਂ ਇਹ ਦੇਖ ਹੀ ਲਿਆ ਸੀ ਕਿ ਰਾਜ ਕਰਨ ਲਈ ਅਜ ਬਿਲਕੁਲ ਆਮ ਕਿਸਮ ਦਾ ਆਦਮੀ ਨਹੀਂ ਚਾਹੀਦਾ ਬਲਕਿ ਅਜ ਤਾਂ ਹਰ ਕੰਮ ਕਿਸੇ ਤਕਨਾਲੋਜੀ ਦੀ ਤਰ੍ਹਾਂ ਦਾ ਹੈ ਅਤੇ ਮਿਥੇ ਢੰਗ ਨਾਲ ਹੀ ਕੀਤਾ ਜਾ ਸਕਦਾ ਹੈ। ਉਹ ਸਮਾਂ ਲਦ ਗਿਆ ਹੈ ਜਦ ਬਾਦਸ਼ਾਹ ਦਾ ਫਰਮਾਨ ਲਾਗੂ ਕਰ ਦਿਤਾ ਜਾਂਦਾ ਸੀ ਅਤੇ ਬਾਦਸ਼ਾਹਾਂ ਦੇ ਦਰਬਾਰਾਂ ਵਿਚ ਬੈਠੇ ਦਰਬਾਰੀਆਂ ਨੇ ਤਾਲੀਆਂ ਲਗਾ ਕੇ ਇਹ ਆਖ ਦਿਤਾ ਸੀ ਵਕ ਕਮਾਲ ਹੀ ਕਰ ਦਿਤਾ ਚਹੈ ਹਜ਼ੂਰ।

ਸਾਡੇ ਮੁਲਕ ਦੇ ਲੋਕੀਂ ਹਮੇਸ਼ਾਂ ਹੀ ਗੁਲਾਮ ਰਹੇ ਹਨ ਅਤੇ ਜਦ ਇਹ ਰਾਜਸੀ ਲੋਕੀਂ ਪੈਰ ਜਮਾ ਰਹੇ ਸਨ ਤਾਂ ਵੀ ਇਹ ਨਾ ਜਾਣ ਸਕੇ ਕਿ ਇਹ ਵੀ ਹਾਕਮਾਂ ਦੀ ਤਰ੍ਹਾਂਖਾਨਦਾਨੀ ਜਿਹਾ ਰਾਜ ਆ ਗਿਆ ਹੈ ਅਤੇ ਲੋਕਾਂ ਦੀ ਚੁਪ ਨੇ ਰਾਜਸੀ ਲੋਕਾਂ ਨੂੰ ਹਿੰਮਤ ਦਿਤੀ ਅਤੇ ਅਸਾਂ ਦੇਖਿਲਆ ਇਹ ਰਾਜਸੀ ਲੋਕੀਂ ਹੀ ਪਰਜਾਤੰਤਰ ਦੇ ਨਾਮ ਉਤੇ ਰਾਜ ਕਰਦੇਆ ਰਹੇ ਹਨ। ਅਸਾਂ ਇਹ ਵੀ ਦੇਖਿਆ ਕਿ ਪ੍ਰਸ਼ਾਸਨ ਵਿੱਚ ਉਸੇ ਤਰ੍ਹਾਂ ਮਾਹਿਰਾਂ ਦੀ ਭਰਤੀ ਕੀਤੀ ਜਾਂਦੀ ਰਹੀ ਹੈ ਅਤੇ ਹਾਕਮਾਂ ਦੀ ਇਸ ਕਲਾਸ ਲਈ ਅਜ ਤਕ ਕੋਈ ਯੋਗਤਾ, ਕੋਈ ਸਿਖਲਾਈ, ਕੋਈ ਤਜਰਬਾ, ਕੋਈ ਉਮਰ ਅਤੇਸ ਸਾਫ ਪਿਛੋਕੜ ਦੀਆਂ ਸ਼ਰਤਾ ਵੀ ਨਹੀਂ ਬਣਾਈਆਂ ਗਈਆਂ। ਇਹਅਜੀਬ ਜਿਹਾ ਰਾਜ ਆ ਗਿਆ ਹੈ ਜਿਸ ਵਿੱਚ ਅਧੀਨ ਕੰਮ ਕਰਨ ਵਾਲੇ ਮਾਹਿਰ ਹਨ, ਪਰ ਉਨ੍ਹਾਂ ਉਤੇ ਸੁਪਰਵਾਇਜ਼ਰ ਅਤੇ ਉਨ੍ਹਾਂ ਨੂੰ ਸਲਾਹ ਦੇਣ ਵਾਲੇ ਉਨ੍ਹਾਂ ਦੇ ਬਰਾਬਰ ਦੇਨਹੀਂ ਹਨ। ਐਸੀਆਂ ਦੋ ਧਿਰਾਂ ਤਾਂ ਆਪੋ ਵਿਚ ਤਾਲ ਮੇਲ ਹੀ ਨਹੀਂ ਰਖ ਸਕਦੀਆਂ ਅਤੇ ਪਿਛਲੇ ਸਾਢੇ ਸਤ ਦਹਾਕਿਆਂ ਦੇ ਕੰਮ ਦਾ ਨਤੀਜਾ ਅਜ ਸਾਡੇ ਸਾਹਮਣੇ ਆ ਗਿਆ ਹੈ ਜਦ ਮੁਲਕ ਦੀ ਤਿੰਨ ਚੌਥਾਈ ਜੰਤਾ ਭੁਖੀ ਨੰਗੀ ਬਣਾ ਦਿਤੀ ਗਈ ਹੈ। ਇਹ ਕੈਸੀ ਆਜ਼ਾਦੀ ਹੈ ਅਤੇ ਇਹ ਕੈਸਾ ਪਰਜਾਤੰਤਰ ਹੈ ਅਤੇ ਇਹ ਕੀ ਨਤੀਜਾ ਹੈ। ਅਸੀਂ ਇਹ ਆਖੀਏ ਕਿ ਰਾਜਸੀ ਲੋਕਾਂ ਨੇ ਸਹੀ ਰਾਜ ਕੀਤਾ ਹੈ ਤਾਂ ਇਹਕਹਿਣਾ ਵੀ ਗਲਤ ਲਗਦਾ ਹੈ। ਨਤੀਜਾ ਪਾਸ ਹੀ ਹੋਵੇ ਤਾਂ ਠੀਕ ਮੰਨਿਆਜਾਂਦਾ ਹੈ ਅਤੇ ਫੇਲ ਨਤੀਜਾ ਤਾਂ ਫੇਲ੍ਹ ਹੀਹੁੰਦਾ ਹੈ ਅਤੇ ਇਹ ਆਖਿਆ ਜਾ ਸਕਦਾ ਹੈ ਕਿ ਸਾਡੇ ਮੁਲਕ ਵਿਚ ਆਜ਼ਾਦੀ ਅਤੇਇਹ ਪਰਜਾਤੰਤਰ ਫੇਲ ਹੋ ਗਏ ਹਨ ਅਤੇ ਇਸ ਫੇਲੀਅਰ ਲਈ ਰਾਜਸੀ ਲੋਕਾਂਦੀ ਜ਼ਿਮੇਵਾਰੀ ਹੈ।

ਕੀ ਅਸੀਂ ਰਾਜਸੀ ਲੋਕਾਂ ਪਾਸੋਂ ਆਜ਼ਾਦੀ ਲੈ ਸਕਦੇਹਾਂ, ਐਸਾ ਹੋਣਾ ਨਹੀਂ ਹੈ ਇਸ ਲਈ ਵਕਤ ਆ ਗਿਆ ਹੈ ਕਿ ਰਾਜਸੀ ਲੋਕਾਂ ਦੀ ਭਰਤੀ ਲਈ ਕੋਈਮਿਆਰ ਖੜੇ ਕਰਨੇਹਨ ਤਾਂਕਿ ਸਾਡੀਆਂਆਉਣ ਵਾਲੀਆਂਨਸਲਾਂ ਇਹ ਵਾਲੇ ਹਾਲਾਤ ਹੀਨਾ ਭੁਗੀ ਜਾਣ। ਪਰਜਾਤੰਤਰ ਵਿੱਚ ਰਾਜਸੀ ਲੋਕੀਂ ਹਾਕਮ ਨਹੀਂ ਹੁੰਦੇ ਬਲਕਿ ਲੋਕ ਸੇਵਕ ਹੁੰਦੇ ਹਲ ਅਤੇ ਸੇਵਕ ਜਦ ਵੀ ਭਰਤੀ ਕਰਨਾ ਹੁੰਦਾਹੈ ਤਾਂਉਹ ਜਿਸ ਵੀ ਅਸਾਮੀ ਲਈ ਚੁਣਿਆ ਜਾਂਦਾ ਹੈ ਉਸ ਅਸਾਮੀਦੀਆਂ ਜ਼ਿਮੇਵਾਰੀਆਂ ਸਾਹਮਣੇ ਰਖਕੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ ਅਤੇ ਬਹੁਤ ਹੀ ਘੋਖ ਕਰਕੇ ਬੰਦਾ ਚੁਣਿਆ ਜਾਂਦਾ ਹੈ ਤਾਂਕਿ ਉਹ ਐਵੇਂ ਹੀਤਨਖਾਹ ਨਾ ਲਈ ਜਾਵੇ ਬਲਕਿ ਜਿਸ ਅਹੁਦੇ ਉਤੇ ਰਖਿਆ ਗਿਆ ਹੈ ਉਸ ਅਹੁਦੇ ਦੀਆਂਜ਼ਿਮੇਵਾਰੀਆਂ ਨਿਭਾ ਸਕੇ। ਅਤੇਅਗਰ ਇਹ ਵਾਲਾ ਸਿਧਾਂਤ ਸਾਹਮਣੇ ਰਖਕੇ ਦੇਖਿਆ ਜਾਵੇ ਤਾਂ ਇਹ ਗਲਾਂ ਸਾਡੇ ਵਿਧਾਨਕਾਰਾਂ ਨੇ ਵੀ ਧਿਆਨ ਵਿਚ ਨਹੀਂ ਰਖੀਆਂ ਜਾਂ ਇਹ ਵੀ ਹੋ ਸਕਦਾ ਹੈ ਕਿ ਉਸ ਉਤੇ ਕੋਈ ਦਬਾਉ ਪਾਕੇ ਸੰਵਿਧਾਨ ਵਿੱਚ ਇਹ ਵਾਲਾ ਚੈਪਟਰ ਪਾਉਣ ਹੀ ਨਹੀਂ ਦਿਤਾ ਗਿਆ ਅਤੇ ਐਸਾ ਕੁਝ ਕਰਕੇ ਜਿਹੜੀ ਗਲਤੀ ਕੀਤੀ ਗਈ ਹੈ ਹੁਣ ਸਦੀਆਂ ਤਕ ਖਮਿਆਜ਼ਾ ਭੁਗਤਣਾ ਪਵੇਗਾ।

ਫੋਨ 0175 5191856

## ਆਓ! ਜ਼ਿੰਦਗੀ ਨੂੰ ਨਿਖਾਰੀਏ

ਹਰਕੀਰਤ ਕੌਰ

ਮਨੁੱਖੀ ਜਾਮੇ ਨੂੰ ਸ੍ਰਿਸ਼ਟੀ ਦੀ ਸਭ ਤੋਂ ਉੱਤਮ ਜੂਨ ਮੰਨਿਆ ਜਾਂਦਾ ਹੈ। ਸਾਡੇ ਵਿੱਚ ਕੁਦਰਤ ਵੱਲੋਂ ਹੀ ਸੂਝਬੂਝ, ਸੋਚਣ ਸ਼ਕਤੀ, ਯਾਦਸ਼ਕਤੀ , ਚੰਗਾ ਬੁਰਾ ਪਰਖਣ ਦੀ ਜੁਗਤ ਪਾਈ ਹੋਈ ਹੈ। ਹਾਲਾਤਾਂ ਨਾਲ ਲੜਣਾ, ਚੁਣੌਤੀਆਂ ਨੂੰ ਸਵੀਕਾਰ ਕਰਨਾ ਇਹ ਸਭ ਮਨੁੱਖ ਦੇ ਹਿੱਸੇ ਆਇਆ ਹੈ। ਤੁਹਾਡੇ ਵਿੱਚ, ਮੇਰੇ ਵਿੱਚ ਹਰ ਇਨਸਾਨ ਵਿੱਚ ਅਥਾਹ ਸ਼ਕਤੀ ਭਰੀ ਪਈ ਹੈ। ਤੁਸੀਂ ਕੋਈ ਪੱਥਰ ਨਹੀਂ ਬਲਕਿ ਹੀਰਾ ਹੋ ਇਸ ਲਈ ਸਦਾ ਆਪਣੇ ਆਪ ਨੂੰ ਚਮਕਾ ਕੇ ਰੱਖੋ। ਜਦ ਵੀ ਕਿਸੇ ਜੌਹਰੀ ਦੀ ਨਜ਼ਰ ਤੁਹਾਡੇ ਉੱਪਰ ਪਈ ਤਾਂ ਦੇਖਣਾ ਤੁਸੀਂ ਕਿਵੇਂ ਚਮਕੋਗੇ।

ਇਸ ਲਈ ਤੁਹਾਨੂੰ ਸਮੇਂ ਦਾ ਸਦਉਪਯੋਗ ਕਰਨਾ ਪਵੇਗਾ । ਸਮਾਂ ਬਹੁਤ ਕੀਮਤੀ ਹੈ ਇਸਨੂੰ ਬੇਕਾਰ ਨਹੀਂ ਗਵਾ ਸਕਦੇ, ਸਗੋਂ ਇਸ ਸਮੇਂ ਨੂੰ ਤੁਸੀਂ ਇੱਕ ਸ਼ਿਲਪਕਾਰ ਦੀ ਤਰ੍ਹਾਂ ਆਪਣੀ ਜਿੰਦਗੀ ਨੂੰ ਘੜਨ ਅਤੇ ਸੁਆਰਨ ਤੇ ਲਾਉਣਾ ਹੈ। ਆਲਸੀ ਮਨੁੱਖ ਧਰਤੀ ਉੱਪਰ ਸ਼ਰਾਪ ਹੁੰਦੇ ਹਨ। ਜੇ ਕੁਝ ਹਾਸਿਲ ਕਰਨਾ ਹੈ ਤਾਂ ਸਾਨੂੰ ਉੱਦਮ ਕਰਨਾ ਪਵੇਗਾ। ਜੇ ਮੰਜ਼ਲਿ ਤੇ ਪੁਹੰਚਣਾ ਹੈ ਤਾਂ ਸਾਨੂੰ ਤੁਰਨਾ ਪਵੇਗਾ। ਇਸੇ ਲਈ ਕਹਿੰਦੇ ਹਨ --' ਤੁਰਿਆ ਬਿਨਾਂ ਨਾ ਮੁਕਣੇ ਉਮਰਾਂ ਦੇ ਫਾਸਲੇ। ਇਸੇ ਉੱਦਮ ਦੇ ਸਦਕਾ ਤੁਸੀਂ ਆਪਣੀ ਗਰੀਬੀ ਦੂਰ ਕਰ ਸਕਦੇ ਹੋ, ਆਪਣੇ ਸੁਪਨੇ ਸਕਾਰ ਕਰ ਸਕਦੇ ਹੋ।

ਹੁਣ ਸਵਾਲ ਇਹ ਹੈ ਕਿ ਦੁਨੀਆਂ ਵਿੱਚ ਤੁਸੀਂ ਵਿਚਰਨਾ ਕਿਵੇਂ ਹੈ? ਯਾਦ ਰੱਖੋ ਹਮੇਸ਼ਾ ਫੁੱਲ ਬਣ ਕੇ ਰਹੋ। ਫੁੱਲ ਜਿਵੇਂ ਪਾਣੀ ਉੱਪਰ ਤੈਰਦਾ ਹੈ ਕਿਸੇ ਨੂੰ ਕਸ਼ਟ ਨਹੀਂ ਦਿੰਦਾ, ਚਾਰੇ ਪਾਸੇ ਖ਼ੁਸ਼ਬੂ ਫੈਲਾਉਂਦਾ ਹੈ। ਤੁਹਾਡੇ ਹਾਲਾਤ ਕਿਵੇਂ ਦੇ ਕਿਉਂ ਨਾ ਹੋਣ, ਤੁਸੀਂ ਕਮਲ ਦੇ ਫੁੱਲ ਵਾਂਗ ਹੀ ਬਣਨਾ ਹੈ, ਜਿਵੇਂ ਕਮਲ ਦੇ ਫੁੱਲ ਨੂੰ ਚਿੱਕੜ ਦੀ ਦਲਦਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਇਸੇ ਤਰ੍ਹਾਂ ਦੁੱਖਾਂ ਤਕਲੀਫ਼ਾਂ ਦਾ ਵੀ ਸਾਡੇ ਉੱਪਰ ਕੋਈ ਅਸਰ ਨਹੀਂ ਹੋਣਾ ਚਾਹੀਦਾ। ਹਰ ਇੱਕ ਦੀ ਮਦਦ ਲਈ ਹਮੇਸ਼ਾ ਤਿਆਰ ਰਹੋ, ਤੁਹਾਡਾ ਖੁਦ ਦਾ ਵਿਵਹਾਰ ਉਵੇਂ ਦਾ ਹੋਵੇ ਜਿਵੇਂ ਦਾ ਤੁਸੀਂ ਕਿਸੇ ਕੋਲੋਂ ਚਾਹੁੰਦੇ ਹੋ। ਇਹ ਦੁਨੀਆਂ ਖੂਹ ਦੀ ਅਵਾਜ਼ ਹੈ, ਜਿਸ ਤਰ੍ਹਾਂ ਦੀ ਅਵਾਜ਼ ਤੁਸੀਂ ਕੱਢੋਗੇ ਉਸੇ ਅਵਾਜ਼ ਦੀ ਗੂੰਜ ਤੁਹਾਡੇ ਕੋਲ ਵਾਪਿਸ ਆਵੇਗੀ। ਆਪਣੀ ਸ਼ਖ਼ਸੀਅਤ ਨੂੰ ਨਿਖਾਰਨ ਲਈ ਇਹ ਗੁਣ ਬਹੁਤ ਜਰੂਰੀ ਹਨ। ਆਪਣੀ ਰੋਜ਼ਾਨਾ ਦੀ ਰਹਿਣੀ ਬਹਿਣੀ ਨਿਯਮਤ ਕਰੋ। ਆਪਣੀ ਦਿੱਖ ਨੂੰ ਨਿਖਾਰੋ, ਜਰੂਰੀ ਨਹੀਂ ਕਿ ਆਪਣੀ ਦਿਖ ਨੂੰ ਨਿਖਾਰਣ ਲਈ ਤੁਹਾਡੇ ਕੋਲ ਮਹਿੰਗੇ ਕੱਪੜੇ ਜਾਂ ਬੂਟ ਹੋਣ, ਸਾਦੇ ਜਿਹੇ ਕੱਪੜਿਆਂ ਵਿੱਚ ਚਿਹਰੇ ਤੇ ਹਰ ਸਮੇਂ ਹਲਕੀ ਜਿਹੀ ਮੁਸਕਾਨ ਨਾਲ ਵੀ ਤੁਸੀਂ ਲੋਕਾਂ ਦੇ ਦਿਲ ਜਿੱਤ ਸਕਦੇ ਹੋ।

ਸਵੇਰੇ ਅੰਮ੍ਰਿਤ ਵੇਲੇ ਉੱਠੋ ਆਪਣੇ ਵਿਸ਼ਵਾਸ ਅਨੁਸਾਰ ਪਾਠ ਪੂਜਾ ਕਰੋ। ਅੱਜ ਦੇ ਦਿਨ ਕਰਨ ਵਾਲੇ ਕੰਮਾਂ ਦੀ ਸੂਚੀ ਬਣਾਓ। ਰਾਤ ਨੂੰ ਸੌਣ ਲੱਗਿਆਂ ਦੇਖੋ ਕਿ ਕੀ ਤੁਸੀਂ ਅੱਜ ਦੇ ਸਾਰੇ ਕੰਮ ਪੂਰੇ ਕਰ ਲਏ ਹਨ? ਇਹ ਵੀ ਦੇਖੋ ਕਿ ਅੱਜ ਦੇ ਦਿਨ ਵਿੱਚ ਤੁਸੀਂ ਕਿਸੇ ਦਾ ਦਿਲ ਤਾਂ ਨਹੀਂ ਦੁਖਾਇਆ ? ਕਿਸੇ ਤਰ੍ਹਾਂ ਦੀ ਭੁੱਲ ਹੋਈ ਹੋਵੇ, ਇਸ ਸਭ ਦਾ ਪਤਾ ਕਰਕੇ ਆਪਣੇ ਵਿੱਚ ਪਰਿਵਰਤਨ ਲਿਆਓ। ਅੱਜ ਬਹੁਤੇ ਲੋਕ ਹੋਣੀ ਉੱਪਰ ਸਭ ਕੁਝ ਛੱਡ ਦਿੰਦੇ ਹਨ ਅਤੇ ਉੱਦਮ ਵੱਲੋਂ ਮੂੰਹ ਮੋੜ ਲੈਂਦੇ ਹਨ। ਕਾਮਯਾਬ ਹੋਣ ਲਈ ਕਿਸਮਤ ਉੱਪਰ ਸਭ ਕੁਝ ਛੱਡਿਆ ਨਹੀਂ ਜਾ ਸਕਦਾ, ਮਿਹਨਤ, ਲਗਨ, ਕੋਸ਼ਿਸ਼ ਬਹੁਤ ਜਰੂਰੀ ਹੈ। ਆਪਣੇ ਕਰਮ ਨੂੰ ਪ੍ਰਾਪਤੀ ਨਾਲ ਜੋੜੋ। ਆਪਣੇ ਗੁਣਾ ਨੂੰ ਉਭਾਰੋ। ਤੁਹਾਡੀ ਸ਼ਖਸੀਅਤ ਮਿਕਨਾਤੀਸੀ ਬਣੇਗੀ ਤਾਂ ਲੋਕ ਆਪਣੇ ਆਪ ਤੁਹਾਡੇ ਵੱਲ ਖਿੱਚੇ ਆਉਣਗੇ। ਲੋਕ ਉਸੇ ਮਨੁੱਖ ਨੂੰ ਪਸੰਦ ਕਰਦੇ ਹਨ, ਜਿੰਨਾ ਦੇ ਚਿਹਰਿਆਂ ਉੱਪਰ ਮੁਸਕਾਨ ਝਲਕਦੀ ਹੈ, ਜਿਨ੍ਹਾਂ ਦੇ ਸਾਮ੍ਹਣੇ ਆਉਣ ਨਾਲ ਰੂਹ ਖਿੜ ਜਾਂਦੀ ਹੈ।

ਸੋ ਸਦਾ ਜ਼ਿੰਦਗੀ ਦੀ ਜੰਗ ਵਿੱਚ ਜੇਤੂ ਹੋਕੇ ਨਿੱਤਰੋ। ਸ਼ੁੱਭ ਕੰਮ ਲਈ ਸਾਰੇ ਸਮੇਂ ਸ਼ੁੱਭ ਹੁੰਦੇ ਹਨ। ਕਿਸੇ ਮਹੂਰਤ ਦੀ ਲੋੜ ਨਹੀਂ। ਆਪਣਾ ਨਿਸ਼ਾਨਾ ਹਮੇਸ਼ਾ ਉੱਚੇ ਤੋਂ ਉੱਚਾ ਰੱਖੋ। ਅਸਫਲਤਾ ਦਾ ਡਰ ਨਾ ਰੱਖੋ, ਜੇਕਰ ਅਸਫ਼ਲ ਹੋ ਵੀ ਗਏ ਤਾਂ ਫਿਰ ਤੋਂ ਸ਼ੁਰੂ ਕਰੋ । ਇੱਕ ਦਿਨ ਜਰੂਰ ਸਫ਼ਲ ਹੋਵੋਂਗੇ। ਐਡੀਸਨ ਦੁਨੀਆਂ ਦਾ ਮਹਾਨ ਸਾਇੰਸਦਾਨ ਹੋਇਆ ਹੈ। ਜਿਸ ਨੇ ਬਿਜਲੀ ਦੇ ਬਲਬ ਦੀ ਖੋਜ ਕੀਤੀ। ਸਾਰੀ ਦੁਨੀਆਂ ਨੂੰ ਨਵੀਂ ਰੋਸ਼ਨੀ ਦਿੱਤੀ। ਇਸ ਤੋਂ ਪਹਿਲਾਂ ਉਹ 200 ਵਾਰ ਅਸਫ਼ਲ ਹੋਇਆ। ਸੋ ਯਤਨ ਕਰਦੇ ਰਹੋ। ਚੁਣੌਤੀਆਂ ਸਵੀਕਾਰ ਕਰਦੇ ਰਹੋ। ਇਹ ਕੁਝ ਅਜਿਹੇ ਗੁਣ ਹਨ ਜਿੰਨਾ ਨੂੰ ਅਪਣਾ ਅਸੀਂ ਆਪਣੀ ਸ਼ਖਸੀਅਤ ਨਿਖਾਰ ਸਕਦੇ ਹਾਂ ਅਤੇ ਜੀਵਨ ਨੂੰ ਅਸਾਨ ਬਣਾ ਸਕਦੇ ਹਾਂ।

9779118066

## ਦੋ ਸੋ ਛਪੰਜਾ ਦਮੜੇ ਦਾ ਇਕ ਰੁਪਈਆ ਕਿਵੇਂ ਬਣਿਆ

ਡਾ. ਅਮਰੀਕ ਸਿੰਘ ਕੰਡਾ

ਦੋਸਤੋ ਅੱਜਕਲ ਤਾਂ ਚਵਾਨੀਆਂ ਧੇਲੀਆਂ ਰੁਪਈਏ ਪੰਜ ਦਸ ਰੁਪਈਏ ਦੀ ਕੋਈ ਵਿਲਿਊ ਨਹੀਂ ਹੈ । ਤੁਸੀਂ ਆਏਂ ਵੀ ਕਹਿ ਸਕਦੇ ਹੋ ਕਿ ਰੁਪਈਏ ਦੀ ਕਦਰ ਨਹੀਂ ਰਹੀ । ਜ਼ਮਾਨਾ ਬਦਲ ਗਿਆ । ਜ਼ਮਾਨੇ ਦੇ ਨਾਲ ਨਾਲ ਕੋਡੀਆਂ ਤੋਂ ਰੁਪਈਏ ਦੀ ਕਹਾਣੀ ਕਿਵੇਂ 256 ਦਮੜੇ ਤੋਂ ਰੁਪਈਆ ਬਣਿਆ । ਆਉ ਜਾਣੀਏ ਰੁਪਈਏ ਦਾ ਇਤਿਹਾਸ ਪ੍ਰਾਚੀਨ ਭਾਰਤੀ ਮੁਦਰਾ ਪ੍ਰਣਾਲੀ

ਫੂਟੀ ਕੋਡੀ ਤੋਂ ਕੋਡੀ ਤੇ ਫੇਰ ਕੋਡੀ ਤੋਂ ਦਮੜੀ ਤੇ ਫੇਰ ਦਮੜੀ ਤੋਂ ਧੇਲਾ ਤੇ ਫੇਰ ਧੇਲੇ ਤੋਂ ਪਾਈ ਤੇ ਫੇਰ ਪਾਈ ਤੋਂ ਪੈਸਾ ਤੇ ਫੇਰ ਪੈਸੇ ਤੋਂ ਆਨਾ ਤੇ ਫੇਰ ਆਨੇ ਤੋਂ ਰੁਪਇਆ ਬਣਿਆ ਮਤਲਬ 256 ਦਮੜੇ=192 ਪਾਈ=128 ਧੇਲੇ=64 ਪੁਰਾਣੇ ਪੈਸੇ=16 ਆਨੇ=1ਰੁਪਈਆ

ਤਿੰਨ ਫੁੱਟੀ ਕੋਡੀ-1 ਕੋਡੀ
10 ਕੋਡੀ-ਇਕ ਦਮੜੀ
2 ਦਮੜੀ ਇਕ ਧੇਲਾ
1.5 ਪਾਈ-1ਧੇਲਾ
3 ਪਾਈ-1 ਪੈਸਾ ਪੁਰਾਣਾ



4 ਪੈਸੇ -ਇਕ ਆਨਾ
ਸੋਲਾਂ ਆਨੇ-ਇਕ ਰੁਪਈਆ

ਪ੍ਰਾਚੀਨ ਮੁਦਰਾ ਦੀ ਇਹਨਾਂ ਇਕਾਈਆਂ ਨੇ ਸਾਡੀ ਬੋਲ ਚਾਲ ਦੀ ਭਾਸ਼ਾ ਨੂੰ ਕਈ ਕਹਾਵਤਾਂ ਦਿੱਤੀਆਂ ਨੇ । ਜਿਹੜੀਆਂ ਪਹਿਲਾਂ ਵੀ ਸਨ ਤੇ ਹੁਣ ਵੀ ਪ੍ਰਚਲਿਤ ਨੇ । ਜਿਵੇਂ

ਇੱਕ ਫੂਟੀ ਕੋਡੀ ਵੀ ਨਹੀਂ ਦੇਵਾਂਗਾ
ਧੇਲੇ ਦਾ ਕੰਮ ਨਹੀਂ ਕਰਦਾ ਜਾਂ ਕਰਦੀ
ਚਮੜੀ ਜਾਵੇ ਪਰ ਦਮੜੀ ਨਾ ਜਾਵੇ
ਪਾਈ ਪਾਈ ਦਾ ਹਿਸਾਬ ਰੱਖਣਾ
ਸੋਲਾਂ ਆਨੇ ਸੱਚ

1764-ਗੁਰੂ ਰਾਮ ਦਾਸ ਨਗਰ ਨੇੜੇ ਨੈਸਲੇ ਮੋਗਾ-142001 ਪੰਜਾਬ ਭਾਰਤ

98557-35666



## ਗੈਂਗਟਰ ਪ੍ਰੀਤ ਸੇਖੋਂ ਤੇ ਸਾਥੀ ਪੰਜ ਦਿਨਾਂ ਦੇ ਪੁਲਸ ਰਿਮਾਂਡ ਉੱਤੇ



ਅਜਨਾਲਾ, 29 ਜੁਲਾਈ (ਪੋਸਟ ਬਿਊਰੋ)- ਪੰਜਾਬ ਪੁਲਸ ਵੱਲੋਂ ਪੁਲਸ ਥਾਣਾ ਅਜਨਾਲਾ ਦੇ ਪਿੰਡ ਚਮਿਆਰੀ ਵਿੱਚੋਂ ਕਾਬੂ ਕੀਤੇ ਗਏ ਗੈਂਗਸਟਰ ਦੱਤਾ ਸਿੰਘ ਉਰਫ ਪ੍ਰੀਤ ਸੇਖੋਂ ਅਤੇ ਉਸਦੇ ਸਾਥੀ ਜਰਮਨਜੀਤ ਸਿੰਘ ਉਰਫ਼ ਨਿੱਕਾ ਖਡੂਰੀਆ ਤੇ ਗੁਰਲਾਲ ਸਿੰਘ ਨੂੰ ਭਾਰੀ ਪੁਲਸ ਫੋਰਸ ਨਾਲ ਅਜਨਾਲਾ ਵਿਖੇ ਜੱਜ ਪ੍ਰਭਜੋਤ ਕੌਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਪੁਲਸ ਨੂੰ ਉਨ੍ਹਾਂ ਦਾ ਪੰਜ ਦਿਨ ਦਾ ਰਿਮਾਂਡ ਹਾਸਲ ਹੋਇਆ ਹੈ।

ਇਸ ਮੌਕੇ ਸਬ-ਡਵੀਜ਼ਨ ਅਜਨਾਲਾ ਤੇ ਡੀ ਐਸ ਪੀ ਵਿਪਨ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਤਿੰਨਾਂ ਗੈਗਸਟਰਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਪਹਿਲਾਂ ਸਿਵਲ ਹਸਪਤਾਲ ਅਜਨਾਲਾ ਤੋਂ ਮੈਡੀਕਲ ਕਰਾਇਆ ਗਿਆ ਹੈ, ਜਿਸ ਪਿੱਛੋਂ ਅਦਾਲਤ ਵਿੱਚ ਪੇਸ਼ ਕਰਨ ਉੱਤੇ ਅਦਾਲਤ ਨੇ ਇਨ੍ਹਾਂ ਦਾ ਪੰਜ ਦਿਨਾਂ ਪੁਲਸ ਰਿਮਾਂਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੱਲ੍ਹ ਪੰਜਾਬ ਪੁਲਸ ਨੂੰ ਸੂਚਨਾ ਮਿਲੀ ਕਿ ਕੁਝ ਖਤਰਨਾਕ ਗੈਂਗਸਟਰ ਮਹਿੰਦਰ ਸਿੰਘ ਵਾਸੀ ਚਮਿਆਰੀ ਦੇ ਘਰ ਪਿਛਲੇ 5-6 ਦਿਨਾਂ ਤੋਂ ਲੁਕੇ ਹੋਏ ਹਨ, ਜਿਨ੍ਹਾਂ ਨੂੰ ਕੱਲ੍ਹ ਭਾਰੀ ਫੋਰਸ ਨਾਲ ਘੇਰੀ ਬੰਦੀ ਕਰ ਕੇ ਗ੍ਰਿਫ਼ਤਾਰ ਕੀਤਾ ਸੀ। ਇਸ ਮੌਕੇ ਇਨ੍ਹਾਂ ਨੇ ਪੁਲਸ ਪਾਰਟੀ ਉਪਰ ਗੋਲੀ ਵੀ ਚਲਾਈ, ਪਰ ਕੋਈ ਜ਼ਖ਼ਮੀ ਨਹੀਂ ਹੋਇਆ। ਇਨ੍ਹਾਂ ਗੈਂਗਸਟਰਾਂ ਖ਼ਿਲਾਫ਼ ਕਾਫ਼ੀ ਲੁੱਟਾਂ-ਖੋਹਾਂ ਤੇ ਮਰਡਰ ਦੇ ਕੇਸ ਦਰਜ ਹਨ, ਜਿਸ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਕੋਟਕਪੂਰਾ ਗੋਲੀ ਕਾਂਡ ਕੇਸ ਵਿੱਚ 9 ਉਚ ਪੁਲਸ ਅਫਸਰਾਂ ਕੋਲੋਂ ਪੁੱਛ-ਪੜਤਾਲ

ਫਰੀਦਕੋਟ, 29 ਜੁਲਾਈ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਕੱਲ੍ਹ ਇੱਥੇ ਟੀਮ ਦੇ ਦਫਤਰ ਵਿੱਚ ਪੰਜਾਬ ਪੁਲਸ ਦੇ 9 ਉਚ ਅਫਸਰਾਂ ਕੋਲੋਂ ਪੁੱਛ ਪੜਤਾਲ ਕੀਤੀ, ਜਿਨ੍ਹਾਂ ਵਿੱਚ ਜੇਲ੍ਹ ਵਿਭਾਗ ਦੇ ਡੀ ਆਈ ਜੀ ਸੁਖਮਿੰਦਰ ਸਿੰਘ ਮਾਨ ਵੀ ਸ਼ਾਮਲ ਹਨ, ਜੋ ਕੋਟਕਪੂਰਾ ਗੋਲੀਕਾਂਡ ਸਮੇਂ ਫਰੀਦਕੋਟ ਦੇ ਐਸ ਐਸ ਪੀ ਸਨ। ਜਾਂਚ ਟੀਮ ਨੇ ਇਸ ਤੋਂ ਇਲਾਵਾ ਡੀ ਐਸ ਪੀ ਹਰਜਿੰਦਰ ਸਿੰਘ, ਡੀ ਐਸ ਪੀ ਅਮਰਜੀਤ ਸਿੰਘ, ਇੰਸਪੈਕਟਰ ਕੁਲਦੀਪ ਚੰਦ, ਇੰਸਪੈਕਟਰ ਬਚਨ ਸਿੰਘ ਅਤੇ ਇੰਸਪੈਕਟਰ ਪਰਮਜੀਤ ਸਿੰਘ ਤੋਂ ਪੁੱਛ ਪੜਤਾਲ ਕੀਤੀ ਹੈ। ਇਹ ਸਾਰੇ ਪੁਲਸ ਅਧਿਕਾਰੀ




ਕੋਟਕਪੂਰਾ ਗੋਲੀਕਾਂਡ ਦੀ ਘਟਨਾ ਸਮੇਂ ਕੋਟਕਪੂਰਾ ਵਿੱਚ ਹਾਜ਼ਰ ਸਨ।

ਇਹ ਸਾਰੀ ਪੁੱਛ-ਪੜਤਾਲ ਫਰੀਦਕੋਟ ਦੇ ਡੀ ਆਈ ਜੀ ਸੁਰਜੀਤ ਸਿੰਘ ਨੇ ਪੁਲਸ ਅਧਿਕਾਰੀਆਂ ਤੋਂ ਕੀਤੀ ਅਤੇ ਬਾਕਾਇਦਾ ਉਨ੍ਹਾਂ ਦੇ ਬਿਆਨ ਦਰਜ ਕੀਤੇ। ਜਾਂਚ ਟੀਮ ਇਸ ਕੇਸ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ ਜੀ ਪੀ ਸੁਮੇਧ ਸੈਣੀ ਸਮੇਤ 200 ਜਣਿਆਂ ਦੇ ਬਿਆਨ ਦਰਜ ਕਰ ਚੁੱਕੀ ਹੈ। ਇਸ ਦੌਰਾਨ ਜਾਂਚ ਟੀਮ ਨੇ ਇਸ ਕੇਸ ਵਿੱਚ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੇ ਨਾਰਕੋ ਟੈਸਟ ਦੀਆਂ ਤਿਆਰੀਆਂ ਵੀ ਕਰ ਲਈਆਂ ਹਨ। ਇਸ ਦੇ ਲਈ ਇਲਾਕਾ ਮੈਜਿਸਟਰੇਟ ਨੇ ਦੋ ਹਫਤੇ ਪਹਿਲਾਂ ਮਨਜ਼ੂਰੀ ਦੇ ਦਿੱਤੀ ਸੀ, ਪਰ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਨੇ ਕੋਟਕਪੂਰਾ ਗੋਲੀਕਾਂਡ ਵਿੱਚ ਆਪਣਾ ਨਾਰਕੋ ਟੈਸਟ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਕੋਟਕਪੂਰਾ ਗੋਲੀਕਾਂਡ ਦੀ ਪਹਿਲੀ ਜਾਂਚ ਪੜਤਾਲ ਰੱਦ ਹੋਣ ਤੋਂ ਬਾਅਦ ਜਾਂਚ ਟੀਮ ਨੇ ਦੂਸਰੀ ਚਾਰਜਸ਼ੀਟ ਤਿਆਰ ਕਰਨ ਲਈ ਸਾਰੇ ਗਵਾਹਾਂ ਨੂੰ ਦੁਬਾਰਾ ਪੜਤਾਲ ਵਿੱਚ ਸ਼ਾਮਲ ਕੀਤਾ ਹੈ।

### ਮਰਿਆਦਾ ਦੀ ਉਲੰਘਣਾ :

## ਗੁਰਦੁਆਰਾ ਨਾਨਕ ਮਤਾ ਦੀ ਪ੍ਰਬੰਧਕ ਕਮੇਟੀ ਅਸਤੀਫਾ ਦੇ ਗਈ

ਅੰਮ੍ਰਿਤਸਰ, 29 ਜੁਲਾਈ (ਪੋਸਟ ਬਿਊਰੋ)- ਉਤਰਾਖੰਡ ਦੇ ਇਤਿਹਾਸਕ ਗੁਰਦੁਆਰਾ ਨਾਨਕ ਮਤਾ ਸਾਹਿਬ ਦੇ ਅੰਦਰ ਮਰਿਆਦਾ ਭੰਗ ਹੋਣ ਦੇ ਕੇਸ ਵਿੱਚ ਪ੍ਰਬੰਧਕ ਕਮੇਟੀ ਨੇ ਅਸਤੀਫਾ ਦੇ ਦਿੱਤਾ ਹੈ। ਇਸ ਮਗਰੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਬਣਾਈ ਜਾਂਚ ਕਮੇਟੀ ਨੇ ਗੁਰਦੁਆਰੇ ਦਾ ਪ੍ਰਬੰਧ ਚਲਾਉਣ ਲਈ ਪੰਜ ਮੈਂਬਰੀ ਆਰਜ਼ੀ ਕਮੇਟੀ ਬਣਾਈ ਹੈ, ਜਿਹੜੀ ਇਸ ਵਕਤ ਕੰਮ ਸੰਭਾਲੇਗੀ।

ਵਰਨਣ ਯੋਗ ਹੈ ਕਿ ਗੁਰਦੁਆਰਾ ਨਾਨਕ ਮਤਾ ਸਾਹਿਬ ਵਿਖੇ ਉਤਰਾਖੰਡ ਦੇ ਨਵੇਂ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੇ ਸਵਾਗਤ ਲਈ ਲੜਕੀਆਂ ਕੋਲੋਂ ਨ੍ਰਿਤ ਕਰਵਾਇਆ ਗਿਆ ਅਤੇ ਮੁੱਖ ਮੰਤਰੀ ਨੂੰ ਸਿਰੋਪਾ ਅਤੇ ਸ੍ਰੀ ਸਾਹਿਬ ਦੇ ਨਾਲ ਚਾਂਦੀ ਦਾ ਮੁਕਟ ਦਿੱਤਾ ਗਿਆ ਸੀ। ਇਸ ਦਾ ਸਿੱਖ ਸੰਗਤ ਨੇ ਰੋਸ ਕੀਤਾ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਸ਼ਿਕਾਇਤ ਕੀਤੀ ਸੀ। ਇਸ ਮਗਰੋਂ ਜਥੇਦਾਰ ਨੇ ਤਿੰਨ ਮੈਂਬਰੀ ਕਮੇਟੀ ਨੂੰ ਜਾਂਚ ਲਈ ਭੇਜਿਆ ਸੀ, ਜਿਸ ਨੇ ਗੁਰਦੁਆਰਾ ਨਾਨਕ ਮਤਾ ਸਾਹਿਬ ਪਹੁੰਚ ਕੇ ਪੜਤਾਲ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਹੈ ਕਿ ਜਾਂਚ ਕਮੇਟੀ ਵਿੱਚ ਅਕਾਲ ਤਖਤ ਦੇ ਐਡੀਸ਼ਨਲਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਹੈਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਤੇ ਇੰਚਾਰਜ ਧਾਰਮਿਕ ਪੜਤਾਲਾਂ ਅਜੀਤ ਸਿੰਘ ਸ਼ਾਮਲ ਸਨ। ਕਮੇਟੀ ਨੇ ਗੁਰਦੁਆਰਾ ਨਾਨਕ ਮਤਾ ਪੁੱਜ ਕੇ ਪ੍ਰਬੰਧਕਾਂ ਦੇ ਬਿਆਨ ਦਰਜ ਕੀਤੇ ਸਨ। ਉਨ੍ਹਾਂ ਦੱਸਿਆ ਕਿ ਗੁਰਦੁਆਰੇ ਦੀ ਮੌਜੂਦਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਇਸ ਮਗਰੋਂ ਸੰਗਤ ਵਿੱਚੋਂ ਜਰਨੈਲ ਸਿੰਘ, ਸੁਖਦੀਪ ਸਿੰਘ, ਕੁਲਦੀਪ ਸਿੰਘ, ਜਸਬੀਰ ਸਿੰਘ ਤੇ ਅਮਰਜੀਤ ਸਿੰਘ ਉਤੇ ਆਧਾਰਤ ਪੰਜ ਮੈਂਬਰੀ ਕਾਰਜਕਾਰੀ ਕਮੇਟੀ ਬਣਾ ਦਿੱਤੀ ਗਈ ਹੈ, ਜੋ ਅਗਲਾ ਹੁਕਮ ਆਉਣ ਤਕ ਗੁਰਦੁਆਰੇ ਦਾ ਪ੍ਰਬੰਧ ਦੇਖੇਗੀ।ਉਨ੍ਹਾਂ ਕਿਹਾ ਕਿ ਜਾਂਚ ਟੀਮ ਜਲਦੀ ਹੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਰਿਪੋਰਟ ਸੌਂਪੇਗੀ।

## ਆਮਦਨ ਟੈਕਸ ਵਿਭਾਗ ਦੇ ਖ਼ਿਲਾਫ਼ ਨਵਜੋਤ ਸਿੱਧੂ ਦੀ ਪਟੀਸ਼ਨ ਉੱਤੇ ਨੋਟਿਸ ਜਾਰੀ




ਚੰਡੀਗੜ੍ਹ, 29 ਜੁਲਾਈ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਆਮਦਨ ਟੈਕਸ ਵਿਭਾਗ ਦੇ ਖ਼ਿਲਾਫ਼ ਦਾਇਰ ਪਟੀਸ਼ਨ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਵਿਭਾਗ ਨੂੰ ਨੋਟਿਸ ਜਾਰੀ ਕਰਕੇ ਟੈਕਸ ਬਾਰੇ 11 ਅਗਸਤ ਲਈ ਜਵਾਬ ਮੰਗਿਆ ਹੈ। ਸਿੱਧੂ ਨੇ ਆਮਦਨ ਟੈਕਸ ਵਿਭਾਗ ਵੱਲੋਂ ਉਨ੍ਹਾਂ ਦੀ ਟੈਕਸ ਦੀ ਰਿਵੀਜ਼ਨ ਪਟੀਸ਼ਨ ਨੂੰ ਰੱਦ ਕਰਨ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਹੈ।

ਇਸ ਪਟੀਸ਼ਨ ਵਿੱਚ ਨਵਜੋਤ ਸਿੰਘਸਿੱਧੂ ਨੇ ਕੇਂਦਰ ਸਰਕਾਰ ਦੇ ਨਾਲ ਪ੍ਰਿੰਸੀਪਲ ਕਮਿਸ਼ਨਰ, ਆਮਦਨ ਟੈਕਸ, ਅੰਮ੍ਰਿਤਸਰ ਅਤੇ ਜੁਆਇੰਟ ਕਮਿਸ਼ਨਰ, ਆਮਦਨ ਟੈਕਸ ਵਿਭਾਗ ਅੰਮ੍ਰਿਤਸਰ ਨੂੰ ਧਿਰ ਬਣਾਇਆ ਹੈ। ਪਟੀਸ਼ਨਰ ਪੱਖ ਵੱਲੋਂ ਵਕੀਲ ਚੇਤਨ ਬਾਂਸਲ ਨੇ ਦਲੀਲਾਂ ਪੇਸ਼ ਕੀਤੀਆਂ।ਜੁਆਇੰਟ ਕਮਿਸ਼ਨਰ, ਆਮਦਨ ਟੈਕਸ ਵਿਭਾਗ ਦੇ ਉਸ ਆਦੇਸ਼ ਨੂੰ ਗ਼ਲਤ ਕਹਿ ਕੇਨਵਜੋਤ ਸਿੰਘ ਸਿੱਧੂ ਨੇ 27 ਮਾਰਚ 2021 ਦੇ ਰੱਦ ਕਰਨ ਦੀ ਮੰਗ ਕੀਤੀ ਹੈ, ਜਿਸ ਵਿੱਚ ਸਿੱਧੂ ਵੱਲੋਂ ਇਨਕਮ ਟੈਕਸ ਐਕਟ 1961 ਹੇਠ ਦਾਇਰ ਕੀਤੀ ਰਿਵੀਜ਼ਨ ਪਟੀਸ਼ਨ ਨੂੰ ਰੱਦ ਕੀਤਾ ਗਿਆ ਸੀ। ਉਸ ਆਦੇਸ਼ ਨੂੰ ਗ਼ਲਤ, ਤਾਨਾਸ਼ਾਹੀ ਵਾਲਾ ਅਤੇ ਕੁਦਰਤੀ ਨਿਆਂ ਦੇ ਸਿਧਾਂਤਾਂ ਦੇ ਖ਼ਿਲਾਫ਼ ਦੱਸਿਆ ਗਿਆ ਹੈ। ਇਸ ਕੇਸ ਮੁਤਾਬਕ ਸਿੱਧੂ ਨੇ ਸਾਲ 2016-17 ਵਿੱਚ 9 ਕਰੋੜ 66 ਲੱਖ 28,470 ਰੁਪਏ ਦੀ ਕਮਾਈ ਦੀ ਰਿਟਰਨ ਜਮ੍ਹਾਂ ਕਰਵਾਈ ਸੀ, ਜਦਕਿ ਵਿਭਾਗ ਨੇ ਦਸੰਬਰ 2018 ਵਿੱਚ ਇਸ ਦਾ ਮੁਲਾਂਕਣ ਕਰ ਕੇ 13 ਕਰੋੜ 19 ਲੱਖ 66,530 ਦੱਸਿਆ ਸੀ। ਇਸ ਤਰ੍ਹਾਂ 3 ਕਰੋੜ 53 ਲੱਖ 38,067 ਰੁਪਏ ਵੱਧ ਜੋੜੇ ਗਏ ਸਨ, ਜਿਸ ਦੇ ਤਹਿਤ 31 ਮਾਰਚ 2019 ਨੂੰ ਸਿੱਧੂ ਨੂੰ ਇਹ ਆਦੇਸ਼ ਭੇਜਿਆ ਗਿਆ। ਇਸ ਮੁਲਾਂਕਣ ਨੂੰ ਗਲਤ ਦੱਸ ਕੇ ਨਵਜੋਤ ਸਿੰਘ ਸਿੱਧੂ ਨੇ ਇਨਕਮ ਟੈਕਸ ਕਮਿਸ਼ਨਰ (ਅਪੀਲ) ਕੋਲ ਰਿਵੀਜ਼ਨ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ 27 ਮਾਰਚ 2021 ਨੂੰ ਰੱਦ ਕਰ ਦਿੱਤਾ ਗਿਆ ਸੀ। ਮੈਸਰਸ ਸਾਹਿਲ ਮਸ਼ੀਨਸ ਇੰਡੀਆ ਪ੍ਰਾਈਵੇਟ ਲਿਮਟਿਡ, ਮੈਸਰਸ ਸਾਹਿਲ ਅਲਾਇਸ ਐਂਡ ਮਸ਼ੀਨ ਟੂਲਜ਼ ਪ੍ਰਾਈਵੇਟ ਲਿਮਟਿਡ, ਵਿਕਾਸ ਜੈਨ ਅਤੇ ਨਵਜੋਤ ਸਿੰਘ ਸਿੱਧੂ ਦੀਆਂ ਚਾਰਾਂ ਪਟੀਸ਼ਨਾਂ ਵਿੱਚ ਇਹ ਨੋਟਿਸ ਜਾਰੀ ਕੀਤਾ ਗਿਆ ਹੈ।

## ਕੈਪਟਨ, ਖਹਿਰਾ ਤੇ ਹੋਰਨਾਂ ਦੇ ਅਪਰਾਧਿਕ ਕੇਸਾਂ ਦੀ ਜਾਣਕਾਰੀ ਹਾਈ ਕੋਰਟ ਵਿੱਚ ਪੇਸ਼

ਚੰਡੀਗੜ੍ਹ, 29 ਜੁਲਾਈ (ਪੋਸਟ ਬਿਊਰੋ)- ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਖ਼ਿਲਾਫ਼ ਅਪਰਾਧਿਕ ਕੇਸਾਂਨੂੰ ਛੇਤੀ ਨਿਪਟਾਉਣ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਆਪਣੇ ਆਪ ਨੋਟਿਸ ਲੈਂਦਿਆਂ ਸ਼ੁਰੂ ਕੀਤੇ ਕੇਸ ਵਿੱਚ ਜਸਟਿਸ ਰਾਜਨ ਗੁਪਤਾ ਅਤੇ ਜਸਟਿਸ ਕਰਮਜੀਤ ਸਿੰਘ ਦੇ ਡਬਲ ਬੈਂਚ ਵਿੱਚ ਸੁਣਵਾਈ ਦੌਰਾਨ ਐਡੀਸ਼ਨਲ ਸਾਲੀਸਿਟਰ ਜਨਰਲ ਆਫ ਇੰਡੀਆ ਸਤਿਆ ਪਾਲ ਜੈਨ ਨੇ ਹਾਈ ਕੋਰਟ ਦੇ 19 ਜੁਲਾਈ ਦੇ ਆਦੇਸ਼ਾਂ ਹੇਠ ਪੰਜਾਬ ਤੇ ਜੰਮੂ-ਕਸ਼ਮੀਰ ਦੇ ਪ੍ਰਿੰਸੀਪਲ ਡਾਇਰੈਕਟਰ, ਇਨਕਮ ਟੈਕਸ ਅਵਧੇਸ਼ ਕੁਮਾਰ ਮਿਸ਼ਰਾ ਦਾ ਐਫੀਡੇਵਿਟ ਪੇਸ਼ ਕੀਤਾ ਹੈ।



ਇਸ ਐਫੀਡੇਵਿਟ ਦੇ ਮੁਤਾਬਕ ਚੀਫ ਜੁਡੀਸ਼ਲ ਮੈਜਿਸਟਰੇਟ(ਸੀ ਜੇ ਐਮ) ਲੁਧਿਆਣਾ ਦੀ ਕੋਰਟ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਇਨਕਮ ਟੈਕਸ ਬਾਰੇ ਕੇਸ ਬਕਾਇਆ ਹੈ। ਇਹ ਪ੍ਰੀ ਸੰਮਨਿੰਗ ਗਵਾਹੀਆਂ ਉੱਤੇ ਲੱਗਾ ਹੋਇਆ ਹੈ। ਇਸ ਤੋਂ ਬਿਨਾ ਉਨ੍ਹਾਂ ਨੇ ਇੰਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਵੀ ਸਟੇਟਸ ਰਿਪੋਰਟ ਪੇਸ਼ ਕੀਤੀ, ਜਿਸ ਮੁਤਾਬਕ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਖ਼ਿਲਾਫ਼ ਚਲਾਏ ਕੇਸ ਦੀ ਜਾਣਕਾਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਖ਼ਿਲਾਫ਼ ਕੇਸ ਦੀ ਜਾਣਕਾਰੀ ਪੇਸ਼ ਕੀਤੀ ਗਈ। ਸੀ ਬੀ ਆਈ ਵੱਲੋਂ ਐਡਵੋਕੇਟ ਸੁਮੀਤ ਗੋਇਲ ਨੇ ਵੀ 27 ਜੁਲਾਈ ਨੂੰ ਸੌਂਪੇ ਜਵਾਬ ਦਾ ਹਵਾਲਾ ਦਿੰਦੇ ਹੋਏ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਖ਼ਿਲਾਫ਼ ਕੇਸਾਂ ਬਾਰੇ ਦੱਸਿਆ। ਉਨ੍ਹਾਂ ਖਾਸ ਤੌਰ ਉੱਤੇ 4 ਮਈ 2011 ਨੂੰ ਸੀ ਬੀ ਆਈ ਵੱਲੋਂ ਪੰਜਾਬ ਦੇ ਸਾਬਕਾ ਚੀਫ ਪਾਰਲੀਮੈਂਟਰੀ ਸੈਕਟਰੀ ਅਤੇ ਭਾਜਪਾ ਨੇਤਾ ਮਰਹੂਮ ਰਾਜ ਖੁਰਾਨਾ ਦੇ ਕੇਸ ਦਾ ਜ਼ਿਕਰ ਕਰ ਕੇ ਦੱਸਿਆ ਕਿ ਇਸਦਾ ਕੇਸ ਟਰਾਇਲ ਕੋਰਟ ਵਿੱਚ ਪੈਂਡਿੰਗ ਹੈ। ਹਾਈ ਕੋਰਟ ਨੇ ਕਿਹਾ ਕਿ ਵਿਸ਼ੇਸ਼ ਅਦਾਲਤ, ਸੀ ਬੀ ਆਈ ਕੇਸ ਦੇ ਟਰਾਇਲ ਵਿੱਚ ਦੇਰੀ ਬਾਰੇ ਰਿਪੋਰਟ ਪੇਸ਼ ਕਰੇ। ਇਸ ਮੌਕੇ ਹਾਈ ਕੋਰਟ ਵਿੱਚ ਸਬੰਧਤ ਪੈਂਡਿੰਗ ਕੇਸਾਂ ਦੇ ਸਬੰਧ ਵਿੱਚ ਰਜਿਸਟਰਾਰ (ਜਨਰਲ) ਨੇ ਵੀ ਰਿਪੋਰਟ ਪੇਸ਼ ਕੀਤੀ। ਅਗਲੀ ਸੁਣਵਾਈ ਅਗਸਤ ਦੇ ਤੀਜੇ ਹਫ਼ਤੇ ਵਿੱਚ ਹੋਵੇਗੀ।

## ਟਿਕਰੀ ਬਾਰਡਰ’ਤੇ ਕਿਸਾਨ ਆਗੂ ਰੁਲਦੂ ਸਿੰਘ ਦੇ ਟੈਂਟ ਉੱਤੇ ਹਮਲਾ

ਮਾਨਸਾ, 29 ਜੁਲਾਈ (ਪੋਸਟ ਬਿਊਰੋ)- ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਦਿੱਲੀ ਦੇ ਟਿਕਰੀ ਬਾਰਡਰ ਉੱਤੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਦੀ ਟਰਾਲੀ ਦੀ ਭੰਨ ਤੋੜ ਕੀਤੀ ਗਈ ਤੇ ਟਰਾਲੀ ਵਿੱਚਠਹਿਰੇ ਦੋ ਕਿਸਾਨਾਂ ਉਪਰ ਹਮਲਾ ਕੀਤਾ ਗਿਆ ਹੈ, ਜਿਸ ਵਿੱਚ ਦੋ ਕਿਸਾਨਾਂ ਦੇ ਫੱਟੜ ਹੋਣ ਦੀ ਖਬਰ ਹੈ।

ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰੈਸ ਸੈਕਟਰੀ ਐਡਵੋਕੇਟ ਬਲਕਰਨ ਸਿੰਘ ਬੱਲੀ, ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਰਾਣਾ, ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਪ੍ਰਧਾਨ ਕਾਮਰੇਡ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਰੁਲਦੂ ਸਿੰਘ ਮਾਨਸਾ ਲੰਬੇ ਸਮੇਂ ਤੋਂ ਕਿਸਾਨੀ ਸੰਘਰਸ਼ ਦੀ ਅਗਵਾਈ ਕਰ ਰਹੇ ਹਨ। ਕੇਂਦਰ ਦੀ ਮੋਦੀ ਸਰਕਾਰ ਅਤੇ ਆਰ ਐਸ ਐਸ ਵੱਲੋਂ ਸਰਕਾਰ ਅੱਗੇ ਨਾ ਝੁਕਣ ਵਾਲੇ ਆਗੂਆਂ ਨੂੰ ਵੱਖ-ਵੱਖ ਤਰ੍ਹਾਂ ਬਦਨਾਮ ਕਰਨ ਅਤੇ ਅੰਦੋਲਨ ਨੂੰ ਫੇਲ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਪਰ ਜਦ ਸਰਕਾਰ ਨਾਕਾਮਯਾਬ ਹੋ ਗਈ ਤਾਂ ਉਨ੍ਹਾਂ ਨੇ ਕਿਸਾਨ ਆਗੂਆਂ ਉੱਤੇ ਹਮਲੇ ਕਰਾਉਣੇ ਸ਼ੁਰੂ ਕਰ ਦਿੱਤੇ ਹਨ।ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਦੀਆਂ ਫੋਟੋਆਂ ਪਾੜੀਆਂ ਗਈਆਂ ਤੇ ਉਨ੍ਹਾਂ ਦੇ ਤਾਮਕੋਟ ਪਿੰਡ ਯੂਨਿਟ ਦੇ ਟੈਂਟ ਉੱਤੇ ਹਮਲਾ ਕਰ ਕੇ ਟੈਂਟ ਵਿੱਚ ਪਏ ਲੋਕਾਂ ਦੇ ਸੱਟਾਂ ਮਾਰੀਆਂ ਹਨ। ਗੁਰਵਿੰਦਰ ਸਿੰਘ ਦੇ ਸਿਰ ਵਿੱਚ ਸੱਟਾਂ ਹਨ, ਜਿਸ ਨੂੰ ਰੋਹਤਕ ਪੀ ਜੀ ਆਈ ਵਿੱਚ ਦਾਖਲ ਕਰਵਾਉਣਾ ਪਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਆਏ ਹੋਣ ਕਾਰਨ ਬਚ ਗਏ, ਨਹੀਂ ਤਾਂ ਸ਼ਰਾਰਤੀ ਅਨਸਰ ਕਿਸਾਨ ਆਗੂ ਦਾ ਜਾਨੀ ਨੁਕਸਾਨ ਕਰ ਸਕਦੇ ਸਨ।

## ਗੱਡੀਆਂ ਉੱਤੇ ਲਾਲ ਬੱਤੀਆਂ ਲਈ ਸੁਪਰੀਮ ਕੋਰਟ ਦੀ ਹਦਾਇਤ ਉੱਤੇ ਅਮਲ ਕਰਵਾਉਣ ਦੀ ਮੰਗ

ਚੰਡੀਗੜ੍ਹ, 29 ਜੁਲਾਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਅਰਜ਼ੀ ਰਾਹੀਂ ਮੰਗ ਕੀਤੀ ਗਈ ਹੈ ਕਿ ਵਾਹਨਾਂ ਉਤੇ ਲਾਲ ਜਾਂ ਨੀਲੀ ਬੱਤੀ ਬਾਰੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਪਾਲਣਾ ਕਰਵਾਈ ਜਾਵੇ।

ਇਸ ਸੰਬੰਧ ਵਿੱਚ ਪਟੀਸ਼ਨਰ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਹਦਾਇਤ ਮੁਤਾਬਕ ਵਾਹਨਾਂ ਉੱਤੇ ਬੱਤੀ ਲਾਉਣ ਦੀ ਬਾਕਾਇਦਾ ਇਜਾਜ਼ਤ ਲੈਣੀ ਜ਼ਰੂਰੀ ਹੈ, ਪਰ ਇਸ ਵੇਲੇ ਪੰਜਾਬ ਦੇਕਈ ਅਫ਼ਸਰ ਆਪਣੀਆਂ ਨਿੱਜੀ ਗੱਡੀਆਂ ਉੱਤੇ ਵੀ ਲਾਲ ਅਤੇ ਨੀਲੀ ਬੱਤੀ ਲਾ ਕੇ ਘੁੰਮਦੇ ਹਨ, ਜਦੋਂ ਕਿ ਇਨ੍ਹਾਂ ਬੱਤੀਆਂ ਦੀ ਵਰਤੋਂ ਸਿਰਫ਼ ਐਮਰਜੰਸੀ ਸੇਵਾਵਾਂ ਦੇ ਲਈ ਵਰਤੇ ਜਾਣ ਵਾਲੇ ਵਾਹਨਾਂ ਲਈ ਕੀਤੀ ਜਾ ਸਕਦੀ ਹੈ।ਕਈ ਸਰਕਾਰੀ ਅਫ਼ਸਰਾਂ ਵੱਲੋਂ ਸਰਕਾਰੀ ਅਤੇ ਨਿੱਜੀ



ਵਾਹਨਾਂ ਦੀ ਛੱਤ ਉਤੇ ਲਾਲ ਜਾਂ ਨੀਲੀ ਬੱਤੀ ਲੱਗੀ ਹੋਣ ਕਾਰਨ ਹਾਈ ਕੋਰਟ ਵਿੱਚ ਪਟੀਸ਼ਨ ਪੇਸ਼ ਕੀਤੀ ਗਈ ਹੈ। ਚੀਫ਼ ਜਸਟਿਸ ਆਰ ਐਸ ਝਾਅ ਅਤੇ ਜਸਟਿਸ ਅਰੁਣ ਪੱਲੀ ਦੀ ਡਵੀਜਨ ਬੈਂਚ ਨੇ ਹਾਲੇ ਬਿਨਾਂ ਕੋਈ ਨੋਟਿਸ ਜਾਰੀ ਕੀਤੇ ਸੁਣਵਾਈ 10 ਸਤੰਬਰ ਤਕ ਮੁਲਤਵੀ ਕਰ ਦਿੱਤੀ ਹੈ। ਇਸ ਕੇਸ ਬਾਰੇ ਮੋਹਾਲੀ ਦੇ ਐਡਵੋਕੇਟ ਨਿਖਿਲ ਸਰਾਫ਼ ਨੇ ਲੋਕਹਿਤ ਪਟੀਸ਼ਨ ਵਿੱਚ ਦੱਸਿਆ ਹੈ ਕਿ ਸੁਪਰੀਮ ਕੋਰਟ ਨੇ ਅਭੈ ਸਿੰਘ ਬਨਾਮ ਉਤਰ ਪ੍ਰਦੇਸ਼ ਦੇ ਕੇਸ ਵਿੱਚ ਸਪੱਸ਼ਟ ਹੁਕਮ ਦਿੱਤਾ ਸੀ ਕਿ ਸਿਰਫ਼ ਐਮਰਜੰਸੀ ਸੇਵਾਵਾਂ ਅਤੇ ਆਫ਼ਤ ਪ੍ਰਬੰਧਾਂ ਲਈ ਲਾਲ ਅਤੇ ਨੀਲੀ ਬੱਤੀ ਦੀ ਵਰਤੋਂ ਕੀਤੀ ਜਾਣੀ ਚਾਹੀਦੀਹੈ ਅਤੇ ਜੇ ਇਸ ਤੋਂ ਇਲਾਵਾ ਇਨ੍ਹਾਂ ਦਾ ਇਸਤੇਮਾਲ ਕਰਨਾ ਹੈ ਤਾਂ ਉਸ ਲਈ ਨੋਟੀਫ਼ੀਕੇਸ਼ਨ ਜਾਰੀ ਕਰਨਾ ਹੋਵੇਗਾ ਅਤੇ ਜਿਨ੍ਹਾਂ ਨੂੰ ਅਜਿਹੀ ਇਜਾਜ਼ਤ ਦਿੱਤੀ ਜਾਵੇ ਉਸ ਦੇ ਬਾਰੇ ਜਨਤਕ ਸੂਚਨਾ ਦਿੱਤੀ ਜਾਵੇ।

## ਅਦਾਲਤ ਕੋਲੋਂ ਧੋਖੇ ਨਾਲ ਐਲ ਓ ਸੀ ਜਾਰੀ ਕਰਾਉਣ ਵਾਲੇ ਭੂਪਿੰਦਰ ਸਿੰਘ ਦੇ ਖਿਲਾਫ ਨੋਟਿਸ

ਜਲੰਧਰ, 29 ਜੁਲਾਈ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਨੂੰ ਗੁੰਮਰਾਹ ਕਰ ਕੇ ਝੂਠੇ ਬਿਆਨਾਂ ਉੱਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਖਿਲਾਫ ਐਲ ਓ ਸੀ ਜਾਰੀ ਕਰਵਾਉਣ ਵਾਲੇ ਸਰਨਾ ਪਾਰਟੀ ਦੇ ਨੇਤਾ ਭੂਪਿੰਦਰ ਸਿੰਘ ਦੇ ਖਿਲਾਫ ਅਦਾਲਤ ਨੇ ਨੋਟਿਸ ਜਾਰੀ ਕਰ ਦਿੱਤਾ ਹੈ। ਇਸ ਗੱਲ ਦੀ ਜਾਣਕਾਰੀ ਕਮੇਟੀ ਦੇ ਲੀਗਲ ਸੈਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਨੇ ਦਿੱਤੀ ਹੈ।

ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਭੂਪਿੰਦਰ ਸਿੰਘ ਵੱਲੋਂ ਅਦਾਲਤ ਨੂੰ ਗੁੰਮਰਾਹ ਕਰ ਕੇ ਐਲ ਓ ਸੀ ਜਾਰੀ ਕਰਨ ਦੇ ਮਾਮਲੇ ਦੀ ਜਾਣਕਾਰੀ ਡਾਕਟਰ ਪੰਕਜ ਸ਼ਰਮਾ ਸੀ ਐਨ ਐਮ ਐਨ ਡੀ ਪਟਿਆਲਾ



ਹਾਊਸ ਕੋਰਟ ਦੀ ਅਦਾਲਤ ਨੂੰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਧਾਰਾ 340 ਅਤੇ 194 (1) ਸੀ ਆਰ ਪੀ ਸੀ ਦੇ ਤਹਿਤ ਭੂਪਿੰਦਰ ਸਿੰਘ ਨੂੰ ਨੋਟਿਸ ਜਾਰੀ ਕੀਤਾ ਅਤੇ ਉਸ ਕੋਲੋਂ 18 ਅਗਸਤ ਤਕ ਜਵਾਬ ਮੰਗਿਆ ਹੈ। ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਅਦਾਲਤ ਵਿੱਚ ਦੱਸਿਆ ਗਿਆ ਹੈ ਕਿ ਭੂਪਿੰਦਰ ਸਿੰਘ ਨੇ ਆਪਣੀ ਅਰਜ਼ੀ ਵਿੱਚ ਝੂਠੇ ਤੇ ਬੇਬੁਨਿਆਦ ਐਲਾਨਨਾਮੇ ਨਾਲ ਅਦਾਲਤ ਨੂੰ ਗੁੰਮਰਾਹ ਕੀਤਾ ਹੈ। ਅਦਾਲਤ ਨੇ ਇਸ ਕੇਸ ਦੀ ਸੁਣਵਾਈ ਕਰਕੇ ਭੂਪਿੰਦਰ ਸਿੰਘ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਅਕਾਲੀ ਦਲ ਦੇ ਵਿਰੋਧੀਆਂ ਵੱਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਉੱਤੇ ਟਿੱਪਣੀ ਕਰਦੇ ਹੋਏ ਕਾਹਲੋਂ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਵਿੱਚ ਆਪਣੀ ਹਾਰ ਦੇਖ ਕੇ ਭਲੇ ਲਈ ਕੀਤੇ ਜਾ ਰਹੇ ਸਾਡੇ ਕੰਮਾਂ ਦਾ ਵਿਰੋਧ ਕਰਦੇ ਰਹੇ ਅਤੇਗੁਰੂਘਰਾਂ ਦੇ ਖਿਲਾਫ ਬੋਲਦੇ ਰਹੇ ਤੇ ਫਿਰ ਇਨ੍ਹਾਂ ਹਰਕਤਾਂ ਉੱਤੇ ਉਤਰ ਆਏ ਹਨ।ਉਨ੍ਹਾਂ ਨੇ ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੂੰ ਯਾਦ ਦਿਵਾਇਆ ਕਿ ਉਨ੍ਹਾਂ ਦੇ ਖਿਲਾਫ ਗੋਲਕ ਚੋਰੀ ਦੇ ਦੋਸ਼ ਲੱਗੇ ਹਨ, ਜਿਸ ਦਾ ਜਵਾਬ ਉਨ੍ਹਾਂ ਨੇ ਹੁਣ ਤਕ ਸੰਗਤ ਨੂੰ ਨਹੀਂ ਦਿੱਤਾ।

## ਐਕਸਾਈਜ਼ ਅਫ਼ਸਰਾਂ ਦੇ ਤਸ਼ੱਦਦ ਦਾ ਸ਼ਿਕਾਰ ਨੌਜਵਾਨ ਹਾਈ ਕੋਰਟ ਜਾ ਪੁੱਜਾ

ਚੰਡੀਗੜ੍ਹ, 29 ਜੁਲਾਈ (ਪੋਸਟ ਬਿਊਰੋ)- ਐਕਸਾਈਜ਼ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਮਾਨਸਾ ਵਿੱਚ ਪਿਛਲੇ 18 ਜੂਨ ਨੂੰ ਪਵਨ ਕੁਮਾਰ ਨਾਮ ਦੇ ਵਿਅਕਤੀ ਨੂੰ ਉਸ ਦੇ ਘਰੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਚੁੱਕ ਕੇ ਉਸ ਉੱਤੇ ਤਸ਼ੱਦਦ ਕਰਨ ਦੇ ਕੇਸ ਵਿੱਚ ਪਵਨ ਨੇ ਹਾਈ ਕੋਰਟ ’ਚ ਅਪੀਲ ਕੀਤੀ ਹੈ। ਤਸ਼ੱਦਦ ਉਪਰੰਤ ਪਵਨ ਲਕਵੇ ਦਾ ਸ਼ਿਕਾਰ ਹੋ ਗਿਆ ਸੀ ਤੇ ਉਸ ਨੇ ਦਸ ਲੱਖ ਰੁਪਏ ਮੁਆਵਜ਼ਾ ਅਤੇ ਦੋਸ਼ੀ ਮੁਲਾਜ਼ਮਾਂ ਤੇ ਅਫ਼ਸਰਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ।

ਜਸਟਿਸ ਲੀਜਾ ਗਿੱਲ ਨੇ ਪਟੀਸ਼ਨ ਉਤੇ ਸੁਣਵਾਈ ਦੌਰਾਨ ਪੰਜਾਬ ਸਰਕਾਰ, ਡੀ ਜੀ ਪੀ, ਐਸ ਐਸ ਪੀ ਮਾਨਸਾ ਅਤੇ ਸਬੰਧਤ ਐਸ ਐਚ ਓ ਨੂੰ 1 ਨਵੰਬਰ ਲਈ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਪਵਨ ਕੁਮਾਰ ਅਤੇ ਉਸ ਦੀ ਪਤਨੀ ਕਾਂਤਾ ਰਾਣੀ ਨੇ ਐਡਵੋਕੇਟ ਐਚ ਸੀ ਅਰੋੜਾ ਜ਼ਰੀਏ ਦਾਖ਼ਲ ਪਟੀਸ਼ਨ ਵਿੱਚ ਕਿਹਾ ਹੈ ਕਿ ਐਕਸਾਈਜ਼ ਵਿਭਾਗ ਦੇ ਮੁਲਾਜ਼ਮਾਂ ਨੇ ਪਵਨ ਨੂੰ ਪਿਛਲੇ ਸਾਲ 18 ਜੂਨ ਨੂੰ ਉਸਦੇ ਘਰ ਤੋਂ ਚੁੱਕ ਲਿਆ ਸੀ, ਜਦਕਿ ਉਸ ਵਿਰੁੱਧ ਕੋਈ ਵੀ ਕੇਸ ਦਰਜ ਤਕ ਨਹੀਂ ਕੀਤਾ ਗਿਆ। ਉਸ ਨੂੰ ਗ਼ੈਰ ਕਾਨੂੰਨੀ ਤਰੀਕੇ ਨਾਲ ਹਿਰਸਾਤ ਵਿੱਚ ਰੱਖਿਆ ਤੇ ਤਸ਼ੱਦਦ ਕੀਤਾ ਗਿਆ। ਹਾਲਤ ਵਿਗੜਨ ਦੇ ਬਾਅਦ ਉਸ ਨੂੰ ਸਟ੍ਰੈਚਰ ਉਤੇ ਹਸਪਤਾਲ ਭੇਜ ਦਿੱਤਾ ਗਿਆ, ਜਿੱਥੇ ਉਸ ਦਾ ਇਲਾਜ ਹੋਇਆ ਪਰ ਬੁਰੀ ਤਰ੍ਹਾਂ ਕੀਤੇ ਅਣਮਨੁੱਖੀ ਤਸ਼ੱਦਦ ਕਾਰਨ ਉਹ ਸਥਾਈ ਤੌਰ ਉਤੇ ਲਕਵੇ ਦਾ ਸ਼ਿਕਾਰ ਹੋ ਚੁੱਕਾ ਹੈ। ਇਸ ਬਾਰੇ ਉਸ ਦੀ ਸ਼ਿਕਾਇਤ ਉਤੇ ਐਸ ਆਈ ਟੀ ਬਣਾਈ ਗਈ ਤਾਂ ਸਿਰਫ਼ ਇੰਸਪੈਕਟਰ ਮਨਜੀਤ ਸਿੰਘ ਵਿਰੁੱਧ ਹੀ ਗ਼ੈਰ ਕਾਨੂੰਨੀ ਤਰੀਕੇ ਨਾਲ ਹਿਰਾਸਤ ਵਿੱਚ ਰੱਖਣ ਅਤੇ ਤਸ਼ੱਦਦ ਕਰਨ ਬਾਰੇ ਕੇਸ ਦਰਜ ਕਰਨ ਦਾ ਹੁਕਮ ਦਿੱਤਾ।

## ਟਰਾਂਸਫਾਰਮਰਾਂ ਦਾ ਸਾਮਾਨ ਚੋਰੀ ਕਰਨ ਵਾਲੇ ਚੋਰਾਂ ਦੀ ਨਿਸ਼ਾਨਦੇਹੀ ਉਤੇ ਨਕਦੀ, ਜੀਪ ਤੇ ਬਾਈਕ ਬਰਾਮਦ

ਜਲੰਧਰ, 29 ਜੁਲਾਈ (ਪੋਸਟ ਬਿਊਰੋ)- ਇੰਪਰੂਵਮੈਂਟ ਟ੍ਰਸਟ ਜਲੰਧਰ ਦੀ ਮਾਸਟਰ ਗੁਰਬੰਤਾ ਸਿੰਘ ਐਨਕਲੇਵਕਾਲੋਨੀਦੇ ਫਲੈਟਾਂ ਦੇ ਕੋਲ ਟਰਾਂਸਫਾਰਮਰਾਂ ਦਾ 7.60 ਲੱਖ ਦਾ ਸਾਮਾਨ ਚੋਰੀ ਕਰਨ ਵਾਲੇ ਇੱਕ ਰੈਕੇਟ ਦੇ ਦੋ ਮੈਂਬਰਾਂ ਨੂੰ ਥਾਣਾ-1 ਦੀ ਪੁਲਸ ਨੇ 21 ਜੁਲਾਈ ਨੂੰ ਮੌਕੇ ਤੋਂ ਫੜਨ ਵਿੱਚ ਸਫਲਤਾ ਹਾਸਲ ਕੀਤੀ ਸੀ। ਉਸਦੇ ਬਾਅਦ ਚੋਰੀ ਦਾ ਸਾਮਾਨ ਖਰੀਦਣ ਦੇ ਦੋਸ਼ਾਂ ਵਿੱਚ ਪੁਲਸ ਨੇ ਨਾਗਰਾ ਨਿਵਾਸੀ ਕਾਰਤਿਕ ਨੂੰ ਕਾਬੂ ਕੀਤਾ ਹੈ।

ਥਾਣਾ-1 ਦੇ ਏ ਐਸ ਆਈ ਜਾਂਚ ਅਧਿਕਾਰੀ ਨਰਿੰਦਰ ਮੋਹਨ ਨੇ ਦੱਸਿਆ ਕਿ ਦੋ ਦੋਸ਼ੀਆਂ ਤੋਂ ਟਰਾਂਸਫਾਰਮਰ ਖੋਲ੍ਹਣ ਵਾਲੇ ਔਜ਼ਾਰ ਅਤੇ ਕੈਂਟਰ (ਮਲਵਾਹਕ ਗੱਡੀ) ਮਿਲੀ ਸੀ। ਉਸਦੇ



ਬਾਅਦ ਇਨ੍ਹਾਂ ਲੋਕਾਂ ਦੀ ਨਿਸ਼ਾਨਦੇਹੀ ਉੱਤੇ ਸਾਮਾਨ ਵੇਚ ਕੇ ਇਕੱਠੇ ਕੀਤੇ 30 ਹਜ਼ਾਰ ਰੁਪਏ ਨਕਦੀ ਬਰਾਮਦ ਕੀਤੇ ਗਏ ਅਤੇ ਮਹਿੰਦਰਾ ਜੀਪ ਅਤੇ ਮੋਟਰਸਾਈਕਲ ਵੀ ਬਰਾਮਦ ਹੋਇਆ ਹੈ, ਜਿਨ੍ਹਾਂ ਨੂੰ ਜ਼ਬਤ ਕਰਕੇ ਥਾਣੇ ਰੱਖਿਆ ਹੈ।ਜਾਂਚ ਵਿੱਚ ਪਤਾ ਲੱਗਾ ਕਿ ਉਕਤ ਮੋਟਰਸਾਈਕਲ ਉੱਤੇ ਜਾਅਲੀ ਨੰਬਰ ਲਾਇਆ ਗਿਆ ਸੀ। ਇਸੇ ਮੋਟਰਸਾਈਕਲ ’ਤੇ ਉਹ ਲੋਕ ਵੱਖ-ਵੱਖ ਇਲਾਕਿਆਂ ਦੀ ਰੇਕੀ ਕਰਦੇ ਸੀ ਅਤੇ ਰਾਤ ਸਮੇਂ ਚੋਰੀ ਦੀ ਵਾਰਦਾਤ ਕਰਕੇ ਮਹਿੰਦਰਾ ਜੀਪ ਵਿੱਚ ਟਰਾਂਸਫਾਰਮਰ ਅਤੇ ਹੋਰ ਸਾਮਾਨ ਭਰ ਕੇ ਲੈ ਜਾਂਦੇ ਸੀ। ਨਰਿੰਦਰ ਮੋਹਨ ਨੇ ਦੱਸਿਆ ਕਿ ਫੜੇ ਗਏ ਦੋਸ਼ੀਆਂ ਦਾ ਰਿਮਾਂਡ ਖਤਮ ਹੋਣ ਪਿੱਛੋਂ ਸਾਰਿਆ ਨੂੰ ਜੇਲ੍ਹ ਭੇਜਿਆ ਜਾ ਚੁੱਕਾ ਹੈ। ਕਬਾੜ ਦਾ ਸਾਮਾਨ ਖਰੀਦਣ ਵਾਲੇ ਸ਼ੱਕੀਆਂ ਉੱਤੇ ਨਜ਼ਰ ਰੱਖੀ ਜਾ ਰਹੀ ਹੈ। ਇਸ ਗੈਂਗ ਦੇ ਦੋ ਲੀਡਰਾਂ, ਜਿਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ, ਵਿੱਚੋਂ ਇੱਕ ਦੋਸ਼ੀ ਸ਼ਹੀਦ ਬਾਬੂ ਲਾਭ ਸਿੰਘ ਨਗਰ ਕੋਲ ਪੈਂਦੇ ਗੰਦੇ ਨਾਲੇ ਦੇ ਨੇੜੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਉਸ ਨੂੰਫੜਨ ਲਈ ਪੁਲਸ ਨੇ ਕਈ ਵਾਰੀ ਛਾਪੇਮਾਰੇ ਪਰ ਦੋਸ਼ੀ ਉਥੇ ਬੀਤੇ ਹਫ਼ਤੇ ਤੋਂ ਨਹੀਂ ਆਏ।

## ਸੁਖਪਾਲ ਸਿੰਘ ਸਰਾਂ ਨੂੰ ਮਿਲੀ ਹੋਈ ਅਗਾਊਂ ਜ਼ਮਾਨਤ 6 ਸਤੰਬਰ ਤਕ ਰਹੇਗੀ

ਚੰਡੀਗੜ੍ਹ, 29 ਜੁਲਾਈ (ਪੋਸਟ ਬਿਊਰੋ)- ਪੰਜਾਬ ਭਾਜਪਾ ਦੇ ਸੂਬਾ ਸੈਕਟਰੀ ਸੁਖਪਾਲ ਸਿੰਘ ਸਰਾਂ, ਜਿਸ ਦੇ ਖਿਲਾਫ 20 ਮਈ ਨੂੰ ਪਿੰਡ ਬੀੜ ਤਲਾਬ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਵੱਲੋਂ ਪ੍ਰਧਾਨ ਮੰਤਰੀ ਮੋਦੀ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਜੇਲ੍ਹ ਤੋਂ ਰਿਹਾਈ ਦੀ ਅਰਦਾਸ ਕਰਨ ਬਾਰੇ ਕੇਸ ਦਰਜ ਹੋਇਆ ਸੀ, ਨੂੰ ਹਾਈ ਕੋਰਟ ਨੇ ਸਰਾਂ ਨੂੰ ਅਗਾਊਂ ਜ਼ਮਾਨਤ ਦਿੱਤੀ ਸੀ, ਜੋ ਛੇ ਸਤੰਬਰ ਤਕ ਵਧਾ ਕੇ ਸੁਣਵਾਈ ਟਾਲ ਦਿੱਤੀ ਗਈ ਹੈ।

ਕੱਲ੍ਹ ਇਸ ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਨੋਟਿਸ ਦਾ ਜਵਾਬ ਦਿੱਤੇ ਜਾਣ ਲਈ ਕੁਝ ਹੋਰ ਸਮੇਂ ਦੀ ਮੰਗ ਕੀਤੀ, ਜਿਸ ਉੱਤੇ ਹਾਈ ਕੋਰਟ ਨੇ ਸਰਾਂ ਨੂੰ ਦਿੱਤੀ ਅਗਾਊਂ ਜ਼ਮਾਨਤ ਦੇ ਹੁਕਮ ਜਾਰੀ ਰੱਖਦੇ ਹੋਏ ਸੁਣਵਾਈ ਛੇ ਸਤੰਬਰ ਤਕ ਟਾਲ ਦਿੱਤੀ ਹੈ। ਵਰਨਣ ਯੋਗ ਹੈ ਕਿ ਸਰਾਂ ਦੇ ਖਿਲਾਫ ਇਸ ਕੇਸ ਬਾਰੇ ਬਠਿੰਡਾ ਦੇ ਸਦਰ ਥਾਣੇ ਵਿੱਚ ਵੀਹ ਮਈ ਨੂੰ ਸ਼ਿਕਾਇਤ ਦਰਜ ਹੋਈ ਸੀ। ਸਰਾਂ ਨੇ ਪਹਿਲਾਂ ਬਠਿੰਡਾ ਦੀ ਜ਼ਿਲ੍ਹਾ ਅਦਾਲਤ ਤੋਂ ਇਸ ਕੇਸ ਦੀ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਸੀ, ਜਿਸ ਦੇ ਰੱਦ ਹੋਣ ਦੇ ਬਾਅਦ ਸਰਾਂ ਨੇ ਹਾਈ ਕੋਰਟ ਵਿੱਚ ਅਗਾਊਂ ਜ਼ਮਾਨਤ ਦੀ ਅਰਜ਼ੀ ਦਿੱਤੀ ਸੀ। ਹਾਈ ਕੋਰਟ ਨੇ ਸਰਾਂ ਨੂੰ ਜਾਂਚ ਵਿੱਚ ਸ਼ਾਮਲ ਹੋਣ ਦੇ ਹੁਕਮ ਦੇ ਨਾਲ ਅਗਾਊਂ ਜ਼ਮਾਨਤ ਦੇਣ ਦੇ ਹੁਕਮ ਦੇ ਦਿੱਤੇ ਸਨ।



## ਕੋਰੋਨਾ ਨੂੰ ਮਾਤ ਦੇਣ ਵਾਲਿਆਂ ਵਿੱਚ ਟੀ ਬੀ ਦਾ ਖਤਰਾ ਵਧਿਆ

ਨਵੀਂ ਦਿੱਲੀ, 29 ਜੁਲਾਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੂੰ ਮਾਤ ਦੇ ਕੇ ਠੀਕ ਹੋਣ ਵਾਲੇ ਲੋਕਾਂ ਵਿੱਚ ਇਸ ਦੇ ਬਾਅਦ ਟਿਊਬਕਲੋਸਿਸ (ਟੀ ਬੀ) ਬਿਮਾਰੀ ਦਾ ਖਤਰਾ ਵਧ ਗਿਆ ਹੈ। ਅਜਿਹੇ ਲੋਕਾਂ ਨੂੰ ਟੀ ਬੀ ਤੋਂ ਬਚਾਉਣ ਦੇ ਲਈ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ ਸੀ ਐਮ ਆਰ) ਦੀ ਟੀਮ ਜਾਂਚ ਦੇ ਲਈ ਜਲਦੀ ਹੀ ਚੰਬੇ ਦਾ ਦੌਰਾ ਕਰੇਗੀ ਅਤੇ ਆਈ ਸੀ ਐਮ ਆਰ ਇਥੇ ਮਾਹਰ ਡਾਕਟਰਾਂ ਨੂੰ ਵੀ ਤੈਨਾਤ ਕਰੇਗੀ।

ਮੈਡੀਕਲ ਮਾਹਰਾਂ ਦੀ ਖੋਜ ਵਿੱਚ ਪਤਾ ਲੱਗਾ ਹੈ ਕਿ ਕੋਵਿਡ ਦੇ ਇਲਾਜ ਦੌਰਾਨ ਸਟੇਰਾਈਡ ਦਾ ਟੀਕਾ ਲਵਾਉਣ ਵਾਲੇ ਮਰੀਜ਼ ਭਾਵੇਂ ਕੋਰੋਨਾ ਨੂੰ ਮਾਤ ਦੇ ਚੁੱਕੇ ਹਨ, ਪਰ ਉਨ੍ਹਾ ਨੂੰ ਟੀ ਬੀ ਰੋਗ ਚੰਬੜ ਲੈ ਰਿਹਾ ਹੈ। ਸਿਹਤ ਵਿਭਾਗ ਇਹੋ ਜਿਹੇ ਰੋਗੀਆਂ ਦੀ ਪਛਾਣ ਕਰ ਕੇ ਤੁਰੰਤ ਉਨ੍ਹਾਂ ਦਾ ਇਲਾਜ ਸ਼ੁਰੂ ਕਰੇਗਾ। ਚੰਬਾ ਮੈਡੀਕਲ ਕਾਲਜ ਦੇ ਐਮ ਡੀ ਮੈਡੀਸਨ ਡਾਕਟਰ ਸੰਜੇ ਕਸ਼ਯਪ ਨੇ ਦੱਸਿਆ ਕਿ ਆਈ ਸੀ ਐਮ ਆਰ ਵੱਲੋਂ ਜਲਦੀ ਹੀ ਇੱਕ ਟੀਮ ਚੰਬਾ ਭੇਜੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕੋਰੋਨਾ ਨੂੰ ਹਰਾ ਕੇ ਠੀਕ ਹੋਏ ਲੋਕਾਂ ਨੂੰ ਭੀੜ ਵਾਲੀਆਂ ਥਾਵਾਂ ਦੇ ਜਾਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਅਤੇ ਰੋਜ਼ਾਨਾ ਦੀ ਡਾਈਟ ਉੱਤੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਅਜਿਹੇ ਲੋਕ ਪ੍ਰੋਟੀਨ ਭਰਭੂਰ ਭੋਜਨ ਲੈਣ ਤੇ ਘਰਾਂ ਵਿੱਚ ਸਫਾਈ ਰੱਖਣ। ਵਰਨਣ ਯੋਗ ਹੈ ਕਿ ਚੰਬਾ ਜ਼ਿਲ੍ਹੇ ਵਿੱਚ 11 ਹਜ਼ਾਰ ਤੋਂ ਵੱਧ ਲੋਕ ਕੋਰੋਨਾ ਨੂੰ ਮਾਤ ਦੇ ਚੁੱਕੇ ਹਨ। ਠੀਕ ਹੋ ਚੁੱਕੇ ਕਈ ਮਰੀਜ਼ਾਂ ਵਿੱਚ ਖਾਂਸੀ ਦੀ ਸ਼ਿਕਾਇਤ ਹੋ ਰਹੀ ਹੈ। ਅਜਿਹੇ ਲੋਕਾਂ ਵਿੱਚ ਟੀ ਬੀ ਦਾ ਡਰ ਘਰ ਕਰ ਰਿਹਾ ਹੈ।

## ਪੰਜਾਬ ਤੋਂ ਬਿਹਾਰ ਜਾਂਦੀ ਡਬਲ ਡੈਕਰ ਬੱਸ ਨੂੰ ਬਾਰਾਬੰਕੀ ਵਿੱਚ ਟਰੱਕ ਦੀ ਟੱਕਰ, 18 ਮੌਤਾਂ



ਬਾਰਾਬੰਕੀ, 29 ਜੁਲਾਈ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਾਰਾਬੰਕੀ ਜ਼ਿਲ੍ਹੇ ਵਿਚਲੇ ਰਾਮਸਨੇਹੀਘਾਟ ਖੇਤਰ ਵਿੱਚ ਲਖਨਊ-ਅਯੁੱਧਿਆ ਨੈਸ਼ਨਲ ਹਾਈਵੇਅ ਉੱਤੇ ਇੱਕ ਤੇਜ਼ ਰਫ਼ਤਾਰ ਟਰੱਕ ਨੇ ਸੜਕ ਕੰਢੇ ਖੜੀ ਬੱਸ ਨੂੰ ਪਿੱਛੋਂ ਜ਼ੋਰਦਾਰ ਟੱਕਰ ਮਾਰੀ, ਜਿਸ ਕਾਰਨ ਬੱਸ 'ਚ ਸਵਾਰ 18 ਲੋਕਾਂ ਦੀ ਮੌਤ ਹੋ ਗਈ ਤੇ 25 ਲੋਕ ਹੋ ਗਏ। ਲਖਨਊ ਖੇਤਰ ਦੇ ਐਡੀਸ਼ਨਲ ਡੀ ਜੀ ਪੀ, ਐਸ ਐਨ ਸਾਬਤ ਨੇ ਦੱਸਿਆ ਕਿ ਪੰਜਾਬ ਤੋਂ ਬਿਹਾਰ ਜਾ ਰਹੀ ਇੱਕ ਨਿਜੀ 'ਡਬਲ ਡੈਕਰ' ਬੱਸ 27-28 ਜੁਲਾਈ ਦੀ ਰਾਤ ਰਾਮਸਨੇਹੀਘਾਟ ਖੇਤਰ ਵਿੱਚ ਲਖਨਊ-ਅਯੁੱਧਿਆ ਨੈਸ਼ਨਲ ਹਾਈਵੇ ਉੱਤੇ ਕਲਿਆਣੀ ਨਦੀ ਕੋਲ 'ਐਕਸਲ' ਟੁੱਟ ਜਾਣ ਕਾਰਨ ਸੜਕ ਕਿਨਾਰੇ ਖੜੀ ਸੀ। ਬੱਸ ਠੀਕ ਹੋਣ ਵਿੱਚ ਦੇਰ ਲੱਗਣ ਦੀ ਗੱਲ ਦੱਸੇ ਜਾਣ ਉੱਤੇ ਯਾਤਰੀ ਬੱਸ ਤੋਂ ਬਾਹਰ ਨਿਕਲ ਆਏ ਅਤੇ ਕੁਝ ਲੋਕ ਬੱਸ ਦੇ ਅੱਗੇ ਸੜਕ ਉੱਤੇ ਸੁੱਤੇ ਪਏ ਸਨ ਕਿ ਰਾਤ ਕਰੀਬ 12 ਵਜੇ ਪੰਜਾਬ ਤੋਂ ਬਿਹਾਰ ਜਾ ਰਹੇ ਨਾਗਾਲੈਂਡ ਦੇ ਇੱਕ ਟਰੱਕ ਨੇ ਬੱਸ ਨੂੰ ਪਿੱਛੋਂ ਜ਼ੋਰਦਾਰ ਟੱਕਰ ਮਾਰ ਦਿੱਤੀ।ਉਨ੍ਹਾਂ ਦੱਸਿਆ ਕਿ ਹਾਦਸੇ ਵਿੱਚ 11 ਲੋਕਾਂ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਸੱਤ ਹੋਰਾਂ ਨੇ ਹਸਪਤਾਲ ਜਾਂਦੇ ਸਮੇਂ ਦਮ ਤੋੜ ਦਿੱਤਾ, ਜਦ ਕਿ 25 ਹੋਰ ਲੋਕ ਜ਼ਖ਼ਮੀ ਹੋ ਗਏ ਹਨ।

ਬੱਸ ਵਿੱਚ ਸਵਾਰ ਸੀਤਾਰਾਮ ਨੇ ਕਿਹਾ, ''ਅਸੀਂ ਲੋਕ ਜੂਨ ਦੇ ਮਹੀਨੇ ਖੇਤਾਂ ਵਿੱਚ ਝੋਨਾਂ ਲਾਉਣ ਲਈ ਬਿਹਾਰ ਤੋਂ ਪੰਜਾਬ ਮਜ਼ਦੂਰੀ ਕਰਨ ਗਏ ਸਾਂ। ਕੰਮ ਖ਼ਤਮ ਹੋਣ ਮਗਰੋਂ ਵਾਪਸ ਆਪਣੇ ਘਰ ਜਾ ਰਹੇ ਸੀ। 'ਐਕਸਲ' ਟੁੱਟਣ ਕਾਰਨ ਬੱਸ ਰੁੱਕ ਗਈ, ਜਿਸ ਨੂੰ ਇੱਕ ਮਕੈਨਿਕ ਠੀਕ ਕਰਨ ਆਇਆ ਸੀ। ਅੱਧੇ ਤੋਂ ਜ਼ਿਆਦਾ ਲੋਕ ਗਰਮੀ ਹੋਣ ਕਾਰਨ ਬੱਸ ਤੋਂ ਹੇਠਾਂ ਉਤਰ ਗਏ ਸਨ। ਉਦੋਂ ਹੀ ਟਰੱਕ ਨੇ ਬੱਸ ਕੋਲ ਖੜੇ ਸਾਰੇ ਲੋਕਾਂ ਨੂੰ ਕੁਚਲਦੇ ਹੋਏ ਬੱਸ ਨੂੰ ਪਿੱਛੋਂ ਟਰੱਕ ਮਾਰ ਦਿੱਤੀ। ਅਸੀਂ ਕੁਝ ਲੋਕ ਸੜਕ ਦੇ ਦੂਜੇ ਪਾਸੇ ਖੜੇ ਹੋਣ ਕਾਰਨ ਬੱਚ ਗਏ।''

## ਸਾਬਕਾ ਪੁਲਸ ਕਮਿਸ਼ਨਰ ਪਰਮਬੀਰ ਦੇ ਖਿਲਾਫ ਜਬਰੀ ਵਸੂਲੀ ਕੇਸ ਵਿੱਚ ਐੱਸ ਆਈ ਟੀ ਬਣੀ

ਮੁੰਬਈ, 29 ਜੁਲਾਈ (ਪੋਸਟ ਬਿਊਰੋ)- ਮੁੰਬਈ ਪੁਲਸ ਦੇ ਸਾਬਕਾ ਕਮਿਸ਼ਨਰ ਪਰਮਬੀਰ ਸਿੰਘ ਅਤੇ ਸੱਤ ਹੋਰਨਾਂ ਦੇ ਖਿਲਾਫ ਇੱਥੇ ਮੈਰੀਨ ਡਰਾਈਵ ਥਾਣੇ ਵਿੱਚ ਦਰਜ ਜਬਰੀ ਵਸੂਲੀ ਦੇ ਕੇਸ ਵਿੱਚ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਗਈ ਹੈ, ਜਿਹੜੀ ਇਸ ਕੇਸ ਨੂੰ ਸਿਰੇ ਲਾਵੇਗੀ।

ਇੱਕ ਉੱਚ ਅਧਿਕਾਰੀ ਨੇ ਦੱਸਿਆ ਕਿ ਅਪਰਾਧ ਸੈਲ ਵਿੱਚ ਇੱਕ ਵੱਖਰਾ ਕੇਸ ਵੀ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੰਬਈ ਪੁਲਸ ਕਮਿਸ਼ਨਰ ਹੇਮੰਤ ਨਗਰਾਲੇ ਨੇ ਇਸ ਬਾਰੇ 25 ਜੁਲਾਈ ਨੂੰ ਐੱਸ ਆਈ ਟੀ ਬਣਾਉਣ ਦੇ ਹੁਕਮ ਦਿੱਤੇ ਸਨ। ਇਸ ਜਾਂਚ ਟੀਮ ਵਿੱਚ ਕੁੱਲ 7 ਮੈਂਬਰ ਹੋਣਗੇ ਤੇ ਇਹ ਟੀਮ ਡਿਪਟੀ ਪੁਲਸ ਕਮਿਸ਼ਨਰ ਨਿਮਿਤ ਗੋਇਲ ਦੀ ਅਗਵਾਈ ਵਿੱਚ ਕੰਮ ਕਰੇਗੀ।ਅਧਿਕਾਰੀ ਨੇ ਕਿਹਾ ਕਿ ਨਿਮਿਤ ਗੋਇਲ ਇਸ ਦੀ ਨਿਗਰਾਨੀ ਕਰਨਗੇ ਅਤੇ ਐਮ ਐਸ ਮੁਜਾਵਰ ਇਸ ਕੇਸ ਦੇ ਜਾਂਚ ਅਧਿਕਾਰੀ ਹੋਣਗੇ। ਟੀਮ ਦੇ ਦੂਜੇ ਮੈਂਬਰਾਂ ਵਿੱਚ ਆਰਥਿਕ ਅਪਰਾਧ ਸੈਲ ਦੇ ਇੰਸਪੈਕਟਰ ਪ੍ਰੀਨਮ ਪਰਥ, ਐਂਟੀ-ਐਕਸਟੌਰਸ਼ਨ ਸੈਲ ਦੇ ਇੰਸਪੈਕਟਰ ਸਚਿਨ ਪੁਰਾਨਿਕ, ਆਜ਼ਾਦ ਮੈਦਾਨ ਥਾਣੇ ਦੇ ਇੰਸਪੈਕਟਰ ਵਿਨੈ ਘੋਰਪਾੜੇ, ਅਪਰਾਧ ਸੈਲ ਦੇ ਸਹਾਇਕ ਥਾਣੇਦਾਰ ਮਹਿੰਦਰ ਪਾਟਿਲ ਅਤੇ ਸਾਈਬਰ ਥਾਣਾ ਏ ਪੀ ਆਈ ਵਿਸ਼ਾਲ ਗਾਇਕਵਾੜ ਸ਼ਾਮਲ ਹਨ।ਅਧਿਕਾਰੀ ਨੇ ਕਿਹਾ ਕਿ ਮੁੰਬਈ ਪੁਲਸ ਕਮਿਸ਼ਨਰ ਸ੍ਰੀ ਨਾਗਰਾਲੇ ਨੇ ਏ ਸੀ ਪੀ ਮੁਜਾਵਰ ਨੂੰ ਹੁਕਮ ਦਿੱਤਾ ਹੈ ਕਿ ਮੈਰੀਨ ਡਰਾਈਵ ਪੁਲਸ ਥਾਣੇ ਅਤੇ ਏ ਸੀ ਪੀ ਅਪਰਾਧ ਸੈਲ ਵਿੱਚ ਮਾਮਲੇ ਨਾਲ ਸਬੰਧਤ ਸਾਰੇ ਦਸਤਾਵੇਜ਼ਾਂ ਨੂੰ ਕਬਜ਼ੇ ਵਿੱਚ ਕਰ ਲਿਆ ਜਾਵੇ। ਪਿਛਲੇ ਹਫਤੇ ਪਰਮਬੀਰ ਸਿੰਘ ਤੇ ਪੰਜ ਹੋਰ ਪੁਲਸ ਅਧਿਕਾਰੀਆਂ ਸਣੇ ਦੋ ਹੋਰਾਂ ਖਿਲਾਫ ਜਬਰੀ ਵਸੂਲੀ ਦਾ ਕੇਸ ਦਰਜ ਕੀਤਾ ਗਿਆ ਸੀ।

## ਰਾਹੁਲ ਗਾਂਧੀ ਦਾ ਟਰੈਕਟਰ ਦਿੱਲੀ ਪੁਲਸ ਲਈ ਬੁਝਾਰਤ ਬਣਿਆ




ਨਵੀਂ ਦਿੱਲੀ, 29 ਜੁਲਾਈ (ਪੋਸਟ ਬਿਊਰੋ)- ਮਾਨਸੂਨ ਇਜਲਾਸ ਦੇ ਦੂਜੇ ਹਫਤੇ ਦੇ ਪਹਿਲੇ ਦਿਨ ਸੋਮਵਾਰ ਨੂੰ ਕਾਂਗਰਸ ਦੇ ਪਾਰਲੀਮੈਂਟਮੈਂਬਰ ਰਾਹੁਲ ਗਾਂਧੀ ਤਿੰਨ ਖੇਤੀਬਾੜੀ ਕਾਨੂੰਨਾਂ ਵਿਰੁੱਧ ਅਤੇ ਕਿਸਾਨਾਂ ਦੇ ਹੱਕ ਵਿੱਚ ਟਰੈਕਟਰ ਚਲਾ ਕੇ ਪਾਰਲੀਮੈਂਟਪਹੁੰਚੇ ਸਨ। ਇਸ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਕਿਵੇਂ ਟਰੈਕਟਰ ਨਵੀਂ ਦਿੱਲੀ ਦੇ ਖੇਤਰ ਵਿੱਚ ਆਇਆ। ਇਸ ਨੂੰ ਵੇਖਣ ਲਈ ਵੱਖਰੀ ਟੀਮ ਬਣਾਈ ਗਈ ਹੈ, ਜੋ ਜਾਂਚ ਕਰ ਰਹੀ ਹੈ। ਦਿੱਲੀ ਪੁਲਸ ਵੱਲੋਂ ਇਸ ਸੰਬੰਧ ਵਿੱਚ ਸੀ ਸੀ ਟੀ ਵੀ ਦੀ ਭਾਲ ਕੀਤੀ ਜਾ ਰਹੀ ਹੈ ਕਿ ਟਰੈਕਟਰ ਕਿਵੇਂ ਤੇ ਕਿਸ ਰਸਤੇ ਤੋਂ ਲਿਆਂਦਾ ਗਿਆ ਸੀ।

ਜਾਣਕਾਰ ਸੂਤਰਾਂ ਅਨੁਸਾਰ ਇੱਕ ਕੈਂਟਰ ਦੀ ਵਰਤੋਂ ਟਰੈਕਟਰ ਨਵੀਂ ਦਿੱਲੀ ਜ਼ਿਲ੍ਹੇ ਵਿੱਚ ਲਿਆਉਣ ਲਈ ਕੀਤੀ ਗਈ ਸੀ। ਪੁਲਸ ਨੂੰ ਪਤਾ ਲੱਗਾ ਹੈ ਕਿ ਵੀਡੀਓ ਵਿੱਚ ਵੇਖੇ ਗਏ ਕੈਂਟਰ ਕੋਲ ਟਰੈਕਟਰ ਲਿਆਂਦਾ ਗਿਆ ਸੀ। ਕਾਂਗਰਸੀ ਵਰਕਰ ਜਾਣਦੇ ਸਨ ਕਿ ਨਵੀਂ ਦਿੱਲੀ ਵਿੱਚ ਪੁਲਸ ਅਲਰਟ ਸੀ ਅਤੇ ਵੱਖ-ਵੱਖ ਥਾਂਈਂ ਪੁਲਸ ਤੈਨਾਤ ਸੀ। ਇਸ ਕਾਰਨ ਟਰੈਕਟਰ ਨੂੰ ਕੈਂਟਰ ਵਿੱਚ ਲੁਕੋ ਕੇ ਲਿਆਂਦਾ ਗਿਆ ਤੇ ਪਾਰਲੀਮੈਂਟ ਭਵਨ ਤੋਂ 1.5 ਕਿਲੋਮੀਟਰ ਦੂਰ ਇੱਕ ਸੈਲ ਵਿੱਚ ਰੱਖਿਆ ਗਿਆ। ਟਰੈਕਟਰ ਨੂੰ ਪਹਿਲਾਂ ਇੱਕ ਸੈਲ ਵਿੱਚ ਲਿਆਉਣ ਤੋਂ ਬਾਅਦ ਸੋਧਿਆ ਗਿਆ ਤੇ ਇਸ ਉੱਤੇ ਹੋਰਡਿੰਗਜ਼ ਵਗੈਰਾ ਲਾਏ ਗਏ ਤੇ ਫਿਰ ਰਾਹੁਲ ਗਾਂਧੀ ਆਪਣੇ ਨੇਤਾਵਾਂ ਨਾਲ ਟਰੈਕਟਰ ਮਾਰਚ ਲਈ ਰਵਾਨਾ ਹੋਏ। ਸੂਤਰਾਂ ਅਨੁਸਾਰ ਇਸ ਟਰੈਕਟਰ ਨੂੰ ਪੁਲਸ ਨੇ ਮੋਤੀ ਲਾਲ ਨਹਿਰੂ ਮਾਰਗ-ਸੁਨਹਾਰੀ ਬਾਗ਼ ਮੋੜ ਉੱਤੇ ਰੋਕਿਆ ਸੀ। ਉਸ ਤੋਂ ਬਾਅਦ ਇਸ ਨੂੰ ਰਫੀ ਮਾਰਗ ਉੱਤੇ ਲਿਜਾਇਆ ਗਿਆ, ਜਿਸ ਪਿੱਛੋਂ ਰੇਲਵੇ ਦੀ ਇਮਾਰਤ ਤੋਂ ਰੈਡ ਕਰਾਸ ਰੋਡ ਰਾਹੀਂ ਪਾਰਲੀਮੈਂਟਭਵਨ ਦੇ ਨਜ਼ਦੀਕ ਲਿਆਂਦਾ ਗਿਆ ਸੀ।

## ਆਜ਼ਾਦ ਜਾਂਚ ਲਈ ਪੱਤਰਕਾਰਾਂ ਵੱਲੋਂ ਸੁਪਰੀਮ ਕੋਰਟ ਤੱਕ ਪਹੁੰਚ



ਨਵੀਂ ਦਿੱਲੀ, 29 ਜੁਲਾਈ (ਪੋਸਟ ਬਿਊਰੋ)- ਸੀਨੀਅਰ ਪੱਤਰਕਾਰ ਐਨ ਰਾਮ ਅਤੇ ਸ਼ਸ਼ੀ ਕੁਮਾਰ ਨੇ ਪੈਗਾਸਸ ਜਾਸੂਸੀ ਕਾਂਡ ਦੀ ਆਜ਼ਾਦ ਜਾਂਚ ਲਈ ਸੁਪਰੀਮ ਕੋਰਟ 'ਚ ਗੁਹਾਰ ਲਾਈ ਹੈ।

ਪੱਤਰਕਾਰ ਰਾਮ ਕੁਮਾਰ ਤੇ ਕੁਝ ਹੋਰ ਪੱਤਰਕਾਰਾਂ ਨੇ ਅਦਾਲਤ ਤੋਂ ਪੈਗਾਸਸ ਕੇਸ ਦੀ ਜਾਂਚ ਮੌਜੂਦਾ ਜਸਟਿਸ ਦੀ ਪ੍ਰਧਾਨਗੀ ਵਿੱਚ ਕਰਾਉਣ ਦੀ ਮੰਗ ਕਰਦੇ ਹੋਏ ਕਿਹਾ ਕਿ ਵਿਰੋਧੀ ਧਿਰ ਦੇ ਆਗੂਆਂ, ਸਮਾਜਕ ਵਰਕਰਾਂ, ਪੱਤਰਕਾਰਾਂ ਤੇ ਜੱਜਾਂ ਸਮੇਤ ਵੱਡੀਆਂ ਪ੍ਰਮੁੱਖ ਹਸਤੀਆਂ ਦੀ ਜਾਸੂਸੀ ਕੀਤੀ ਗਈ ਹੈ। ਇਸ ਬਾਰੇ ਦਾਖ਼ਲ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਐਮਨੈਸਟੀ ਇੰਟਰਨੈਸ਼ਨਲ ਦੀ ਸਕਿਓਰਟੀ ਲੈਬ ਵਿੱਚ ਪੀੜਤਾਂ ਦੇ ਕਈ ਮੋਬਾਈਲ ਫ਼ੋਨ ਦੇ ਫੋਰੈਂਸਿਕ ਵਿਸ਼ਲੇਸ਼ਣ ਵਿੱਚ ਪੈਗਾਸਸ ਵੱਲੋਂ ਜਾਸੂਸੀ ਕੀਤੇ ਜਾਣ ਦੀ ਪੁਸ਼ਟੀ ਹੋਈ ਹੈ। ਇਸ ਕੇਸ ਦੀ ਜਾਂਚ ਲਈ ਇਹ ਤੀਜੀ ਪਟੀਸ਼ਨ ਦਾਖ਼ਲ ਹੋਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਇਹ ਸਾਡੀ ਮਹੱਤਵਪੂਰਨ ਲੋਕਤੰਤਰੀ ਬੁਨਿਆਦ ਨੂੰ ਢਾਹ ਲਾਉਣ ਦੀ ਕੋਸ਼ਿਸ਼ ਹੈ। ਅਦਾਲਤ ਤੋਂ ਮੰਗ ਕੀਤੀ ਗਈ ਹੈ ਕਿ ਉਹ ਕੇਂਦਰ ਸਰਕਾਰ ਨੂੰ ਨਿਰਦੇਸ਼ ਦੇਣ ਕਿ ਕੀ ਸਰਕਾਰ ਜਾਂ ਉਸ ਦੀ ਕਿਸੇ ਹੋਰ ਏਜੰਸੀ ਨੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪੈਗਾਸਸ ਦਾ ਲਾਇਸੈਂਸ ਲਿਆ ਸੀ। ਸਪਾਈਵੇਅਰ ਦਾ ਜਾਸੂਸੀ ਲਈ ਕਿਸ ਤਰ੍ਹਾਂ ਨਾਲ ਇਸਤੇਮਾਲ ਕੀਤਾ ਗਿਆ ਹੈ। ਪਟੀਸ਼ਨ ਮੁਤਾਬਕ ਜਾਸੂਸੀ ਜਾਂ ਫ਼ੋਨ ਟੈਪਿੰਗ ਨੂੰ ਜਨਤਕ ਸੁਰੱਖਿਆ ਅਤੇ ਲੋਕ ਹਿੱਤਾਂ ਨਾਲ ਜੁੜੇ ਮੁੱਦਿਆਂ ਦੇ ਸਬੰਧ ਵਿੱਚ ਐਮਰਜੈਂਸੀ ਸਥਿਤੀ ਵਿੱਚ ਹੀ ਜਾਇਜ਼ ਠਹਿਰਾਇਆ ਜਾ ਸਕਦਾ ਹੈ। ਮੌਜੂਦਾ ਜਾਸੂਸੀ ਦੇ ਕੇਸ ਵਿੱਚ ਅਜਿਹੀ ਕੋਈ ਲਾਜ਼ਮੀ ਸਥਿਤੀ ਦਾ ਪਤਾ ਨਹੀਂ ਹੈ।

## ਕੋਵਿਡ ਕਾਰਨ ਅਨਾਥ ਹੋਏ ਬੱਚਿਆਂ ਦੀ ਬਿਨਾਂ ਦੇਰ ਪਛਾਣ ਕਰੋ: ਸੁਪਰੀਮ ਕੋਰਟ



ਨਵੀਂ ਦਿੱਲੀ, 29 ਜੁਲਾਈ (ਪੋਸਟ ਬਿਊਰੋ)- ਕੋਵਿਡ ਕਾਰਨ ਆਪਣੇ ਮਾਤਾ-ਪਿਤਾ ਗੁਆ ਚੁੱਕੇ ਬੱਚਿਆਂ ਦੀ ਬਿਨਾਂ ਦੇਰੀ ਪਛਾਣ ਕੀਤੀ ਜਾਵੇ, ਇਹ ਕਹਿ ਕੇ ਸੁਪਰੀਮ ਕੋਰਟ ਨੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਨੂੰ ਮਾਰਚ 2020 ਤੋਂ ਬਾਅਦ ਅਨਾਥ ਹੋਏ ਬੱਚਿਆਂਦੀ ਗਿਣਤੀ ਬਾਰੇ ਸਥਿਤੀ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

ਜਸਟਿਸ ਐਲ ਨਾਗੇਸ਼ਵਰ ਰਾਓ ਅਤੇ ਜਸਟਿਸ ਅਨਿਰੁੱਧ ਬੋਸ ਵਾਲੇ ਬੈਂਚ ਨੇ ਜ਼ਿਲ੍ਹਾ ਮੈਜਿਸਟਰੇਟਾਂ ਨੂੰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰਾਂ ਨੂੰ ਕੋਵਿਡ ਦੇ ਕਾਰਨ ਅਨਾਥ ਹੋ ਗਏ ਬੱਚਿਆਂ ਦੀ ਪਛਾਣ ਲਈ ਪੁਲਸ, ਸਿਵਲ ਸੁਸਾਇਟੀ, ਗ੍ਰਾਮ ਪੰਚਾਇਤਾਂ, ਆਂਗਣਵਾੜੀਆਂ ਤੇ ਆਸ਼ਾ ਵਰਕਰਾਂ ਦੀ ਮਦਦ ਲੈਣ ਲਈ ਜ਼ਰੂਰੀ ਹਦਾਇਤਾਂ ਜਾਰੀ ਕਰਨ ਦੇ ਹੁਕਮ ਦਿੱਤੇ। ਕੋਰਟ ਨੇ ਕਿਹਾ ਕਿ ਇਹ ਜੁਵੇਨਾਈਲ ਨਿਆਂ (ਬੱਚਿਆਂ ਦੀ ਦੇਖਭਾਲ ਤੇ ਸੁਰੱਖਿਆ) ਕਾਨੂੰਨ 2015 ਅਤੇ ਨਿਯਮਾਂ ਵਿੱਚਲਿਖੇ ਤੰਤਰ ਤੋਂ ਵੱਖਰਾ ਹੈ।ਬੈਂਚ ਨੇ ਕਿਹਾ ਕਿ ਮਾਰਚ 2020 ਤੋਂ ਬਾਅਦ ਮਾਤਾ-ਪਿਤਾ ਜਾਂ ਦੋਵਾਂ ਵਿੱਚੋਂ ਇੱਕ ਗੁਆ ਚੁੱਕੇ ਬੱਚਿਆਂ ਦੀ ਪਛਾਣ ਬਿਨਾਂ ਦੇਰੀ ਕੀਤੀ ਜਾਵੇ। ਬੈਂਚ ਨੇ ਬਾਲ ਭਲਾਈ ਕਮੇਟੀ ਨੂੰ ਨਿਰਦੇਸ਼ ਦਿੱਤੇ ਹਨ ਕਿ ਕਾਨੂੰਨ ਤਹਿਤ ਨਿਰਧਾਰਤ ਸਮਾਂ ਹੱਦ ਦੇ ਅੰਦਰ ਜਾਂਚ ਮੁਕੰਮਲ ਕੀਤੀ ਜਾਵੇ ਤੇ ਅਨਾਥ ਬੱਚਿਆਂ ਨੂੰ ਮਦਦ ਤੇ ਮੁੜ ਵਸੇਬਾ ਪ੍ਰਦਾਨ ਕੀਤਾ ਜਾਵੇ। ਬੈਂਚ ਨੇ ਰਾਜਾਂ ਨੂੰ ਨਿਰਦੇਸ਼ ਦਿੱਤੇ ਕਿ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ ਯੋਜਨਾ ਤਹਿਤ ਲੋੜਵੰਦ ਅਨਾਥ ਬੱਚਿਆਂ ਨੂੰ ਦਿੱਤੀ ਜਾਂਦੀ 2000 ਦੀ ਸਹਾਇਤਾ ਰਾਸ਼ੀ ਦੇ ਭੁਗਤਾਨ ਸਬੰਧੀ ਵੀ ਵੇਰਵੇ ਦਿੱਤੇ ਜਾਣ।

## ਬੱਦੀ ਵਿੱਚ ਨਾਜਾਇਜ਼ ਪਟਾਕਾ ਫੈਕਟਰੀ ਸੀਲ, ਮਾਲਕ ਪੁਲਸ ਨੇ ਫੜਿਆ



ਨਾਲਾਗੜ੍ਹ, 29 ਜੁਲਾਈ (ਪੋਸਟ ਬਿਊਰੋ)- ਇਸ ਜ਼ਿਲੇ ਦੇ ਉਦਯੋਗਿਕ ਖੇਤਰ ਬੱਦੀ ਦੇ ਠਾਣਾ ਵਿੱਚ ਬਿਨਾਂ ਲਾਇਸੈਂਸ ਤੋਂ ਚਲ ਰਹੀ ਨਾਜਾਇਜ਼ ਪਟਾਕਾ ਫੈਕਟਰੀ ਦਾ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਨੇ ਪਰਦਾ ਫਾਸ਼ ਕੀਤਾ ਹੈ।

ਕੱਲ੍ਹਸ਼ਾਮ ਐਸ ਡੀ ਐਮ ਮਹਿੰਦਰ ਪਾਲ ਦੀ ਅਗਵਾਈ ਵਿੱਚ ਟੀਮ ਨੇ ਛਾਪਾ ਮਾਰ ਕੇ ਇਸ ਕੰਪਨੀ ਨੂੰ ਸੀਲ ਕਰ ਦਿੱਤਾ ਹੈ। ਜਾਂਚ ਟੀਮ ਦੇ ਫੈਕਟਰੀ ਦੇ ਗੇਟ ਉੱਤੇ ਪਹੁੰਚਦੇ ਸਾਰ ਅੰਦਰ ਕੰਮ ਕਰ ਰਹੇ ਮਜ਼ਦੂਰ ਦੂਸਰੀ ਮੰਜ਼ਿਲ ਦੇ ਰਸਤੇ ਫਰਾਰ ਹੋ ਗਏ। ਇਸ ਦੇ ਬਾਅਦ ਟੀਮ ਨੂੰ ਮੌਕੇ ਤੋਂ ਲੱਖਾਂ ਰੁਪਏ ਦੇ ਪਟਾਕੇ ਮਿਲੇ ਹਨ। ਥਾਣਾ ਬੱਦੀ ਦੀ ਪੁਲਸਨੇਇਸ ਬਾਰੇ ਐਕਸਪਲੋਸਿਵ ਐਕਟ ਤੇ ਹੋਰਨਾਂ ਧਾਰਾਵਾਂ ਦਾਕੇਸ ਦਰਜ ਕਰ ਕੇ ਫੈਕਟਰੀ ਮਾਲਕ ਦਇਆ ਕਰਣ ਪੁੱਤਰ ਗਾਂਧੀ ਰਾਮ ਵਾਸੀ ਸੰਗਰੂਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਕੋਰਟ ਵਿੱਚ ਪੇਸ਼ ਕਰ ਕੇ ਪੰਜ ਦਿਨ ਦੇ ਪੁਲਸ ਰਿਮਾਂਡ ਉੱਤੇ ਲਿਆ ਹੈ। ਇਸ ਬਾਰੇ ਪ੍ਰਸ਼ਾਸਨ ਨੂੰ ਸੂਚਨਾ ਮਿਲੀ ਸੀ ਕਿ ਬੱਦੀ ਦੇ ਇੱਕ ਇਲਾਕੇ ਵਿੱਚ ਪਟਾਕੇ ਬਣਾਉਣ ਦਾਨਾਜਾਇਜ਼ਕੰਮ ਹੋ ਰਿਹਾ ਹੈ। ਪ੍ਰਸ਼ਾਸਨ ਅਤੇ ਪੁਲਸ ਟੀਮ ਈ ਡੀ ਫਾਰਮਾ ਕੰਪਨੀ ਦੇ ਬਾਹਰ ਪਹੁੰਚੀ ਤਾਂ ਗੇਟ ਉੱਤੇ ਤਾਲਾ ਲੱਗਾ ਸੀ। ਪੁਲਸ ਟੀਮ ਗੇਟ ਦਾ ਤਾਲਾ ਤੋੜ ਕੇ ਅੰਦਰ ਗਈ ਤਾਂ ਭਾਰੀ ਮਾਤਰਾ ਵਿੱਚ ਪਟਾਕੇ ਪਏ ਸਨ। ਫੈਕਟਰੀ ਅੰਦਰ ਡਰੱਗ, ਕੈਮੀਕਲ, ਕੈਮੀਕਲ ਦੀ ਕੇਨ ਅਤੇ ਪਟਾਕੇ ਬਣਾਉਣ ਵਿੱਚ ਵਰਤੇ ਜਾਣ ਵਾਲਾ ਕੈਮੀਕਲ ਪਾਊਡਰ ਵੀ ਮਿਲਿਆ।ਪੁਲਸ ਨੇ ਫੈਕਟਰੀ ਮਾਲਕ ਦਇਆ ਕਰਣ ਤੋਂ ਪਟਾਕੇ ਬਣਾਉਣ ਅਤੇ ਸੇਲ ਕਰਨ ਦਾ ਲਾਇਸੈਂਸ ਮੰਗਿਆ ਤਾਂ ਉਹ ਕੋਈ ਦਸਤਾਵੇਜ਼ ਪੇਸ਼ ਨਾ ਕਰ ਸਕਿਆ, ਜਿਸ ਦੇ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਸੁਪਰੀਮ ਕੋਰਟ ਦੀ ਸਖਤ ਟਿੱਪਣੀ, ਭਿਖਾਰੀਆਂ ਨੂੰ ਸੜਕਾਂ ਉੱਤੇ ਭੀਖ ਮੰਗਣ ਤੋਂ ਨਹੀਂ ਰੋਕ ਸਕਦੇ



ਨਵੀਂ ਦਿੱਲੀ, 29 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਅਸੀਂ ਸ਼ਹਿਰੀ ਦ੍ਰਿਸ਼ਟੀਕੋਣ ਨਹੀਂ ਅਪਣਾਵਾਂਗੇ ਕਿ ਸੜਕਾਂ ਉੱਤੇ ਕੋਈ ਭਿਖਾਰੀ ਨਹੀਂ ਹੋਣਾ ਚਾਹੀਦਾ। ਕੋਰਟਨੇ ਕਿਹਾ ਕਿ ਭੀਖ ਮੰਗਣਾ ਸਮਾਜਿਕ-ਸਿਆਸੀ ਸਮੱਸਿਆ ਹੈ ਅਤੇ ਸਿੱਖਿਆ ਤੇ ਰੋਜ਼ਗਾਰ ਦੀ ਕਮੀ ਕਾਰਨ ਕਮਾਈ ਦੀਆਂ ਕੁਝ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਲੋਕ ਸੜਕਾਂ ਉੱਤੇ ਭੀਖ ਮੰਗਣ ਲਈ ਮਜ਼ਬੂਰ ਹੁੰਦੇ ਹਨ।

ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਨੂੰ ਕਿਹਾ ਕਿ ਉਹ ਪਟੀਸ਼ਨ ਦੇ ਉਸ ਹਿੱਸੇ ਉੱਤੇ ਵਿਚਾਰ ਨਹੀਂ ਕਰੇਗੀ, ਜਿਸ ਵਿੱਚ ਅਧਿਕਾਰੀਆਂ ਨੂੰ ਭਿਖਾਰੀਆਂ, ਆਵਾਰਾ ਅਤੇ ਬੇਘਰ ਲੋਕਾਂ ਨੂੰ ਜਨਤਕ ਸਥਾਨਾਂ ਜਾਂ ਚੌਰਾਹਿਆਂ ਉੱਤੇ ਭੀਖ ਮੰਗਣ ਤੋਂ ਰੋਕਣ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਹੈ।ਬੈਂਚ ਨੇ ਪਟੀਸ਼ਨ ਵਿੱਚ ਕੀਤੀ ਉਸ ਅਪੀਲ ਉੱਤੇ ਕੇਂਦਰ ਤੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਦਾ ਜਵਾਬ ਮੰਗਿਆ ਹੈ, ਜਿਸ ਵਿੱਚ ਮਹਾਮਾਰੀ ਦੌਰਾਨ ਭਿਖਾਰੀਆਂ ਤੇ ਅਵਾਰਾ ਲੋਕਾਂ ਦੇ ਮੁੜ-ਵਸੇਬੇ, ਉਨ੍ਹਾਂ ਦੇ ਟੀਕਾਕਰਨ ਅਤੇ ਉਨ੍ਹਾਂ ਨੂੰ ਪਨਾਹ ਤੇ ਭੋਜਨ ਦੇਣ ਦੀ ਅਪੀਲ ਕੀਤੀ ਗਈ ਹੈ। ਬੈਂਚ ਨੇ ਕਿਹਾ ਕਿ ਸਾਡਾ ਵਿਚਾਰ ਹੈ ਕਿ ਭਿਖਾਰੀਆਂ ਦਾ ਮੁੜ-ਵਸੇਬਾ ਕੀਤਾ ਜਾਵੇ, ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਿੱਖਿਆ ਦਿੱਤੀ ਜਾਵੇ। ਅਜਿਹੇ ਲੋਕਾਂ ਕੋਲ ਕੋਈ ਬਦਲ ਨਹੀਂ ਹੁੰਦਾ ਅਤੇ ਕੋਈ ਵੀ ਭੀਖ ਮੰਗਣਾ ਨਹੀਂ ਚਾਹੁੰਦਾ ਹੈ। ਬੈਂਚ ਨੇ ਕਿਹਾ ਕਿ ਇਹ ਸਰਕਾਰ ਦੀ ਸਮਾਜਿਕ ਕਲਿਆਣ ਨੀਤੀ ਦਾ ਵੱਡਾ ਮੁੱਦਾ ਹੈ ਅਤੇ ਸੁਪਰੀਮ ਕੋਰਟ ਇਹ ਨਹੀਂ ਕਹਿ ਸਕਦੀ ਕਿ ਅਜਿਹੇ ਲੋਕਾਂ ਨੂੰ ਸਾਡੀਆਂ ਨਜ਼ਰਾਂ ਤੋਂ ਦੂਰ ਰੱਖਿਆ ਜਾਣਾ ਚਾਹੀਦਾ ਹੈ। ਬੈਂਚ ਨੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਇਸ ਕੇਸ ਵਿੱਚ ਮਦਦ ਕਰਨ ਦੀ ਅਪੀਲ ਕੀਤੀ ਅਤੇ ਇਸ ਦੇ ਨਾਲ ਹੀ ਪਟੀਸ਼ਨ ਨੂੰ ਦੋ ਹਫ਼ਤੇ ਬਾਅਦ ਸੁਣਵਾਈ ਲਈ ਸੂਚੀਬੱਧ ਕਰ ਦਿੱਤਾ।

### ਅਸ਼ਲੀਲ ਫ਼ਿਲਮਾਂ ਦਾ ਮਾਮਲਾ:

## ਸ਼ਿਲਪਾ ਆਪਣੇ ਪਤੀ ਰਾਜ ਉੱਤੇ ਭੜਕੀ: 'ਜਦ ਸਾਡੇ ਕੋਲ ਸਭ ਕੁੱਝ ਹੈ, ਫਿਰ ਇਹ ਕਰਨ ਦੀ ਕੀ ਲੋੜ ਸੀ'



ਮੁੰਬਈ, 29 ਜੁਲਾਈ (ਪੋਸਟ ਬਿਊਰੋ)- ਅਸ਼ਲੀਲ ਫ਼ਿਲਮਾਂ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰੀ ਪਿੱਛੋਂ ਰਾਜ ਕੁੰਦਰਾ ਤੇ ਉਨ੍ਹਾਂ ਦੀ ਪਤਨੀ ਸ਼ਿਲਪਾ ਸ਼ੈਟੀ ਵਿਚਾਲੇ ਤਕਰਾਰ ਵਧਦੀ ਨਜ਼ਰ ਆ ਰਹੀ ਹੈ। ਪਤਾ ਲੱਗਾ ਹੈ ਕਿ ਅਸ਼ਲੀਲ ਫ਼ਿਲਮਾਂ ਨਾਲ ਜੁੜੇ ਕੇਸ ਵਿੱਚ ਜਦੋਂ ਮੁੰਬਈ ਪੁਲਸ ਜਾਂਚ ਲਈ ਰਾਜ ਕੁੰਦਰਾ ਦੇ ਘਰ ਪਹੁੰਚੀ ਤਾਂ ਸ਼ਿਲਪਾ ਸ਼ੈਟੀ ਨੇ ਸਭ ਦੇ ਸਾਹਮਣੇ ਉਸ ਉਤੇ ਗੁੱਸੇ ਵਿੱਚ ਆ ਕੇ ਸਵਾਲ ਕੀਤਾ ਕਿ ਜਦੋਂ ਸਾਡੇ ਕੋਲ ਸਭ ਕੁਝ ਹੈ, ਫਿਰ ਇਹ ਕਰਨ ਦੀ ਕੀ ਲੋੜ ਸੀ?ਅਸ਼ਲੀਲ ਫ਼ਿਲਮਾਂ ਦੇ ਕੇਸ ਵਿੱਚ ਸ਼ਿਲਪਾ ਸ਼ੈਟੀ ਨੂੰ ਰੋਜ਼ ਬਹੁਤ ਸਾਰੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੰਬਈ ਪੁਲਸ ਰਾਜ ਕੁੰਦਰਾ ਨੂੰ ਉਸ ਦੇ ਘਰ ਲੈ ਕੇ ਗਈ ਤੇ ਘਰ ਦੀ ਤਲਾਸ਼ੀ ਲਈ ਅਤੇ ਸ਼ਿਲਪਾ ਦਾ ਬਿਆਨ ਵੀ ਦਰਜ ਕੀਤਾ। ਅਸ਼ਲੀਲ ਫ਼ਿਲਮਾਂ ਦੇ ਕੇਸ ਵਿੱਚ ਆਪਣੇ ਪਤੀ ਦਾ ਨਾਮ ਆਉਣ ਤੋਂ ਦੁਖੀ ਸ਼ਿਲਪਾ ਨੇ ਰਾਜ ਨੂੰ ਸਾਹਮਣੇ ਵੇਖਦਿਆਂ ਹੀ ਭਾਵੁਕ ਹੋ ਗਈ ਤੇ ਗੁੱਸੇ ਵਿੱਚ ਰਾਜ ਕੁੰਦਰਾ ਨੂੰ ਕਿਹਾ, ''ਸਾਡੇ ਕੋਲ ਉਪਰ ਵਾਲੇ ਦਾ ਦਿੱਤਾ ਸਭ ਕੁਝ ਹੈ, ਤਾਂ ਇਹ ਕਰਨ ਦੀ ਕੀ ਲੋੜ ਸੀ? ਇਸ ਨਾਲ ਪਰਵਾਰ ਦਾ ਨਾਮ ਖ਼ਰਾਬ ਹੋਇਆ ਅਤੇ ਮੈਨੂੰ ਬਹੁਤ ਸਾਰੇ ਪ੍ਰਾਜੈਕਟ ਛੱਡਣੇ ਪਏ।'' ਇਸਦੌਰਾਨਰਾਜ ਕੁੰਦਰਾ ਨੂੰ ਅਸ਼ਲੀਲ ਫ਼ਿਲਮਾਂ ਦੇ ਕੇਸ ਵਿੱਚ ਅਦਾਲਤ ਨੇ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਪੁਲਸ ਨੇ ਰਾਜ ਕੁੰਦਰਾ ਲਈ ਸੱਤ ਦਿਨਾਂ ਦੀ ਪੁਲਸ ਹਿਰਾ-ਸਤ ਦੀ ਮੰਗ ਕੀਤੀ ਸੀ, ਪਰ ਅਦਾਲਤ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ। ਰਾਜ ਕੁੰਦਰਾ ਦੀ ਅਰਜੀ ਉੱਤੇ ਬੰਬੇ ਹਾਈ ਕੋਰਟ ਵਿੱਚ ਸੁਣਵਾਈ ਹੋਵੇਗੀ। ਰਾਜ ਕੁੰਦਰਾ ਨੇ ਆਪਣੀ ਗ੍ਰਿਫ਼ਤਾਰੀ ਨੂੰ ਗ਼ੈਰ-ਕਾਨੂੰਨੀ ਦਸਿਆ ਹੈ।

## ਕਰਨਾਟਕ ਦੇ ਨਵੇਂ ਮੁੱਖ ਮੰਤਰੀ ਬੋਮਈ ਦਾ ਇਮਾਨਦਾਰ ਸਰਕਾਰ ਦੇਣ ਦਾ ਵਾਅਦਾ

ਬੰਗਲੌਰ, 29 ਜੁਲਾਈ (ਪੋਸਟ ਬਿਊਰੋ)- ਕਰਨਾਟਕ ਦੀ ਰਾਜਧਾਨੀ ਬੰਗਲੌਰ ਵਿੱਚ ਕੱਲ੍ਹ ਬਾਸਵਰਾਜ ਬੋਮਈ ਨੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਰਾਜ ਭਵਨ ਵਿੱਚ 61 ਸਾਲਾ ਬੋਮਈ ਨੂੰ ਗਵਰਨਰ ਥਾਵਰ ਚੰਦ ਗਹਿਲੋਤ ਨੇ ਅਹੁਦੇ ਦੀ ਸਹੁੰ ਚੁਕਾਈ। ਭਾਜਪਾ ਆਗੂ ਬਾਸਵਰਾਜ ਬੋਮਈ ਨੇ ਫਿਲਹਾਲ ਇਕੱਲੇ ਨੇ ਸਹੁੰ ਚੁੱਕੀ ਹੈ ਅਤੇ ਛੇਤੀ ਹੀ ਉਹ ਆਪਣੇ ਮੰਤਰੀ ਮੰਡਲ ਦਾ ਗਠਨ ਕਰਨ ਦੀ ਬਾਕੀ ਕਾਰਵਾਈ ਕਰਨਗੇ।

ਮੁੱਖ ਮੰਤਰੀ ਵਜੋਂ ਬਾਸਵਰਾਜ ਬੋਮਈ ਨੇ ਪ੍ਰਭਾਵਸ਼ਾਲੀ, ਇਮਾਨਦਾਰ ਤੇ ਮਿੱਤਰਤਾਨਾ ਸਰਕਾਰ ਦੇਣ ਦਾ ਵਾਅਦਾ ਕੀਤਾ ਹੈ। ਉਹ ਕਰਨਾਟਕ ਦੇ 23ਵੇਂ ਮੁੱਖ ਮੰਤਰੀ ਹਨ। ਇਸ ਤੋਂ ਪਹਿਲਾਂ ਉਹ ਬੀ ਐਸ ਯੇਦੀਯੁਰੱਪਾ ਸਰਕਾਰ ਦੇ ਗ੍ਰਹਿ ਤੇ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਸਨ। ਮੰਗਲਵਾਰ ਸ਼ਾਮ ਨੂੰ ਕਰਨਾਟਕ ਭਾਜਪਾ ਵਿਧਾਇਕ ਦਲ ਦੀ ਬੈਠਕ ਵਿੱਚ ਬੋਮਈ ਨੂੰ ਨਵਾਂ ਆਗੂ ਚੁਣਿਆ ਗਿਆ ਸੀ। ਉਨ੍ਹਾਂ ਦੇ ਨਾਂਅ ਦੀ ਤਜਵੀਜ਼ ਅਹੁਦਾ ਛੱਡ ਰਹੇ ਮੁੱਖ ਮੰਤਰੀ ਯੇਦੀਯੁਰੱਪਾ ਨੇ ਪੇਸ਼ ਕੀਤੀ ਸੀ। ਯੇਦੀਯੁਰੱਪਾ ਦੇ ਭਰੋਸੇ ਵਾਲੇ ਬਾਸਵਰ-ਾਜ ਬੋਮਈ ਵੀ ਲਿੰਗਾਇਤ ਭਾਈਚਾਰੇ ਵਿੱਚੋਂ ਹਨ। ਦੱਸਿਆ ਜਾਂਦਾ ਹੈ ਕਿ ਭਾਜਪਾ ਹਾਈ ਕਮਾਨ ਨੂੰ ਬੋਮਈ ਦਾ ਨਾਂਅ ਖੁਦ ਯੇਦੀਯੁਰੱਪਾ ਨੇ ਹੀ ਦੱਸਿਆ ਸੀ। ਬਸਵਰਾਜ ਕਰਨਾਟਕ ਦੇ ਮੁੱਖ ਮੰਤਰੀ ਰਹਿ ਚੁੱਕੇ ਮਰਹੂਮ ਐਸ ਆਰ ਬੋਮਈ ਦੇ ਪੁੱਤਰ ਹਨ ਅਤੇ ਆਪਣੇ ਪਿਤਾ ਤੋਂ ਬਾਅਦ ਮੁੱਖ ਮੰਤਰੀ ਬਣਨ ਵਾਲੇ ਇਸ ਰਾਜ ਦੇ ਦੂਸਰੇ ਆਗੂ ਹਨ। ਉਨ੍ਹਾਂ ਤੋਂ ਪਹਿਲਾਂ ਐਚ ਡੀ ਦੇਵਗੌੜਾ ਅਤੇ ਉਨ੍ਹਾਂ ਦੇ ਪੁੱਤਰ ਐਚ ਡੀ ਕੁਮਾਰਸਵਾਮੀ ਮੁੱਖ ਮੰਤਰੀ ਬਣ ਚੁੱਕੇ ਹਨ।

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

## ਹੱਬਲ ਨੂੰ ਜੁਪੀਟਰ ਉੱਤੇ ਪਾਣੀ ਦੀ ਭਾਫ਼ ਦੇ ਸਬੂਤ ਮਿਲੇ



ਵਾਸ਼ਿੰਗਟਨ, 29 ਜੁਲਾਈ (ਪੋਸਟ ਬਿਊਰੋ)- ਅਸਟ੍ਰੋਨਾਮਰ ਨੇ ਪਹਿਲੀ ਵਾਰ ਨਾਸਾ ਦੇ ਹਬਲ ਸਪੇਸ ਟੈਲੀਸਕੋਪ ਦੀ ਵਰਤੋਂ ਕਰਦੇ ਹੋਏ ਜੁਪੀਟਰ ਦੇ ਚੰਦ ਗੈਨੀਮੇਡ ਦੇ ਵਾਤਾਵਰਣ ਵਿੱਚ ਪਾਣੀ ਦੀ ਭਾਫ਼ ਦੇ ਸਬੂਤ ਬਾਰੇ ਖੁਲਾਸਾ ਕੀਤਾ ਹੈ। ਇਹ ਭਾਫ਼ ਓਦੋਂ ਬਣਦੀ ਹੈ, ਜਦੋਂ ਚੰਦ ਦੀ ਸਤ੍ਹਾ ਤੋਂ ਬਰਫ਼ ਉਪਰ ਉਠਦੀ ਹੈ, ਭਾਵ ਠੋਸ ਤੋਂ ਗੈਸ ਵਿੱਚ ਬਦਲ ਜਾਂਦੀ ਹੈ। ਨਤੀਜੇ ਵਜੋਂ ਨੇਚਰ ਐਸਟ੍ਰੋਨਾਮੀ ਜਰਨਲ ਵਿੱਚ ਪ੍ਰਕਾਸ਼ਿਤ ਹੋਏ ਹਨ।
ਪਿਛਲੀ ਖੋਜ ਵਿੱਚ ਸਬੂਤ ਪੇਸ਼ ਕੀਤੇ ਗਏ ਹਨ ਕਿ ਸੂਰਜੀ ਮੰਡਲ ਦੇ ਸਭ ਤੋਂ ਵੱਡੇ ਚੰਦ ਗੈਨੀਮੇਡ ਵਿੱਚ ਧਰਤੀ ਦੇ ਸਾਰੇ ਮਹਾਸਾਗਰਾਂ ਦੇ ਮੁਕਾਬਲੇ ਜ਼ਿਆਦਾ ਪਾਣੀ ਹੈ, ਪਰ ਉਥੋਂ ਦਾ ਤਾਪਮਾਨ ਇੰਨਾ ਘੱਟ ਹੈ ਕਿ ਸਤ੍ਹਾ ਉੱਤੇ ਪਾਣੀ ਜੰਮ ਜਾਂਦਾ ਹੈ। ਗੈਨੀਮੇਡ ਦਾ ਮਹਾਸਾਗਰ ਕ੍ਰਸਟ ਤੋਂ ਲੱਗਭਗ 100 ਮੀਲ ਹੇਠਾਂ ਹੋ ਸਕਦਾ ਹੈ, ਇਸ ਲਈ ਪਾਣੀ ਦੀ ਭਾਫ਼ ਇਸ ਮਹਾਸਾਗਰ ਦੇ ਪਾਣੀ ਦੇ ਭਾਫ਼ ਬਣਕੇ ਉਡਣ ਦੀ ਅਗਵਾਈ ਨਹੀਂ ਕਰ ਸਕਦੀ। ਪਾਣੀ ਦੀ ਭਾਫ਼ ਦੇ ਇਸ ਸਬੂਤ ਨੂੰ ਲੱਭਣ ਲਈ, ਆਸਟ੍ਰੋਨਾਮਰਸ ਨੇ ਪਿਛਲੇ ਦਹਾਕਿਆਂ ਤੋਂ ਹਬਲ ਟਿੱਪਣੀਆਂ ਦੀ ਫਿਰ ਜਾਂਚ ਕੀਤੀ ਹੈ। ਉਨ੍ਹਾਂ ਨੂੰ ਪਤਾ ਲੱਗਾ ਕਿ ਗੈਨੀਮੇਡ ਦੇ ਵਾਤਾਵਰਣ ਵਿੱਚ ਸ਼ਾਇਦ ਹੀ ਕੋਈ ਐਟਮੀ ਆਕਸੀਜਨ ਹੋਵੇ। ਗੈਨੀਮੇਡ ਦੀ ਸਤ੍ਹਾ ਦਾ ਤਾਪਮਾਨ ਪੂਰੇ ਦਿਨ ਵਿੱਚ ਬਹੁਤ ਬਦਲਦਾ ਰਹਿੰਦਾ ਹੈ ਤੇ ਇਕੂਵੇਟਰ ਨੇੜੇ ਦੁਪਹਿਰ ਦੇ ਨੇੜੇ-ਤੇੜੇ ਇਹ ਗਰਮ ਹੋ ਸਕਦਾ ਹੈ ਕਿਉਂਕਿ ਬਰਫ਼ ਦੀ ਸਤ੍ਹਾ ਪਾਣੀ ਦੇ ਅਣੂਆਂ ਦੀ ਕੁਝ ਛੋਟੀ ਮਾਤਰਾ ਨੂੰ ਛੱਡਦੀ ਹੈ। ਰੋਥ ਨੇ ਕਿਹਾ ਕਿ ਇਹ ਓਦੋਂ ਪੈਦਾ ਹੁੰਦਾ ਹੈ ਜਦੋਂ ਊਰਜਾਵਾਨ ਕਣ ਬਰਫ਼ ਦੀ ਸਤ੍ਹਾ ਨੂੰ ਨਸ਼ਟ ਕਰ ਦਿੰਦੇ ਹਨ।

## ਕੈਪੀਟਲ ਬਿਲਡਿੰਗ ਹਿੰਸਾ ਕੇਸ:
## ਸੁਣਵਾਈ ਵਿੱਚ ਦੰਗਾਈਆਂ ਦੇ ਨਸਲਵਾਦ ਦਾ ਮਾਮਲਾ ਉਠਿਆ

ਵਾਸ਼ਿੰਗਟਨ, 29 ਜੁਲਾਈ (ਪੋਸਟ ਬਿਊਰੋ)- ਵਾਸ਼ਿੰਗਟਨ ਡੀ ਸੀ ਵਿੱਚ ਅਮਰੀਕੀ ਪਾਰਲੀਮੈਂਟ ਦੀ ਬਿਲਡਿੰਗ ਯੂ ਐਸ ਕੈਪੀਟਲ ਵਿੱਚ ਛੇ ਜਨਵਰੀ ਨੂੰ ਹੋਈ ਹਿੰਸਾ ਦੇ ਕੇਸ ਦੀ ਸੁਣਵਾਈ ਦੌਰਾਨ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸੈਕੜੇ ਦੰਗਾਈਆਂ ਨੇ ਨਾ ਕੇਵਲ ਹਥਿਆਰਾਂ, ਸਟੇਨ ਗੰਨ ਆਦਿ ਹੱਥਾਂ ਵਿੱਚ ਲੈ ਕੇ ਉਨ੍ਹਾਂ ਦੇ ਖ਼ਿਲਾਫ਼ ਨਸਲਵਾਦੀ ਟਿੱਪਣੀਆਂ ਕੀਤੀਆਂ, ਸਗੋਂ ਉਨ੍ਹਾਂ ਉੱਤੇ ਦੇਸ਼ਧ੍ਰੋਹ ਦੇ ਦੋਸ਼ ਵੀ ਲਗਾਏ।

ਯੂ ਐਸ ਕੈਪੀਟਲ ਪੁਲਸ ਦੇ ਦੋ ਅਧਿਕਾਰੀਆਂ ਅਤੇ ਵਾਸ਼ਿੰਗਟਨ ਡੀ ਸੀ ਵਿੱਚ ਮੈਟ੍ਰੋਪੋਲਿਟਨ ਪੁਲਸ ਵਿਭਾਗ ਦੇ ਦੋ ਅਧਿਕਾਰੀਆਂ ਨੇ ਸੁਣਵਾਈ ਦੌਰਾਨ ਕਿਹਾ ਕਿ ਕੈਪੀਟਲ ਬਿਲਡਿੰਗ ਉੱਤੇ ਹਿੰਸਾ ਦੌਰਾਨ ਉਨ੍ਹਾਂ ਨੂੰ ਨਸਲਵਾਦੀ ਟਿੱਪਣੀਆਂ ਸਹਿਣੀਆਂ ਪਈਆਂ ਸਨ।ਇਕ ਹੋਰ ਅਧਿਕਾਰੀ ਹੈਰੀ ਡਨ ਨੇ ਪਾਰਲੀਮੈਂਟ ਮੈਂਬਰਾਂ ਨੂੰ ਦੱਸਿਆ ਕਿ ਜਦੋਂ ਉਨ੍ਹਾਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕ ਦੰਗਾਕਾਰੀਆਂ ਨੂੰ ਦੱਸਿਆ ਕਿ ਉਨ੍ਹਾਂ ਨੇ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਆਪਣਾ ਵੋਟ ਦਿੱਤਾ ਹੈ ਅਤੇ ਉਨ੍ਹਾਂ ਦਾ ਵੋਟ ਗਿਣਿਆ ਜਾਣਾ ਚਾਹੀਦਾ ਹੈ ਤਾਂ ਭੀੜ ਵਿੱਚ ਮੌਜੂਦ ਲੋਕਾਂ ਨੇ ਉਨ੍ਹਾਂ ਦੇ ਖ਼ਿਲਾਫ਼ ਨਸਲਵਾਦੀ ਟਿੱਪਣੀਆਂ ਕੀਤੀਆਂ।



## ਉਲੰਪਿਕ ਵਿੱਚ ਸੋਨਾ ਜਿੱਤਣ ਵਾਲਾ ਬਰਮੂਡਾ ਸਭ ਤੋਂ ਛੋਟਾ ਦੇਸ਼ ਬਣ ਗਿਆ

ਟੋਕੀਉ, 29 ਜੁਲਾਈ (ਪੋਸਟ ਬਿਊਰੋ)- ਟੋਕੀਉ ਉਲੰਪਿਕ ਵਿੱਚ ਕੱਲ੍ਹ ਇੱਕ ਹੈਰਾਨ ਕਰ ਦੇਣ ਵਾਲਾ ਦਿਨ ਰਿਹਾ। ਉਸ ਦਿਨ ਦੋ ਵੱਡੀਆਂ ਘਟਨਾਵਾਂ ਵਾਪਰੀਆਂ। ਸਿਰਫ਼ 63 ਹਜ਼ਾਰ ਦੀ ਆਬਾਦੀ ਵਾਲਾ ਬਰਮੂਡਾ ਉਲੰਪਿਕ ਸੋਨ ਤਮਗ਼ਾ ਜਿੱਤਣ ਵਾਲਾ ਦੁਨੀਆ ਦਾ ਸਭ ਤੋਂ ਛੋਟਾ ਦੇਸ਼ ਬਣ ਗਿਆ। ਉਥੋਂ ਦੀ ਫ਼ਲੋਰਾ ਡਫ਼ੀ ਨੇ ਟ੍ਰਾਈਥਲਨ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ। ਦੂਜੇ ਪਾਸੇ ਵਿਸ਼ਵ ਦੀ ਸਭ ਤੋਂ ਵਧੀਆ ਜਿਮਨਾਸਟ ਸਿਮੋਨ ਬਿਲੇਸ ਨੇ ਫ਼ਾਈਨਲ ਮੈਚ ਤੋਂ ਪਹਿਲਾਂ ਮਾਨਸਿਕ ਸਿਹਤ ਕਾਰਨ ਆਪਣਾ ਨਾਮ ਵਾਪਸ ਲੈ ਲਿਆ ਅਤੇ ਉਸ ਦੀ ਟੀਮ ਨੂੰ ਇਸ ਦਾ ਨਤੀਜਾ ਭੁਗਤਣਾ ਪਿਆ।

24 ਸਾਲਾ ਅਮਰੀਕੀ ਜਿਮਨ-ਾਸਟ ਨੂੰ ਖੇਡ ਦੇ ਸਰਬੋਤਮ ਖਿਡਾਰੀਆਂ ਵਿੱਚ ਗਿਣਿਆ ਜਾਂਦਾ ਹੈ। ਬਿਲੇਸ ਚਾਰ ਵਾਰ ਉਲੰਪਿਕ ਸੋਨ ਤਮਾਗਾ ਜਿੱਤ ਚੁੱਕੀ ਹੈ। ਉਹ ਦੁਨੀਆ ਦੀ ਇਕਲੌਤੀ ਔਰਤ ਹੈ, ਜਿਸ ਨੇ ਪੰਜ ਵਿਸ਼ਵ ਆਲਰਾਊਂਡਰ ਖ਼ਿਤਾਬ ਜਿੱਤੇ ਹਨ। ਉਲੰਪਿਕ ਵਿੱਚ ਉਹ ਵਾਲਟ ਦੇ ਦੌਰਾਨ ਛਾਲ ਮਾਰਨ ਪਿੱਛੋਂ ਇੱਕ ਟਰੇਨਰ ਨਾਲ ਟਕਰਾ ਗਈ, ਜਿਸ ਤੋਂ ਬਾਅਦ ਉਸ ਨੂੰ ਡਾਕਟਰਾਂ ਕੋਲ ਜਾਣਾ ਪਿਆ। ਕੁਝ ਸਮੇਂ ਬਾਅਦ ਜਦੋਂ ਬਿਲੇਸ ਵਾਪਸ ਆਈ ਤਾਂ ਉਸ ਦੀ ਸੱਜੀ ਲੱਤ ਉੱਤੇ ਪੱਟੀ ਬੰਨ੍ਹੀ ਹੋਈ ਸੀ। ਉਹ ਆਪਣੀ ਟੀਮ ਨੂੰ ਗਲੇ ਮਿਲੀ। ਅਮਰੀਕੀ ਟੀਮ ਲਗਾਤਾਰ ਤੀਸਰਾ ਸੋਨ ਤਮਗ਼ਾ ਨਹੀਂ ਜਿੱਤ ਸਕੀ ਅਤੇ ਚਾਂਦੀ ਦੇ ਤਮਗੇ ਨਾਲ ਸੰਤੁਸ਼ਟ ਹੋਣਾ ਪਿਆ।




## ਭਾਰਤੀ ਮੂਲ ਦੇ ਨਾਟਕਕਾਰ ਸਹੋਤਾ ਬੁੱਕਰ ਐਵਾਰਡ ਲਈ ਨਾਮਜ਼ਦ

ਲੰਡਨ, 29 ਜੁਲਾਈ (ਪੋਸਟ ਬਿਊਰੋ)- ਭਾਰਤੀ ਮੂਲ ਦੇ ਬਰਤਾਨਵੀ ਨਾਟਕਕਾਰ ਸੰਜੀਵ ਸਹੋਤਾ ਇਸ ਸਾਲ ਦੇ ਮਿਆਰੀ ਬੁੱਕਰ ਪੁਰਸਕਾਰ ਦੀ ਕਾਲਪਨਿਕ ਕਥਾ ਦੀ ਸ਼੍ਰੇਣੀ ਦੇ ਆਪਣੇ ਨਾਟਕ ਵਿੱਚਾਈਨਾ ਰੂਮ' ਲਈ ਨਾਮਜ਼ਦ ਹੋਏ ਹਨ। ਜੱਜਾਂ ਨੇ ਕੱਲ੍ਹ ਉਨ੍ਹਾਂ ਦੇ ਨਾਟਕ ਦੀ ਪ੍ਰਸ਼ੰਸਾ ਕਰਦੇ ਹੋਏ ਉਸ ਨੂੰ ਇਮੀਗਰਾਂਟਰਾਂ ਦੇ ਤਜਰਬੇ ਦਾ ਲਾਜਵਾਬ ਮੋੜ ਦੱਸਿਆ ਹੈ। ਚਾਲੀ ਸਾਲਾ ਸੰਜੀਵ ਸਹੋਤਾ ਦੇ ਦਾਦਾ-ਦਾਦੀ 1960 ਵਿੱਚ ਪੰਜਾਬ ਤੋਂ ਬ੍ਰਿਟੇਨ ਆਏ ਸਨ। ਸਾਲ 2015 ਵਿੱਚ ਵੀ ਸਹੋਤਾ ਦੇ ਨਾਟਕ 'ਦ ਈਅਰ ਆਫ ਰਨਅਵੇਜ਼' ਨੂੰ ਬੁੱਕਰ ਪੁਰਸਕਾਰ ਲਈ ਨਾਮਜ਼ਦ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੂੰ ਸਾਲ 2017 ਵਿੱਚ ਸਾਹਿਤ ਲਈ ਯੂਰਪੀ ਯੂਨੀਅਨ ਦੇ ਪੁਰਸਕਾਰ ਨਾਲ ਵੀ ਨਵਾਜਿਆ ਗਿਆ ਸੀ।

ਸੰਜੀਵ ਸਹੋਤਾ ਦੇ ਨਾਟਕ 'ਚਾਈਨਾ ਰੂਮ' ਨੂੰ ਸਾਲ 2020 ਦੇ ਅਕਤੂਬਰ ਤੇ 2021 ਸਤੰਬਰ ਵਿਚਾਲੇ ਬ੍ਰਿਟੇਨਅਤੇ ਆਇਰਲੈਂਡ ਵਿੱਚ ਛਪੇ 158 ਅੰਗਰੇਜ਼ੀ ਨਾਟਕਾਂ ਵਿੱਚੋਂ ਚੁਣਿਆ ਗਿਆ ਹੈ। ਬੁੱਕਰ ਪੁਰਸਕਾਰ ਦੇ ਜੱਜਾਂ ਦਾ ਕਹਿਣਾ ਹੈ ਕਿ ਦੋ ਸਮਿਆਂ ਤੇ ਮਹਾਦੀਪਾਂ ਦੇ ਫਰਕ ਨੂੰ 'ਚਾਈਨਾ ਰੂਮ' ਨਾਟਕ ਵਿੱਚ ਇਕੱਠੇ ਕੀਤਾ ਗਿਆ ਹੈ।



ਇਮੀਗਰਾਂਟਰਾਂ ਦੇ ਤਜਰਬਿਆਂ ਉੱਤੇ ਆਧਾਰਤ ਇਸ ਦੀ ਕਹਾਣੀ ਵਿੱਚ ਬਹੁਤ ਦਿਲਚਸਪ ਮੋੜ ਹੈ। ਇਸ ਦਰਦ ਨੂੰ ਬਹੁਤ ਸੁਲਝੇ ਤਰੀਕੇ ਨਾਲ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਪਹੁੰਚਦੇ ਦਿਖਾਇਆ ਗਿਆ ਹੈ। ਕਰਾਚੀ ਤੋਂ ਸਪੱਸ਼ਟ ਭਾਸ਼ਾ ਵਿੱਚ ਨਾਟਕ ਵਿੱਚ ਬਹੁਤ ਨਾਟਕੀ ਘਟਨਾਕ੍ਰਮ ਦਰਸ-ਾਇਆ ਗਿਆ ਹੈ। ਸਹੋਤਾ ਨੇ ਬੜੀ ਆਸਾਨੀ ਨਾਲ ਇਸ ਭਾਰੂ ਵਿਸ਼ੇ ਨੂੰ ਵੀ ਪਿਆਰ, ਉਮੀਦ ਤੇ ਵਿਅੰਗ ਨਾਲ ਭਰ ਦਿੱਤਾ ਹੈ।ਸਹੋਤਾ ਤੋਂ ਇਲਾਵਾ, ਬੁੱਕਰ ਪੁਰਸਕਾਰ ਦੇ ਨਾਮਜ਼ਦ ਨਾਟਕਾਂ ਦੀ 2021 ਦੀ ਸੂਚੀ ਵਿੱਚ ਜਾਪਾਨੀ ਮੂਲ ਦੇ ਬਰਤਾਨਵੀ ਲੇਖਕ ਕਾਜ਼ੂ ਇਸ਼ੀਗੋਰਾ ਦੀ 'ਲਾਰਾ ਐਂਡ ਦਿ ਸਨ' ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦੱਖਣੀ ਅਫਰੀਕੀ ਲੇਖਕ ਡੈਮਨ ਗੈਲੁਟ ਦੀ 'ਦ ਪ੍ਰਾਮਿਸ' ਅਤੇ ਅਮਰੀਕੀ ਲੇਖਕ ਰਿਚਰਡਸ ਪਾਵਰ ਦੀ 'ਬਿਵਾਈਡਰਮੈਂਟ' ਨੂੰ ਵੀ ਨਾਮਜ਼ਦ ਕੀਤਾ ਗਿਆ ਹੈ।

## ਪਾਕਿ ਵਿੱਚ ਹਿੰਦੂ ਲੜਕੇ ਦੀ ਮਾਰਕੁੱਟ ਕਰ ਕੇ 'ਅੱਲ੍ਹਾ ਹੂ ਅਕਬਰ' ਕਹਾਇਆ ਗਿਆ

ਕਰਾਚੀ, 29 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਇੱਕ ਹਿੰਦੂ ਲੜਕੇ ਨੂੰ ਥੱਪੜ ਮਾਰਨ, ਉਸ ਨੂੰ ਆਪਣੇ ਧਾਰਮਿਕ ਦੇਵੀ-ਦੇਵਤਿਆਂ ਨੂੰ ਅਪਸ਼ਬਦ ਕਹਿਣ ਅਤੇ ਉਨ੍ਹਾਂ ਦਾ ਮਜ਼ਾਕ ਉਡਾਉਣ ਦੇ ਲਈ ਮਜਬੂਰ ਕਰਨ ਉੱਤੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਕੱਲ੍ਹ ਦੱਸਿਆ ਕਿ ਘਟਨਾ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਦੇ ਬਾਅਦ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।
ਇਸ ਵੀਡੀਓ ਵਿੱਚ ਥਾਰ ਕੋਇਲਾ ਪ੍ਰੋਜੈਕਟ ਵਿੱਚ ਕੰਮ ਕਰਦੇ ਮੁਕੇਸ਼ ਭੀਲ ਨਾਂਅ ਦੇ ਲੜਕੇ ਨੂੰ ਦੋਸ਼ੀ ਕੋਲ ਤਰਲੇ ਕਰਦੇ ਅਤੇ ਛੱਡ ਦੇਣ ਲਈ ਵਾਸਤਾ ਪਾਉਂਦੇ ਦੇਖਿਆ ਜਾ ਸਕਦਾ ਹੈ। ਵੀਡੀਓ ਵਿਚ ਦੋਸ਼ੀ ਪੀੜਤ ਨੂੰ ਥੱਪੜ ਮਾਰ ਰਿਹਾ ਹੈ ਅਤੇ ਅਪਸ਼ਬਦ ਕਹਿ ਰਿਹਾ ਹੈ। ਇਸ ਦੇ ਇਲਾਵਾ ਉਹ ਲੜਕੇ ਨੂੰ ਆਪਣੇ ਦੇਵੀ-ਦੇਵਤਿਆਂ ਨੂੰ ਅਪਸ਼ਬਦ ਕਹਿਣ ਨੂੰ ਕਹਿ ਰਿਹਾ ਹੈ। ਵੀਡੀਓ ਵਿੱਚ ਦੋਸ਼ੀ ਲੜਕੇ ਉੱਤੇ ਅੱਲ੍ਹਾ ਹੂ ਅਕਬਰ ਕਹਿਣ ਦਾ ਵੀ ਦਬਾਅ ਬਣਾ ਰਿਹਾ ਹੈ। ਘਟਨਾ ਦੀ ਵੀਡੀਓ ਸੋਮਵਾਰ ਨੂੰ ਵਾਇਰਲ ਹੋਣ ਦੇ ਬਾਅਦ ਤੋਂ ਦੋਸ਼ੀ ਫਰਾਰ ਹੋ ਗਿਆ ਸੀ, ਪਰ ਥਾਰਪਾਰਕਰ ਵਿੱਚ ਮੀਠੀ ਪੁਲਸ ਨੇ ਅਬਦੁਲ ਸਲਾਮ ਅਬੂ ਦਾਊਦ ਨਾਂਅ ਦੇ ਦੋਸ਼ੀ ਨੂੰ ਬਦਿਨ ਜ਼ਿਲ੍ਹੇ ਦੇ ਖੋਸਕੀ ਤੋਂ ਗ੍ਰਿਫਤਾਰ ਕਰ ਲਿਆ। ਇਹ ਸਪੱਸ਼ਟ ਨਹੀਂ ਹੈ ਕਿ ਵੀਡੀਓ ਕਦੋਂ ਬਣਾਈ ਗਈ ਸੀ, ਪਰ ਮੀਠੀ ਥਾਣੇ ਦੇ ਇੰਚਾਰਜ ਮੁਹੰਮਦ ਸੂਮਰ ਨੇ ਕਿਹਾ ਕਿ ਦਾਊਦ ਨੇ ਮੀਠੀ ਤੋਂ ਲਗਭਗ ਪੰਜ-ਛੇ ਕਿਲੋਮੀਟਰ ਦੂਰ ਛੁੱਟਨ ਸ਼ਾਹ ਦੇ ਨੇੜੇ ਭੀਲ ਨੂੰ ਸੜਕ ਵਿਚਾਲੇ ਰੋਕਿਆ ਤੇ ਥੱਪੜ ਮਾਰਿਆ ਸੀ।

## ਅਮਰੀਕਾ ਵਿੱਚ ਕੋਰੋਨਾ ਦੇ ਵਾਧੇ ਕਾਰਨ ਮਾਸਕ ਮੁੜ ਲਾਜ਼ਮੀ ਹੋਇਆ

ਵਾਸ਼ਿੰਗਟਨ, 29 ਜੁਲਾਈ (ਪੋਸਟ ਬਿਊਰੋ)- ਅਮਰੀਕਾ ਵਿੱਚ ਕੋਰੋਨਾ ਇਨਫੈਕਸ਼ਨ ਬੇਕਾਬੂ ਹੁੰਦਾ ਜਾਂਦਾ ਹੈ। ਮਰੀਜ਼ਾਂ ਦੀ ਵਧਦੀ ਗਿਣਤੀ ਕਾਰਨ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਲਵਾਉਣ ਵਾਲੇ ਲੋਕਾਂ ਲਈ ਵੀ ਮਾਸਕ ਜ਼ਰੂਰੀ ਕਰ ਦਿੱਤਾ ਗਿਆ ਹੈ। ਉਧਰ ਓਲੰਪਿਕ ਦੌਰਾਨ ਜਾਪਾਨ ਦੀ ਰਾਜਧਾਨੀ ਵਿੱਚ ਐਮਰਜੈਂਸੀ ਲੱਗੇ ਹੋਣ ਦੇ ਬਾਅਦ ਵੀ ਕੋਰੋਨਾ ਦੇ ਰਿਕਾਰਡ ਮਰੀਜ਼ ਮਿਲ ਰਹੇ ਹਨ ਅਤੇ ਪਿਛਲੇ 24 ਘੰਟਿਆਂ ਦੌਰਾਨ 3177 ਨਵੇਂ ਮਾਮਲੇ ਸਾਹਮਣੇ ਆਏ ਹਨ।

ਪਤਾ ਲੱਗਾ ਹੈ ਕਿ ਅਮਰੀਕਾ ਵਿੱਚ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ ਡੀ ਸੀ) ਨੇ ਡੈਲਟਾ ਵੈਰੀਐਂਟ ਕਾਰਨ ਮਰੀਜ਼ਾਂ ਵਿੱਚ ਤੇਜ਼ੀ ਨਾਲ ਹੋ ਰਹੇ ਵਾਧੇ ਨੂੰ ਦੇਖ ਕੇ ਮਾਸਕ ਲਾਉਣਾ ਮੁੜ ਜ਼ਰੂਰੀ ਕਰ ਦਿੱਤਾ ਹੈ। ਸੀ ਡੀ ਸੀ ਦੇ ਦਿਸ਼ਾ ਨਿਰਦੇਸ਼ਾਂ ਮੁਤਾ-ਬਕ ਇਨਡੋਰ ਵਿੱਚਵੀ ਵੈਕਸੀਨ ਲੱਗੇ ਲੋਕਾਂ ਨੂੰ ਮਾਸਕ ਲਾਉਣਾ ਪਵੇਗਾ। ਇਸ ਬਾਰੇ ਸੀ ਡੀ ਸੀ ਦੇ ਨਿਰਦੇਸ਼ ਜਾਰੀ ਹੋਣ ਤੋਂ ਫੌਰੀ ਬਾਅਦ ਵ੍ਹਾਈਟ ਹਾਊਸ ਵਿੱਚ ਰਾਸ਼ਟਰਪਤੀ ਜੋਅ ਬਾਇਡੇਨ ਨੇ ਕਿਹਾ ਕਿ ਜਿਨ੍ਹਾਂ ਥਾਵਾਂ ਉੱਤੇ ਇਨਫੈਕਸ਼ਨ ਦੀ ਰਫਤਾਰ ਤੇਜ਼ ਹੈ, ਓਥੇ ਯਾਤਰਾ ਦੌਰਾਨ ਉਹ ਵੀ ਮਾਸਕ ਦੀ ਵਰਤੋਂ ਕਰਨਗੇ। ਅਮਰੀਕੀ ਜਨਤਾ ਨੂੰ ਵੀ ਉਨ੍ਹਾਂ ਨੇ ਮਾਸਕ ਪਾਉਣ ਦੀ ਅਪੀਲ ਕੀਤੀ ਹੈ।

ਸੀ ਡੀ ਸੀ ਦੇ ਡਾਇਰੈਕਟਰ ਰੋਸ਼ੇਲ ਵਾਲੇਂਸਕੀ ਨੇ ਕਿਹਾ ਹੈ ਕਿ ਵਿਗਿਆਨਕਜਾਂਚ ਵਿੱਚ ਡੈਲਟਾ ਵੈਰੀਐਂਟ ਦੇ ਮਰੀਜ਼ਾਂ ਦੇ ਅਧਿਐਨ ਚਿੰਤਾਜਨਕ ਹਨ। ਅਮਰੀਕਾ ਵਿੱਚ ਇਸ ਸਮੇਂ ਔਸਤਨ 57 ਹਜ਼ਾਰ ਨਵੇਂ ਮਰੀਜ਼ ਰੋਜ਼ ਮਿਲ ਰਹੇ ਹਨ। ਸੀ ਡੀ ਸੀ ਦੇ ਸਾਬਕਾ ਡਾਇਰੈਕਟਰ ਟਾਮ ਫ੍ਰਿਡੇਨ ਨੇ ਸੀ ਐਨ ਐਨ ਕੋਲ ਸ਼ੱਕ ਪ੍ਰਗਟਾਇਆ ਕਿ ਅਗਲੇ ਹਫਤਿਆਂ ਵਿੱਚ ਦੋ ਲੱਖ ਮਰੀਜ਼ ਰੋਜ਼ ਹੋ ਸਕਦੇ ਹਨ।

ਦੂਸਰੇ ਪਾਸੇ ਤਾਜ਼ਾ ਸੂਚਨਾ ਅਨੁਸਾਰ ਓਲੰਪਿਕ ਖੇਡਾਂ ਦੌਰਾਨ ਟੋਕੀਓ ਵਿੱਚ ਕੋਰੋਨਾ ਮਰੀਜ਼ਾਂ ਦੀ ਰਿਕ-ਾਰਡ ਗਿਣਤੀ ਮਿਲ ਰਹੀ ਹੈ। ਖੇਡਾਂ ਦੇ ਸ਼ੁਰੂ ਹੋਣ ਤੋਂ ਬਾਅਦ ਕੱਲ੍ਹ ਤਕ ਇੱਕ ਦਿਨ ਵਿੱਚ ਸਭ ਤੋਂ ਵੱਧ 3177 ਨਵੇਂ ਮਾਮਲੇ ਆਏ ਹਨ। ਬੀਤੇ ਦਿਨੀਂ ਇਨ੍ਹਾਂ ਮਰੀਜ਼ਾਂ ਦੀ ਗਿਣਤੀ 2848 ਸੀ। ਟੋਕੀਓ ਵਿੱਚ ਖਿਡਾਰੀਆਂ ਨੂੰ ਇਸ ਤੋਂ ਬਚਾਉਣ ਲਈ ਐਮਰਜੈਂਸੀ ਲੱਗੀ ਹੋਈ ਹੈ।ਜਾਪਾਨ ਦੇ ਪ੍ਰਧਾਨ ਮੰਤਰੀ ਯੋਸ਼ੀਹਿਦੇ ਸੁਗਾ ਨੇ ਜਨਤਾ ਨੂੰ ਘਰੋਂ ਬਗੈਰ ਕੰਮ ਨਾ ਨਿਕਲਣ ਦੀ ਅਪੀਲ ਕੀਤੀ ਹੈ। ਮਾਹਰਾਂ ਮੁਤਾਬਕ ਕਿਸੇ ਖਿਡਾਰੀ ਦੇ ਜਨਤਾ ਤੋਂ ਇਨਫੈਕਟਿਡ ਹੋਣ ਦਾ ਸਬੂਤ ਨਹੀਂ ਹੈ। ਜਾਪਾਨ ਸਰਕਾਰ ਨੇ ਖਾਸ ਤੌਰ ਉੱਤੇ ਨੌਜਵਾਨਾਂ ਨੂੰ ਸਹਿਯੋਗ ਦੀ ਅਪੀਲ ਕੀਤੀ ਹੈ।

ਇਟਲੀ ਵਿੱਚ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਰੋਕਣ ਲਈ ਕੀਤੇ ਜਾਂਦੇ ਪਾਬੰਦੀ ਦੇ ਉਪਾਵਾਂ ਬਾਰੇ ਲੋਕਾਂ ਵਿੱਚ ਜ਼ਬਰਦਸਤ ਨਾਰਾਜ਼ਗੀ ਹੈ। ਇਸ ਦੌਰਾਨ ਰੋਮ ਵਿੱਚ ਹਜ਼ਾਰਾਂ ਲੋਕਾਂ ਨੇ ਸਰਕਾਰ ਦੀ ਗ੍ਰੀਨ ਪਾਸ ਯੋਜਨਾ (ਹੈਲਥ ਪਾਸ) ਦੇ ਵਿਰੋਧ ਵਿੱਚ ਪ੍ਰਦਰਸ਼ਨ ਕੀਤਾ। ਸਰਕਾਰ ਨੇ ਇੰਡੋਰ ਵਿੱਚ ਖਾਣਾ ਖਾਣ, ਸਭਿਆਚਾਰਕ ਤੇ ਖੇਡ ਪ੍ਰੋਗਰਾਮਾਂ ਲਈ ਹੈਲਥ ਪਾਸ ਜ਼ਰੂਰੀ ਕਰ ਦਿੱਤਾ ਹੈ। ਇਹ ਉਨ੍ਹਾਂ ਲੋਕਾਂ ਨੂੰ ਮਿਲੇਗਾ, ਜਿਹੜੇ ਕੋਰੋਨਾ ਦਾ ਘੱਟੋ ਘੱਟ ਇੱਕ ਟੀਕਾ ਲਗਵਾ ਚੁੱਕੇ ਹਨ।



## ਹਾਂਗਕਾਂਗ ਵਿਖੇ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਪਹਿਲਾ ਵਿਅਕਤੀ ਦੋਸ਼ੀ ਕਰਾਰ

ਹਾਂਗਕਾਂਗ, 29 ਜੁਲਾਈ (ਪੋਸਟ ਬਿਊਰੋ)- ਹਾਂਗਕਾਂਗ ਦੇ ਸੋਧੇ ਹੋਏ ਰਾਸ਼ਟਰੀ ਸੁਰੱਖਿਆ ਕਾਨੂੰਨ ਦੇ ਤਹਿਤ ਪਹਿਲੀ ਵਾਰ ਇੱਕ ਵਿਅਕਤੀ ਨੂੰ ਵੱਖਵਾਦ ਤੇ ਅੱਤਵਾਦ ਫੈਲਾਉਣ ਦਾ ਦੋਸ਼ੀ ਪਾਇਆ ਗਿਆ ਹੈ।

ਇਸ ਬਾਰੇ ਹਾਂਗਕਾਂਗ ਹਾਈ ਕੋਰਟ ਨੇ 24 ਸਾਲ ਦੇ ਤੋਂਗ ਯਿੰਗ ਕਿਤ ਨੂੰ ਇਸ ਕੇਸ ਦਾ ਫੈਸਲਾ ਸੁਣ-ਾਇਆ ਹੈ। ਕਿਤ ਉੱਤੇ ਦੋਸ਼ ਹੈ ਕਿ ਪਿਛਲੇ ਸਾਲ ਇੱਕ ਜੁਲਾਈ ਨੂੰ ਉਹ ਝੰਡਾ ਲਹਿਰਾਉਂਦੇ ਹੋਏ ਮੋਟਰ ਸਾਈਕਲ ਉੱਤੇ ਸਵਾਰ ਹੋ ਕੇ ਪੁਲਸ ਅਧਿਕਾਰੀਆਂ ਦੇ ਗਰੁੱਪ ਵਿੱਚ ਵੜ ਗਿਆ ਸੀ। ਝੰਡੇ ਉੱਤੇ ਲਿਖਿਆ ਸੀ, 'ਹਾਂਗਕਾਂਗ ਨੂੰ ਆਜ਼ਾਦ ਕਰੋ, ਇਹ ਸਾਡੇ ਸਮੇਂ ਦੀ ਕ੍ਰਾਂਤੀ ਹੈ।' ਇਹ ਘਟਨਾ ਹਾਂਗਕਾਂਗ ਵਿੱਚ ਸੋਧੇ ਹੋਏ ਰਾਸ਼ਟਰੀ ਸੁਰੱਖਿਆ ਕਾਨੂੰਨ ਲਾਗੂ ਕੀਤੇ ਜਾਣ ਦੇ ਇੱਕ ਦਿਨ ਬਾਅਦ ਹੋਈ ਸੀ। ਵਰਨਣ ਯੋਗ ਹੈ ਕਿ ਹਾਂਗਕਾਂਗ ਵਿੱਚ ਸਾਲ 2019 ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨ ਹੋਏ ਸਨ। ਇਸ ਦੇ ਬਾਅਦ ਚੀਨ ਨੇ ਇੱਥੇ ਰਾਸ਼ਟਰੀ ਸੁਰੱਖਿਆ ਕਾਨੂੰਨ ਲਾਗੂ ਕੀਤਾ ਸੀ।

## ਵਾਲਮਾਰਟ ਆਪਣੇ ਮੁਲਾਜ਼ਮਾਂ ਦੀ ਟਿਊਸ਼ਨ ਫੀਸ ਤੇ ਕਿਤਾਬਾਂ ਦੇ ਪੈਸੇ ਵੀ ਦੇਵੇਗਾ

ਸੈਕਰਾਮੈਂਟੋ, 29 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਸਭ ਤੋਂ ਵੱਡੇ ਕਾਰੋਬਾਰੀ ਅਦਾਰੇ ਵਾਲਮਾਰਟ ਨੇ ਆਪਣੇ ਮੁਲਾਜ਼ਮਾਂ ਦੀ 100 ਫ਼ੀਸਦੀ ਕਾਲਜ ਟਿਊਸ਼ਨ ਫੀਸ ਤੇ ਕਿਤਾਬਾਂ ਉਪਰ ਹੁੰਦੇ ਖਰਚ ਦੀ ਅਦਾਇਗੀ ਕਰਨ ਦਾ ਐਲਾਨ ਕੀਤਾ ਹੈ। ਉਸ ਦੇ ਫੁਲ-ਟਾਈਮਰ ਤੇ ਪਾਰਟ-ਟਾਈਮਰ ਮੁਲਾਜ਼ਮ ਇਸ ਦਾ ਲਾਭ ਲੈ ਸਕਣਗੇ। ਕੰਪਨੀ ਨੇ ਜਾਰੀ ਕੀਤੇ ਬਿਆਨ ਵਿੱਚ ਕਿਹਾ ਹੈ ਕਿ ਉਸ ਦੇ ਇਸ ਕਦਮ ਨਾਲ ਵਾਲਮਾਰਟ ਅਤੇ ਸੈਮ ਕਲੱਬ ਦੇ ਤਕਰੀਬਨ 15 ਲੱਖ ਮੁਲਜ਼ਮ ਸਿੱਖਿਆ ਵਿਭਾਗ ਉਪਰ ਬੋਝ ਪਾਇਆਂ ਬਿਨਾਂ ਕਾਲਜ ਡਿਗਰੀ ਲੈ ਸਕਣਗੇ ਜਾਂ ਵਪਾਰਕ ਹੁਨਰ ਸਿੱਖ ਸਕਣਗੇ। ਵਾਲਮਾਰਟ ਦੇ ਸੀਨੀਅਰ ਉਪ ਪ੍ਰਧਾਨ ਲੋਰੇਨ ਸੋਟਮਸਕੀ ਨੇ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਅਸੀਂ ਆਪਣੇ ਨਾਲ ਜੁੜੇ ਮੁਲਾਜ਼ਮਾਂ ਲਈ ਕੈਰੀਅਰ ਬਣਾਉਣ ਦਾ ਮੌਕਾ ਦੇ ਰਹੇ ਹਾਂ ਤਾਂ ਜੋ ਉਹ ਆਪਣਾ ਅਤੇ ਆਪਣੇ ਪਰਵਾਰਾਂ ਦੇ ਜੀਵਨ ਪੱਧਰ ਨੂੰ ਹੋਰ ਬਿਹਤਰ ਬਣਾਉਣਾ ਜਾਰੀ ਰੱਖ ਸਕਣ।




## ਸ੍ਰੀਲੰਕਾ ਵਿੱਚ ਖੂਹ ਦੀ ਖੁਦਾਈ ਵੇਲੇ ਦੁਨੀਆਂ ਦਾ ਸਭ ਤੋਂ ਵੱਡਾ ਨੀਲਮ ਮਿਲਿਆ



ਕੋਲੰਬੋ, 29 ਜੁਲਾਈ (ਪੋਸਟ ਬਿਊਰੋ)- ਸ੍ਰੀਲੰਕਾ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਇੱਥੇ ਇੱਕ ਘਰ ਵਿੱਚ ਖੂਹ ਦੀ ਖੁਦਾਈ ਦੌਰਾਨ ਦੁਨੀਆ ਦਾ ਸਭ ਤੋਂ ਕੀਮਤੀ ਨੀਲਮ ਪੱਥਰ ਮਿਲਿਆ ਹੈ।
ਇੱਕ ਵਪਾਰੀ ਨੇ ਦੱਸਿਆ ਕਿ ਇਹ ਵੱਡਾ ਨੀਲਮ ਕੁਝ ਮਜ਼ਦੂਰਾਂ ਨੂੰ ਓਦੋਂ ਮਿਲਿਆ ਜਦੋਂ ਉਹ ਖੂਹ ਦੀ ਖੁਦਾਈ ਕਰ ਰਹੇ ਸਨ। ਇਹ ਘਟਨਾ ਸ੍ਰੀਲੰਕਾ ਦੇ ਰਤਨ-ਪੁਰਾ ਇਲਾਕੇ ਦੀ ਹੈ ਅਤੇ ਨਾਮ ਤੋਂ ਹੀ ਪਤਾ ਲਗਦਾ ਹੈ ਕਿ ਇਸ ਖੇਤਰ ਵਿੱਚ ਬਹੁਤ ਜ਼ਿਆਦਾ ਰਤਨ ਪਾਏ ਜਾਂਦੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਇਸ ਨੀਲਮ ਦੀ ਕੀਮਤ ਲੱਗਭਗ 100 ਮਿਲੀਅਨ ਡਾਲਰ ਹੋਵੇਗੀ। ਇਸ ਦਾ ਭਾਰ 510 ਕਿਲੋਗ੍ਰਾਮ ਹੈ। ਇਸ ਨੂੰ ਸੇਰੇਂਡਿਪਿਟੀ ਸਫ਼ਾਯਰ ਨਾਂ ਦਿੱਤਾ ਗਿਆ ਹੈ, ਭਾਵ ਕਿਸਮਤ ਨਾਲ ਮਿਲਿਆ ਨੀਲਮ।ਜਿਨ੍ਹਾਂ ਦੇ ਘਰ ਵਿੱਚ ਨੀਲਮ ਮਿਲਿਆ ਹੈ, ਉਹ ਤੀਜੀ ਪੀੜ੍ਹੀ ਦੇ ਰਤਨ ਵਪਾਰੀ ਹਨ। ਨੀਲਮ ਮਿਲਣ ਪਿੱਛੋਂ ਉਨ੍ਹਾਂ ਨੇ ਅਧਿਕਾਰੀਆਂ ਨੂੰ ਦੱਸਿਆ, ਪਰ ਇਸ ਦੀ ਮਿੱਟੀ ਸਾਫ਼ ਕਰਨ ਅਤੇ ਹੋਰ ਅਸ਼ੁੱਧੀਆਂ ਕੱਢਣ ਵਿੱਚ ਇੱਕ ਸਾਲ ਤੋਂ ਬਾਅਦ ਹੀ ਇਸ ਦੀ ਗੁਣਵੱਤਾ ਦੀ ਪੁਸ਼ਟੀ ਕੀਤੀ ਜਾ ਸਕੇਗੀ।

ਵਰਨਣ ਯੋਗ ਹੈ ਕਿ ਸ੍ਰੀਲੰਕਾ ਦੁਨੀਆ ਨੂੰ ਨੀਲਮ ਅਤੇ ਹੋਰ ਕੀਮਤੀ ਰਤਨ ਐਕਸਪੋਰਟ ਕਰਨ ਵਾਲਾ ਦੇਸ਼ ਹੈ। ਪਿਛਲੇ ਸਾਲ ਸ੍ਰੀਲੰਕਾ ਨੇ ਕੀਮਤੀ ਹੀਰੇ, ਰਤਨਾਂ ਤੇ ਗਹਿਣਿਆਂ ਦੀ ਐਕਸਪੋਰਟ ਤੋਂ ਲੱਗਭਗ 50 ਕਰੋੜ ਰੁਪਏ ਕਮਾਈ ਕੀਤੀ ਸੀ। ਮਸ਼ਹੂਰ ਰਤਨ ਮਾਹਰ ਡਾ. ਜੈਮਿਨੀ ਜ਼ੋਯਸਾ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਨੇ ਕਦੀ ਇੰਨਾ ਵੱਡਾ ਨੀਲਮ ਨਹੀਂ ਦੇਖਿਆ। ਇਹ ਸ਼ਾਇਦ 40 ਕਰੋੜ ਸਾਲ ਪਹਿਲਾਂ ਦਾ ਬਣਿਆ ਹੋਵੇਗਾ। ਸ੍ਰੀਲੰਕਾ ਦੇ ਨੈਸ਼ਨਲ ਜੈਮ ਐਂਡ ਜਵੈਲਰੀ ਅਥਾਰਟੀ ਦੇ ਮੁਖੀ ਤਿਲਕ ਵੀਰਸਿੰਘੇ ਨੇ ਕਿਹਾ, "ਇਹ ਇੱਕ ਵਿਸ਼ੇਸ਼ ਨੀਲਮ ਹੈ। ਸ਼ਾਇਦ ਦੁਨੀਆ ਦਾ ਸਭ ਤੋਂ ਵੱਡਾ ਨੀਲਮ ਹੈ। ਇਸ ਦੇ ਆਕਾਰ ਅਤੇ ਕੀਮਤ ਨੂੰ ਦੇਖਦਿਆਂ, ਸਾਨੂੰ ਲੱਗਦਾ ਹੈ ਕਿ ਇਹ ਮਾਹਰਾਂ ਅਤੇ ਅਜਾਇਬ ਘਰਾਂ ਦਾ ਧਿਆਨ ਆਪਣੇ ਵੱਲ ਖਿੱਚੇਗਾ।"

## ਇਟਲੀ ਦੇ ਸਾਇੰਟਿਸਟ ਨੇ 50 ਮਿਲੀ ਸੈਕਿੰਡ ਵਿੱਚ ਕੋਰੋਨਾ ਵਾਇਰਸ ਖਤਮ ਕਰਨ ਵਾਲੀ ਡਿਵਾਈਸ ਬਣਾਈ



ਰੋਮ, 29 ਜੁਲਾਈ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਡੇਢ ਸਾਲ ਵਿੱਚ ਤੇਜ਼ੀ ਨਾਲ ਫੈਲੇ ਕੋਰੋਨਾ ਵਾਇਰਸ ਦੇ ਇੱਕ ਪਾਸੇ ਜਿੱਥੇ ਹਰ ਰੋਜ ਨਵੇਂ ਵੈਰੀਐਂਟ ਦੇਖਣ ਨੂੰ ਮਿਲ ਰਹੇ ਹਨ, ਉਥੇ ਦੂਸਰੇ ਪਾਸੇ ਸਾਇੰਟਿਸਟ ਇਸ ਨੂੰ ਖਤਮ ਕਰਨ ਦੇ ਨਵੇਂ ਤਰੀਕੇ ਲੱਭਣ ਵਿੱਚ ਲੱਗੇ ਹੋਏ ਹਨ। ਇਟਲੀ ਵਿੱਚ ਇੱਕ ਅਜਿਹਾ ਡਿਵਾਈਸ ਬਣਾਇਆ-ਗਆ ਹੈ, ਜਿਸ ਦੇ ਬਾਰੇ ਵਿੱਚ ਕਿਹਾ ਜਾ ਰਿਹਾ ਹੈ ਕਿ ਇਹ ਕੋਰੋਨਾ ਵਾਇਰਸ ਨੂੰ ਮਾਰ ਸਕਦਾ ਹੈ।

ਇਹ ਲੇਜ਼ਰ ਡਿਵਾਈਸ ਚਾਰ ਦੀਵਾਰੀ ਦੇ ਅੰਦਰ ਮੌਜੂਦ ਕੋਰੋਨਾ ਵਾਇਰਸ ਕਣਾਂ ਨੂੰ ਮਾਰ ਸਕਦਾ ਹੈ। ਇਸ ਨੂੰ ਯੂ ਐੱਨ ਓ ਦੇ ਵਿਗਿਆਨੀਆਂ ਨੇ ਇਟਲੀ ਦੀ ਟੈਕ ਕੰਪਨੀ ਦੇ ਵਿਗਿਆਨੀਆਂ ਨਾਲ ਮਿਲ ਕੇ ਬਣਾਇਆ ਹੈ। ਉਤਰੀ ਇਟਲੀ ਦੇ ਸ਼ਹਿਰ ਟ੍ਰਿਸਟੇ ਵਿਚਲੇ ਇੰਟਰਨੈਸ਼ਨਲ ਸੈਂਟਰ ਫਾਰ ਜੈਨੇਟਿਕ ਇੰਜੀਨੀਅਰਿੰਗ ਐਂਡ ਬਾਇਓਟੈਕਨਾਲੋਜੀ ਅਤੇ ਲੇਜ਼ਰ ਮਸ਼ੀਨ ਬਣਾਉਣ ਵਾਲੀ ਸਥਾਨਕ ਕੰਪਨੀ ਐਲਟੈਕ ਕੇ-ਲੇਜ਼ਰ ਨੇ ਮਿਲ ਕੇ ਇਹ ਕੋਸ਼ਿਸ਼ ਪਿਛਲੇ ਸਾਲ ਸ਼ੁਰੂ ਕੀਤੀ ਸੀ, ਜਦੋਂ ਇਟਲੀ ਕੋਵਿਡ-19 ਦੀ ਮਾਰ ਝੱਲ ਰਿਹਾ ਸੀ। ਇਸ ਡਿਵਾਈਸ ਵਿੱਚ ਹਵਾ ਨੂੰ ਲੇਜ਼ਰ ਬੀਮ ਤੋਂ ਲੰਘਾਇਆ ਜਾਂਦਾ ਹੈ ਤੇ ਉਹ ਵਾਇਰਸ ਅਤੇ ਬੈਕਟੀਰੀਆ ਨੂੰ ਖਤਮ ਕਰ ਦਿੰਦਾ ਹੈ।
ਇੰਟਰਨੈਸ਼ਨਲ ਸੈਂਟਰ ਫਾਰ ਜੈਨੇਟਿਕ ਇੰਜੀਨੀਅਰਿੰਗ ਐਂਡ ਬਾਇਓਟੈਕਨਾਲੋਜੀ ਵਿੱਚ ਕਾਰਡੀਓਵਸਕੁਲਰ ਬਾਇਓਲਾਜੀ ਗਰੁੱਪ ਦੀ ਪ੍ਰਮੁੱਖ ਸੇਰਨਾ ਜਕਨੀਆ ਕਹਿੰਦੀ ਹੈ, ਇਸ ਡਿਵਾਈਸ ਨੇ ਲੇਜ਼ਰ ਟੈਕਨਾਲੋਜੀ ਨੂੰ ਲੈ ਕੇ ਮੇਰੀ ਸੋਚ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਹ ਡਿਵਾਈਸ ਪੰਜਾਹ ਮਿਲੀ ਸੈਕਿੰਡ ਵਿੱਚ ਵਾਇਰਸ ਨੂੰ ਖਤਮ ਕਰ ਦਿੰਦਾ ਹੈ।ਇਸ ਡਿਵਾਈਸ ਬਾਰੇ ਕਈ ਵਿਗਿਆਨੀਆਂ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਮਾਰਨ ਦੀ ਲੇਜ਼ਰ ਆਧਾਰਤ ਤਕਨੀਕ ਸੁਰੱਖਿਅਤ ਨਹੀਂ ਹੋਵੇਗੀ। ਜਰਨਲ ਆਫ ਫੋਟੋਕੈਮਿਸਟਰੀ ਐਂਡ ਫੋਟੋਬਾਇਓਲੋਜੀ ਵਿੱਚ ਪਿਛਲੇ ਸਾਲ ਨਵੰਬਰ ਵਿੱਚ ਪਬਲਿਸ਼ ਹੋਈ ਇੱਕ ਸਟੱਡੀ ਵਿੱਚ ਲੇਜ਼ਰ ਆਧਾਰਤ ਡਿਵਾਈਸ ਨਾਲ ਕੈਂਸਰ ਦਾ ਖਤਰਾ ਦੱਸਿਆ ਗਿਆ ਸੀ। ਜਨਾਟਾ ਤੇ ਜਕਨੀਆ ਦੋਵਾਂ ਨੇ ਏਦਾਂ ਦੀ ਰਿਪੋਰਟ ਨੂੰ ਰੱਦ ਕੀਤਾ ਹੈ। ਇਨ੍ਹਾਂ ਦਾ ਮੰਨਣਾ ਹੈ ਕਿ ਇਸ ਤੋਂ ਨਿਕਲਣ ਵਾਲੀ ਲੇਜ਼ਰ ਕਦੇ ਇਨਸਾਨ ਦੀ ਚਮੜੀ ਦੇ ਸੰਪਰਕ ਵਿੱਚ ਨਹੀਂ ਆਉਂਦੀ, ਇਸ ਲਈ ਇਸ ਨਾਲ ਕੈਂਸਰ ਹੋਣ ਦਾ ਖਤਰਾ ਨਹੀਂ।

## ਕੈਲੀਫੋਰਨੀਆ ਦੇ ਇੱਕ ਘਰ ਵਿੱਚ ਗੋਲੀਬਾਰੀ, ਪੁਲਸ ਅਧਿਕਾਰੀ ਸਣੇ ਪੰਜ ਮੌਤਾਂ


ਸੈਕਰਾਮੈਂਟੋ, 29 ਜੁਲਾਈ (ਪੋਸਟ ਬਿਊਰੋ)- ਕੈਲੀਫੋਰਨੀਆ ਦੀ ਸੈਨ ਵਾਕਿਨ ਵੈਲੀ ਦੇ ਇੱਕ ਘਰ ਵਿੱਚ ਇੱਕ ਸ਼ੱਕੀ ਵਿਅਕਤੀ ਨੇ ਤਿੰਨ ਜਣਿਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮੌਕੇ ਉਪਰ ਪੁੱਜੀ ਪੁਲਸ ਨੇ ਜਦੋਂ ਘਰ ਵਿੱਚ ਵੜਨ ਦੀ ਕੋਸ਼ਿਸ਼ ਕੀਤੀ ਤਾਂ ਇੱਕ ਡਿਪਟੀ ਸ਼ੈਰਿਫ ਦੀ ਵੀ ਗੋਲੀਆਂ ਲੱਗਣ ਕਾਰਨ ਮੌਤ ਹੋ ਗਈ। ਮ੍ਰਿਤਕਾਂ ਵਿੱਚ ਸ਼ੱਕੀ ਦੋਸ਼ੀ ਵੀ ਸ਼ਾਮਲ ਹੈ। ਮਾਰੇ ਗਏ ਡਿਪਟੀ ਦਾ ਨਾਂਅ ਅਜੇ ਨਹੀਂ ਦੱਸਿਆ ਗਿਆ। ਵਾਸਕੋ ਦੇ ਮੇਅਰ ਏਰਿਕ ਗਾਰਸੀਆ ਨੇ ਦੱਸਿਆ ਕਿ ਗੋਲੀਬਾਰੀ ਵਿੱਚ ਇੱਕ ਡਿਪਟੀ ਸ਼ੈਰਿਫ ਜ਼ਖ਼ਮੀ ਵੀ ਹੋਇਆ ਹੈ।

ਮੁੱਢਲੀ ਰਿਪੋਰਟ ਅਨੁਸਾਰ ਗੋਲੀਬਾਰੀ ਦੀ ਸੂਚਨਾ ਮਿਲਣ ਉੱਤੇਓਥੇ ਪੁੱਜੀ ਪੁਲਸ ਨੇ ਜਦੋਂ ਘਰ ਵਿੱਚ ਵੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਉਪਰ ਵੀ ਗੋਲੀਆਂ ਚਲਾਈਆਂ ਗਈਆਂ ਪਰ ਟੀਮ ਦਾ ਬਚਾਅ ਹੋ ਗਿਆ। ਉਪਰੰਤ ਹਾਲਾਤ ਨਾਲ ਨਜਿੱਠਣ ਲਈ ਵਿਸ਼ੇਸ਼ ਟੀਮ ਸੱਦੀ ਗਈ, ਜਦੋਂ ਇਸ ਟੀਮ ਦੇ ਅਧਿਕਾਰੀ ਘਰ ਵਿੱਚ ਦਾਖ਼ਲ ਹੋਏ ਤਾਂ ਸ਼ੱਕੀ ਵਿਅਕਤੀ ਨੇ ਉਨ੍ਹਾਂ ਉਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ, ਜਿਸ ਦੌਰਾਨ ਇੱਕ ਡਿਪਟੀ ਸ਼ੈਰਿਫ ਮਾਰਿਆ ਗਿਆ ਅਤੇ ਇੱਕ ਹੋਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਸਮਝਿਆ ਜਾਂਦਾ ਹੈ ਕਿ ਸ਼ੱਕੀ ਹਮਲਾਵਰ ਦੀ ਮੌਤ ਵਿਸ਼ੇਸ਼ ਟੀਮ ਵੱਲੋਂ ਚਲਾਈਆਂ ਗੋਲੀਆਂ ਨਾਲ ਹੋਈ ਹੈ। ਪੁਲਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤੇ ਆਸ-ਪਾਸ ਦੇ ਲੋਕਾਂ ਕੋਲੋਂ ਘਟਨਾ ਸਬੰਧੀ ਪੁੱਛਗਿੱਛ ਕੀਤੀ ਜਾ ਰਹੀ ਹੈ। ਸੀ ਸੀ ਟੀ ਵੀ ਕੈਮਰਿਆਂ ਦੀ ਵੀ ਮਦਦ ਲਈ ਜਾ ਰਹੀ ਹੈ।



# ਯੂ ਐਫ ਓ- ਅਗਿਆਤ ਉਡਣ ਤਸ਼ਤਰੀਆਂ

ਅਜੀਤ ਸਿੰਘ ਰੱਖੜਾ
905 794 7882



ਉਨੀਵੀ ਸਦੀ ਦੇ ਅਖੀਰ ਚ', ਅਸਮਾਨ ਵਿਚ ਅਗਿਆਤ ਉਡਣ ਵਾਲੀਆ ਚੀਜਾਂ ਦੀ ਚਰਚਾ ਸੁਰੂ ਹੋਈ ਸੀ ਜਦ ਮੈਕਸੀਕੋ ਦੇ ਕਿਸੇ ਖੁਗੋਲ ਵਿਗਿਆਨੀ, ਜੋਸ ਬੋਨਿਲਾ ਨੇ ਇਕ ਅਗਿਆਤ ਉਡਣ ਤਸ਼ਤਰੀ ਦੀ ਫੋਟੋ ਖਿਚੀ ਸੀ। ਉਸਤੋਂ ਬਾਅਦ ਯੂ ਕੇ,ਦੇ ਪ੍ਰਧਾਨ ਮੰਤਰੀ ਵਿਨਸੈਟ ਚਰਚਲ ਨੇ ਅਕਤੂਬਰ 14, 1912 ਨੂੰ ਅਧਿਕਾਰਤ ਤੌਰ ਤੇ ਦਸਿਆ ਸੀ ਕਿ ਹਾਂ ਐਸੀ ਕੋਈ ਚੀਜ਼ ਵੇਖੀ ਗਈ ਹੈ। ਪਹਿਲਾਂ ਐਸੀਆ ਚੀਜ਼ਾ ਨੂੰ ਉਡਣ ਤਸ਼ਤਰੀਆ ਕਿਹਾ ਜਾਂਦਾ ਸੀ ਪਰ 1950 ਵਿਚ ਅਮਰੀਕਾ ਦੇ ਹਵਾਈ ਫੌਜੀ ਅਧਿਕਾਰੀਆ ਨੇ ਇਸਨੂੰ 'ਯੂ ਐਫ ਓ' ਦਾ ਨਾਮ ਦੇ ਦਿਤਾ ਜਿਸ ਦਾ ਮਤਲਬ ਹੈ ਅਨ ਅਡੈਂਟੀਫਾਈਡ ਫੋਰਿਨ ਔਬਜੈਕਟਸ ਯਾਨੀ ਅਗਿਆਤ ਅਤੇ ਪ੍ਰਿਥਵੀ ਤੋਂ ਬਾਹਰੀ ਉਡਣ ਵਾਲੀਆ ਚੀਜਾਂ। ਹੁਣ ਤਕ ਦੁਨੀਆ ਦੇ 26 ਤੋਂ ਵਧ ਮੁਲਕਾ ਵਿਚ ਹਜਾਰਾਂ ਵਾਰੀ ਇਹ ਤਸ਼ਤਰੀਆ ਵੇਖੀਆ ਜਾ ਚੁਕੀਆ ਹਨ। ਕੇਵਲ ਕਨੇਡਾ ਵਿਚ ਹੀ 1000ਤੋਂ ਵਧ ਵਾਰੀ ਐਸਾ ਕੁਝ ਵੇਖਿਆ ਗਿਆ ਹੈ। ਹੈਰਾਨੀ ਇਸ ਗਲ ਦੀ ਹੈ ਕਿ ਅਜੇ ਤਕ ਐਸੇ ਕਿਸੇ ਵੀ ਜਹਾਜ਼ ਨੂੰ ਨਾ ਘੇਰਿਆ ਗਿਆ ਹੈ ਅਤੇ ਨਾ ਹੀ ਇਸ ਨੂੰ ਕਿਸੇ ਨੇ ਨਜ਼ਦੀਕ ਤੋਂ ਵੇਖਿਆ ਹੈ। ਕੇਵਲ ਦੂਰ ਅਸਮਾਨ ਵਿਚ ਉਡਦੇ ਜਰੂਰ ਵੇਖਿਆ ਗਿਆ ਹੈ। ਵੇਖਣ ਵਾਲਿਆ ਵਲੋਂ ਜੋ ਸ਼ਕਲ ਬਿਆਨ ਕੀਤੀ ਜਾਂਦੀ ਹੈ, ਉਸ ਮੁਤਾਬਿਕ ਇਹ ਲਾਟੂ ਵਰਗੇ ਗੋਲ ਅਕਾਰੀ ਜਹਾਜ਼ ਹੁੰਦੇ ਹਨ ਜਾਂ ਤਿਕੋਨੀ ਸ਼ਕਲ ਦੇਹੁੰਦੇ ਹਨ। ਕਦੇ ਕਦਾਈ ਅੰਡੇ ਦੀ ਸ਼ਕਲ ਵੀ ਵੇਖੀ ਗਈ ਹੈ। ਕਦੇ, ਇਕ ਵਡਾ ਜਹਾਜ਼ ਧਰਤੀ ਦੇ ਨਜ਼ਦੀਕ ਆਉਂਦਾ ਹੈ ਅਤੇ ਉਸ ਵਿਚੋਂ ਦੋ ਜਾ ਦੋ ਤੋਂ ਵਧ ਛੋਟੇ ਅਕਾਰ ਦੇ ਜਹਾਜ਼ ਵਖ ਹੁੰਦੇ ਦਿਖਦੇ ਹਨ। ਫਿਰ ਅਲੋਪ ਹੋ ਜਾਂਦੇ ਹਨ।ਗੂਗਲ ਸਰਚ ਕਰੋ ਤਾਂ ਸੈਂਕੜੇ ਯੂ ਟਿਊਬ ਕਲਿਪਸ ਮਿਲਦੇ ਹਨ ਜੋ ਯੂ ਐਫ ਓ ਦੇ ਦਰਿਸ਼ ਦਰਸਾਉਂਦੇ ਹਨ। ਸਭ ਤੋਂ ਦਿਲਚਸਪ ਕਲਿਪ ਫਰਾਸ ਬਾਰੇ ਹੈ, ਜੋ 17 ਅਕਤੂਬਰ 1952 ਵਿਚ ਘਟਤ ਹੋਇਆ ਸੀ। ਇਕ ਪ੍ਰੋਫੈਸਰ ਆਪਣੀ ਫੈਮਲੀ ਨਾਲ ਬੈਠਾ, ਡਿਨਰ ਲਈ ਤਿਆਰ ਹੈ ਕਿ ਉਸਦਾ ਸਕੂਲ ਵਿਚ ਪੜ੍ਹਦਾ 12 ਕੁ ਸਾਲ ਦਾ ਲੜਕਾ ਰੌਲਾ ਪਉਂਦਾ ਹੈ ਕਿਡੈਡੀ ਆਓ ਖਿੜਕੀ ਵਿਚੋਂ ਵੇਖੋ ਆਪਣੇ ਘਰ ਉਪਰ ਕੀ ਮੰਡਰਾ ਰਿਹਾ ਹੈ। ਵੇਖਕੇ ਪਿਤਾ ਆਪਣੀ ਪਤਨੀ ਨੂੰ ਵੀ ਬੁਲਾ ਲੈਂਦਾ ਹੈ। ਸਾਰਾ ਪ੍ਰੀਵਾਰ ਹੈਰਾਨ ਹੈ। ਇਕ ਬਸ ਤੋਂ ਵੀ ਵਡਾ ਜਹਾਜ਼ ਓਨ੍ਹਾ ਦੇ ਵਿਹੜੇ ਵਿਚ ਦਰੱਖਤਾ ਦੇ ਉਪਰ ਹੈਲੀ ਕੌਪਟਰ ਦੀ ਤਰ੍ਹਾ ਇਕ ਜਗਾਹ ਖੜ੍ਹਾ ਹੈ। ਬੜੀ ਤੇਜ਼ ਰੌਸ਼ਨੀ ਨੀਚੇ ਤਕ ਪਹੁੰਚ ਰਹੀ ਹੈ। ਅਚਾਨਕ ਦੋ ਨਿਕੇ ਲਾਟੂ ਨੁਮਾ ਜਹਾਜ਼ ਵਖ ਹੋ ਜਾਂਦੇ ਹਨ। ਵਡੇ ਜਹਾਜ਼ ਵਿਚੋਂ ਮਕੜੀ ਦੇ ਜਾਲੇ ਵਰਗਾ ਚਿਟਾ ਪਦਾਰਥ ਦਰੱਖਤਾ ਉਪਰ ਸੁਟਕੇ ਸਾਰੇ ਜਹਾਜ਼ ਅਲੋਪ ਹੋ ਜਾਂਦੇ ਹਨ। ਪ੍ਰੀਵਾਰ ਦੇ ਮੈਂਬਰ ਘਬਰਾਏ ਨਹੀਂ ਸਗੋਂ ਜਾਲੇ ਨੂੰ ਉਂਗਲਾ ਲਗਾ ਲਗਾ ਵੇਖ ਰਹੇ ਹਨ।ਅਮੂਮਨ ਅਜਿਹੇ ਹਾਦਸੇ ਰਾਤ ਵੇਲੇ ਹੁੰਦੇ ਦਰਸਾਏ ਜਾਂਦੇ ਹਨ।

ਯੂ ਐਫ ਓ ਸਾਈਟਿੰਗਜ਼ (ਦਿਖਣਾ) ਬਾਰੇ ਐਨੀਆਂ ਚਰਚਾਵਾ ਚਲਦੀਆ ਰਹਿੰਦੀਆਂ ਹਨਕਿ ਤਕਰੀਬਨ ਸਭ ਮੁਲਕ ਸਹਿਮਤੀ ਦੇ ਚੁਕੇ ਹਨ ਕਿ ਅਜਿਹੀਆ ਅਫਵਾਹਾਂ ਦੀ ਅਸਲੀਅਤ ਪਤਾ ਕਰਨ ਲਈ ਇਕ ਸੰਸਥਾ ਬਣਾਈ ਜਾਵੇ ਅਤੇ ਇਕ ਦਿਨ ਮਿਥਿਆ ਜਾਵੇ ਜਦ ਸਭ ਮੁਲਕਾਂ ਦੇ ਨੁਮਾਇੰਦੇ ਇਕੱਠੇ ਹੋਕੇ ਆਪਣੀ ਆਪਣੀ ਰੀਪੋਰਟਿੰਗ ਕਰਿਆ ਕਰਨ ਤਾਂ ਜੋਉਨ੍ਹਾ ਉਪਰ ਅਗਲੀ ਖੋਜ ਦਾ ਸਿਲਸਿਲਾ ਚਲਾਇਆ ਜਾਵੇ। ਇਹ ਡੇਟ ਹਰ ਸਾਲ 2 ਜੁਲਾਈ ਨੂੰ ਹੁੰਦੀ ਹੈ। ਨਾਮ ਰਖਿਆ ਗਿਆ ਹੈ 'ਵਰਡ ਯੂ ਐਫ ਓ ਡੇਅ'।ਲੋਕ ਕਥਾਵਾ ਕਹਿੰਦੀਆ ਹਨ ਕਿ ਜਿਸ ਤਰ੍ਹਾ ਸਾਡੇ ਸਾਇੰਸਦਾਨ ਚੰਦਰਮਾ ਅਤੇ ਹੋਰ ਗਰਿਹਾ ਉਪਰ ਪਹੁੰਚਣ ਦੀ ਦੌੜ ਵਿਚ ਲਗੇ ਹੋਏ ਹਨ, ਇਸੇ ਤਰ੍ਹਾ ਕਿਸੇ ਹੋਰ ਧਰਤੀ ਦੇ ਲੋਕ ਸਾਡੀ ਧਰਤੀ ਵੇਖਣ ਲਈ ਆਉਂਦੇ ਹਨ। ਅਜੋਕੀ ਪੁਲਾੜ ਖੋਜ ਮੁਤਾਬਿਕ ਇਹ ਵੀਚਰਚਾ ਹੈ ਕਿ ਚੰਦਰਮਾ ਦਾ ਕਾਲਾ ਹਿਸਾ ਜੋ ਧਰਤੀ ਤੋਂ ਕਦੇ ਵੀ ਨਹੀ ਵੇਖਿਆ ਜਾਂਦਾ, ਉਹ ਪੂਰੀ ਤਰ੍ਹਾ ਵਿਕਸਤ ਹੈ। ਉਥੇ ਲੋਕ ਰਹਿ ਰਹੇ ਹਨ। ਯੂ ਟਿਊਬ ਉਪਰ ਇਕ ਵੀਡੀਓ ਹੈ ਜਿਸਦਾ ਨਾਮ ਹੈ 'ਫਾਈਵ ਐਵੀਡੈਂਸਜ਼ ਆਫ ਏਲੀਅਨ ਲਾਈਫ ਔਨ ਮੂਨ'। ਦਰਸਾਇਆ ਗਿਆ ਹੈ ਕਿ ਉਥੇ ਬਹੁਤ ਉਚੇ ਉਚੇ ਮੀਨਾਰ ਹਨ। ਵਡੇ ਵਡੇ ਐਟੀਨਾ ਦਿਖਦੇ ਹਨ। ਇਕ ਬਹੁਤ ਵਡੇ ਇਨਸਾਨੀ ਸਟੈਚੂ ਦੀ ਪਰਛਾਈ ਦਿਖਦੀ ਹੈ। ਤਿਖੀਆ ਰੌਸ਼ਨੀਆ ਨਜ਼ਰ ਆ ਰਹੀਆ ਹਨ। ਇਕ ਆਇਤਾਕਾਰ ਮੈਦਾਨ ਹੈ ਜੋ ਸ਼ਾਇਦ ਹਵਾਈ ਜਹਾਜਾਂ ਦਾ ਅੱਡਾ ਹੈ। ਇਕ ਚੌਰਸ ਦਰਵਾਜ਼ਾ ਦਿਖਦਾ ਹੈ ਜੋ ਸ਼ਾਇਦ ਧਰਤੀ ਸਤਿਹ ਤੋਂ ਨੀਚੇ ਜਾਣ ਦਾ ਰਸਤਾ ਹੈ। 'ਵੀਅਰਡ ਵਰਡ' ਯੂ ਟਿਊਬਰ ਵਲੋਂ ਬਣਾਈ ਗਈਇਹ ਵੀਡੀਓ ਹੈ। ਅਜਕਲ ਨਾਸਾ ਦਾ ਇਕ ਪਰਸੀਵਰੈਂਸਰੋਵਰ ਮੰਗਲ ਤਾਰੇ ਉਪਰ ਖੋਜ ਕਰ ਰਿਹਾ ਹੈ। ਉਸਨੇ ਇਕ ਖਰਾਬ ਹੋ ਚੁਕੇ ਯੂ ਐਫ ਓ ਦੀ ਫੋਟੋ ਭੇਜੀ ਹੈ ਜੋ ਅਧਾ ਕੁ ਧਰਤੀ ਵਿਚ ਖੁਭ ਚੁਕਾ ਹੈ। ਸ਼ਕਲ ਉਸਦੀ ਵੀ ਉਡਣ ਤਸ਼ਤਰੀ ਵਰਗੀ ਹੀ ਹੈ। ਯਾਦ ਰਹੇ ਕਿ ਅਜਿਹੀਆਂ ਕਲਪਿਸ ਅਸਲੀ ਨਹੀਂ ਹੁੰਦੀਆ। ਸੁਣੀਆ ਘਟਨਾਵਾਂ ਨੂੰ ਐਨੀਮੇਸ਼ਨ ਰਾਹੀ ਕਲਪਿਸ ਬਣਾਏ ਹੁੰਦੇ ਹਨ। ਜਿਵੇਂ ਆਮ ਪਿਕਚਰਾ ਵਿਚ ਵੇਖੀਦਾ ਹੈ। ਇਕ ਮੁਕੇ ਨਾਲ ਬੰਦਾ ਹਵਾ ਵਿਚ ਉਡਦਾ ਵਿਖਾ ਦੇਂਦੇ ਹਨ।

ਇੰਗਲੈਂਡ ਵਿਚ ਇਕ ਨੌਰਫੋਕ ਕਉਂਟੀ ਏਰੀਆ ਹੈ ਜੋ ਯੂ ਐਫ ਓ ਸਾਈਟਿੰਗਜ਼ ਵਾਸਤੇ ਬਹੁਤ ਮਸ਼ਹੂਰ ਹੈ। ਇਸ ਇਲਾਕੇ ਵਿਚ ਹਵਾਈਤਸ਼ਤਰੀਆ ਵੇਖੇ ਜਾਣ ਦੀਆ ਚਰਚਾਵਾ ਆਮ ਚਲਦੀਆ ਰਹਿੰਦੀਆ ਹਨ। ਤਕਰੀਬਨ 300 ਲੋਕ ਕਹਿ ਚੁਕੇ ਹਨ ਕਿ ਉਨ੍ਹਾ ਨੇ ਹਰੇ ਰੰਗ ਦੇ ਏਲੀਅਨ ਵੇਖੇ ਹਨ ਅਤੇ ਉਨ੍ਹਾ ਨੇ ਏਲੀਅਨ ਮਰਦਾਂ ਅਤੇ ਔਰਤਾ ਨਾਲ ਸਰੀਰਕ ਸੰਬੰਧ ਵੀ ਬਣਾਏ ਹਨ। ਜਿਵੇਂ ਧਰਤੀ ਦੇ ਲੋਕ ਬਦਾਮੀ ਰੰਗ ਦੇ ਹਨ ਇਵੇਂ ਏਲੀਅਨਜ਼ ਹਰੇ ਰੰਗ ਦੇ ਹਨ। ਕਪੜੇ ਨਹੀਂ ਪਹਿਨਦੇ ਅਤੇ ਸਰੀਰ ਉਪਰ ਕੋਈ ਵਾਲ ਨਹੀਂ ਹੁੰਦੇ। ਬਾਕੀ ਸਰੀਰ ਦੀ ਨਿਸਬਤ ਅਖਾ ਬਹੁਤ ਵਡੀਆ ਹਨ। ਇਨ੍ਹਾ ਅਫਵਾਹਾ ਦੇ ਚਲਦਿਆ ਇਕ ਸਰਵੇ ਕੰਪਨੀ ਦੀ ਵੈਬਸਾਈਟ (ਬਜ਼ਬਿੰਗੋ ਡੌਟ ਕੌਮ) ਦੇ ਡੇਵਿਡ ਐਂਬਰਮਜ਼ ਨੇਲੋਕਾਂ ਨਾਲ ਮੀਟਿੰਗਾ ਕੀਤੀਆ ਅਤੇ ਅਸਲੀਅਤ ਪਤਾ ਕਰਨ ਦੀ ਕੋਸ਼ਿਸ਼ ਕੀਤੀ। ਐਡੀ ਗਿਣਤੀ ਵਿਚ ਲੋਕਾਂ ਦੇ ਦਾਅਵੇ ਮੂਹਰੇ ਉਸ ਨੂੰ ਮੰਨਣਾ ਪਿਆ ਕਿ ਕੁਝ ਸਚ ਤਾਂ ਜਰੂਰ ਹੈ। ਦਾਅਵਾ ਕਰਨ ਵਾਲੇ ਲੋਕਾਂ ਵਿਚ ਵਖ ਵਖ ਸ਼ਹਿਰਾ ਦੇ ਬੰਦੇਸਨ, ਜਿਨ੍ਹਾ ਵਿਚ ਬ੍ਰਿਸਟਲ, ਲਿਵਰਪੂਲ ਅਤੇ ਨੌਰਵਿਚ ਸ਼ਹਿਰਾਂ ਦੇ ਵਸਨੀਕ ਸਨ। ਇਸੇ ਤਰ੍ਹਾ ਅਮਰੀਕਾ ਵਿਚ ਇਕ ਸਰਕਾਰੀ ਖੇਤਰ ਦਾ ਨਾਮ ਏਰੀਆ 51 ਹੈ ਜੋ ਨਵਾਡਾ ਸਟੇਟ ਵਿਚ ਹੈ। ਇਹ ਬੇਸ ਏਅਰਫੋਰਸ ਮਿਲਟਰੀ ਦੇ ਤਹਿਤ ਕੰਮ ਕਰਦਾ ਹੈ। ਇਸਨੂੰ ਲੋਕਾਂ ਦੀ ਨਿਗਾਹ ਤੋਂ ਦੂਰ ਰਖਿਆ ਗਿਆ ਹੈ। ਇਹ ਏਰੀਆ ਮਿਲਟਰੀ ਖੋਜਾਂ ਵਾਸਤੇ ਰਾਖਵਾਂ ਹੈ। ਕੋਈ ਗੈਰ ਆਦਮੀ ਇਸ ਜਗਾਹ ਵੇਖ ਲਿਆ ਜਾਵੇ ਤਾਂ ਸਿੱਧਾ ਮਾਰ ਦਿਤਾ ਜਾਂਦਾ ਹੈ। ਅਫਵਾਹਾ ਹਨ ਕਿ ਅਮਰੀਕੀ ਸਰਕਾਰ ਕੋਲ ਏਲੀਅਨ ਅਤੇ ਯੂ ਐਫ ਓ ਬਾਰੇ ਬਹੁਤ ਸਾਰੀਆ ਸਚਾਈਆ ਹਨ ਪਰ ਇਹ ਸਭ ਕੁਝ ਆਮ ਜੰਤਾ ਕੋਲੋ ਛੁਪਾਇਆ ਜਾਂਦਾ ਹੈ ਤਾਂ ਜੋ ਲੋਕਾਂ ਵਿਚ ਡਰ ਅਤੇ ਭੈਅ ਦੀ ਹਲਚਲ ਨਾ ਮਚ ਜਾਵੇ। ਅਫਵਾਹਾ ਇਥੋਂ ਤਕ ਹਨ ਕਿ ਸਰਕਾਰ ਕੋਲ ਯੂ ਐਫ ਓ ਜਹਾਜ਼ ਅਤੇ ਇਨ੍ਹਾ ਦੇ ਡਰਾਈਵਰ ਏਲੀਅਨਜ਼ ਭੀ ਗਰਿਫਤ ਵਿਚ ਹਨ ਜਿਨ੍ਹਾ ਨਾਲ ਗਲਬਾਤ ਕਰਨ ਦੇ ਤਰੀਕੇ ਢੂੰਡੇ ਜਾ ਰਹੇ ਹਨ। ਏਰੀਆ 51 ਦੀ ਹੋਂਦ ਤੋਂ ਬੜੀ ਦੇਰ ਤਕਅਮਰੀਕੀ ਸਰਕਾਰ ਮੁਕਰਦੀ ਰਹੀ ਸੀ ਪਰ ਜਦ ਰਾਈਟ ਆਫ ਇਨਫਰਮੇਸ਼ਨ ਦੇ ਤਹਿਤ, ਪੁਛਗਿਸ਼ ਨੇ ਜੋਰ ਫੜਿਆ ਤਾਂ 25 ਜੂਨ 2013ਨੂੰ ਸਰਕਾਰ ਨੇ ਮੰਨਿਆ ਸੀ



ਕਿ ਹਾਂ ਐਸੀ ਜਗਾਹ ਹੈ ਜਿਥੇ ਏਅਰਫੋਰਸ ਆਪਣੇ ਨਵੇਂ ਨਵੇਂ ਜਹਾਜ਼ ਟੈਸਟ ਕਟਦੀ ਹੈ ਅਤੇ ਪਾਇਲਟਸ ਨੂੰ ਟਰੇਨਿੰਗ ਦਿਤੀ ਜਾਂਦੀ ਹੈ।

ਕਨੇਡਾ ਦੀ ਸਰਕਾਰ ਇਸ ਪਾਸੇ ਬਹੁਤਾ ਧਿਆਨ ਨਹੀਂ ਦੇ ਰਹੀ। ਕੇਵਲ ਇਕ ਬੰਦੇ ਨੇ ਇਸਨੂੰ ਬਹੁਤਾ ਪ੍ਰਚਾਰਿਆ ਸੀ। ਦਸੰਬਰ 1950 ਵਿਚ ਟਰਾਂਸਪੋਰਟ ਕੈਨਾਡਾ ਦਾ ਇਕ ਰੈਡੀਓ ਐਨਜੀਨੀਅਰ 'ਵਿਲਬਰਟ ਬਰੁਕਹਊਸ ਸਮਿਥ' ਨੇ ਆਪਣੇ ਤੌਰ ਤੇ ਸੰਸਥਾ ਬਣਾਕੇ 'ਪਰੋਜੈਕਟ ਮੈਗਨਿਟ' ਸ਼ੁਰੂ ਕੀਤਾ ਸੀ ਜੋ ਯੂ ਐਫ ਓ ਸਾਈਟਿੰਗਜ਼ ਦੀ ਖੋਜ ਕਰਦਾ ਸੀ। ਉਸਤੋਂ ਬਾਅਦ ਸਰਕਾਰੀ ਤੌਰ ਤੇ ਅਪਰੈਲ 1952 ਵਿਚ ਇਕ ਕਮੇਟੀ ਬਣਾਈ ਗਈ ਜਿਸ ਵਿਚ ਮਿਸਟਰ ਸਮਿਥ ਨੂੰ ਵੀ ਲਿਆ ਗਿਆ। ਕਮੇਟੀ ਦਾ ਨਾਮ ਸੀ 'ਪਰੋਜੈਕਟ ਸੈਕਿੰਡ ਸਟੋਰੀ'। 1960 ਵਿਚ ਸਮਿਥ ਦੀ ਮੌਤ ਬਾਅਦ ਤਕਰੀਬਨ ਸਭ ਕੁਝ ਬੰਦ ਹੀ ਹੋ ਗਿਆ। ਸਮਿਥ ਦਾ ਕਹਿਣਾ ਸੀ ਕਿ ਦਿਖਣ ਵਾਲੇ ਯੂ ਐਫ ਓ ਜਹਾਜ, ਨਿਰਸੰਧੇਹ ਧਰਤ-ਪਰ੍ਹੇ ਤੋਂ ਆਉਂਦੇ ਹਨ ਅਤੇ ਇਨ੍ਹਾ ਵਾਸਤੇ ਮਗਨੈਟਿਕ ਸਾਇੰਸ ਦਾ ਇਸਤੇਮਾਲ ਹੁੰਦਾ ਹੈ। ਇਸ ਸਾਇੰਸ ਨੂੰ ਧਰਤੀ ਦੇ ਲੋਕ ਨਹੀਂ ਜਾਣਦੇ। ਇਸ ਲਈ ਸਾਨੂੰ ਖੋਜ ਕਰਕੇ ਪਤਾ ਕਰਨਾ ਚਾਹੀਦਾ ਹੈ ਕਿ ਇਹ ਕੀ ਹੈ ਅਤੇ ਧਰਤੀ ਦੇ ਲੋਕਾਂ ਵਾਸਤੇ ਇਕ ਨਵਾਂ ਸੋਰਸ ਆਫ ਅਨੱਰਜੀ ਲਭਣਾ ਚਾਹੀਦਾ ਹੈ। ਉਹ ਇਹ ਵੀ ਕਹਿੰਦਾ ਸੀ ਕਿ ਧਰਤੀ ਤੋਂ ਬਾਹਰੀ ਲੋਕਾਂ ਨਾਲ ਉਸਦਾ ਸੰਪਰਕ ਵੀ ਹੈ ਜੋ ਟੈਲੀਪੈਥੀ ਦੇ ਮਾਧਿਅਮ ਰਾਹੀਂ ਕੀਤਾ ਜਾ ਰਿਹਾ ਹੈ। ਮਾਜੂਦਾ ਸਮੇ ਮੈਨੀਟੋਬਾ ਦੇ ਵਿਨੀਪੈਗ ਸ਼ਹਿਰ ਵਿਚ ਯੂਫੋਲੋਜੀ ਰੀਸਰਚ ਸੈਂਟਰ ਹੈ ਜਿਸ ਵਿਚ ਯੂਫੋਲੋਜਿਸਟ ਕਰਿਸ ਰੈਟਕੋਵਕਸੀ ਨਾਮ ਦਾ ਪਰੋਫੈਸਰ, ਸਰਗਰਮ ਹੈ ਜੋ ਸਲਾਨਾ ਰੀਪੋਰਟ ਤਿਆਰ ਕਰਦਾ ਹੈ। ਉਸ ਮੁਤਾਬਿਕ ਕਰੋਨਾ ਪੈਂਡਮਿਕ ਦੌਰਾਨ ਯੂਅਫ ਓ ਵੇਖਣ ਦੇ ਕੇਸਾ ਵਿਚ ਇਜ਼ਾਫਾ ਹੋਇਆ ਹੈ। ਸ਼ਾਇਦ ਇਸ ਸਮੇ ਲੋਕ ਵਿਹਲੇ ਹੋਣ ਕਾਰਣ ਅਸਮਾਨ ਵਲ ਵਧ ਵੇਖਦੇ ਹਨ।

ਕਨੇਡਾ ਵਿਖੇ ਮੈਨੀਟੋਬਾ ਵਿਚ ਸਭ ਤੋਂ ਜ਼ਿਆਦਾ ਕੇਸ ਹੁੰਦੇ ਹਨ, ਜਦਕੇ ਇਹ ਕੁਝ ਬੀਸੀ, ਉਂਟਾਰੀਓ, ਅਲਬਰਟਾ ਅਤੇ ਸੈਸਕੈਚਵਿਨ ਵਿਚ ਵੀ ਵੇਖਿਆ ਜਾਦਾ ਹੈ। ਮੈਨੀਟੋਬਾ ਦੇ ਇਕ ਭਰੋਸੇ ਯੋਗ ਕੇਸ ਵਿਚ ਦੋਂ ਬੰਦੇ ਯੂ ਐਫ ਓ ਨੂੰ ਨਜ਼ਦੀਕ ਤੋਂ ਵੇਖਣ ਲਈ ਉਸਦੇ ਲਾਗੇ ਗਏ ਜੋ ਧਰਤੀ ਉਪਰ ਟਿਕਿਆ ਬੈਠਾ ਸੀ। ਸਟੀਫਨ ਮੈਕਲਿਕ ਥੋਹੜਾ ਦਿਲਚਲਾ ਸੀ। ਜਦ ਉਸਨੇ ਚਮਕ ਰਹੇ ਗੋਲ ਜਹਾਜ਼ ਨੂੰ ਹਥ ਲਗਾਇਆ ਤਾਂ ਉਸਨੂੰ ਸ਼ੌਕ ਜਿਹਾ ਲਗਾ। ਫਿਰ ਉਸ ਉਪਰ ਅਗ ਦਾ ਵਾਰ ਹੋਇਆ ਅਤੇ ਭਜਦੇ ਹੋਏ ਦੇ ਕਪੜਿਆ ਨੂੰ ਅਗ ਲਗ ਗਈ। ਛਾਤੀ ਉਪਰ ਸੜਨ ਦੇ ਨਿਸ਼ਾਨ ਪੈ ਗਏ। ਹਸਪਤਾਲ ਦੇ ਇਲਾਜ ਤੋਂ ਬਾਅਦ ਉਹ ਨਿਸ਼ਾਨ ਹਾਲਾਂ ਤਕ ਵੀ ਉਸਦੇ ਸਰੀਰ ਉਪਰ ਵੇਖੇ ਜਾ ਸਕਦੇ ਹਨ। ਉਹੀ ਨਿਸ਼ਾਨ ਉਸਦੀ ਸ਼ਰਟ ਉਪਰ ਵੀ ਦੇਖੇ ਗਏ ਸਨ। ਜਿਵੇਂ ਗਰਿਲ ਦੇ ਨਿਸ਼ਾਨ ਹੋਣ। ਇਸ ਤੋਂ ਇਲਾਵਾ ਮੈਨੀਟੋਬਾ ਦੇ ਇਕ ਹੋਰ ਕੇਸ ਵਿਚ,ਜਿਸ ਨੂੰ ਇਕ ਕਿਸਾਨ ਨੇ ਰੀਪੋਰਟ ਕੀਤਾ ਸੀ। ਉਸਨੇ ਗੋਲ ਜਹਾਜ਼ ਰਾਹੀ ਫਸਲਾਂ ਵਾਲੇ ਖੇਤ ਵਿਚ ਗੋਲ ਨਿਸ਼ਾਨ ਬਣੇ ਦਿਖਾਏ। ਫਸਲਾਂ ਵਢੀਆਂ ਨਹੀਂ ਗਈਆ ਸਗੋਂ ਸੁਹਾਗੀਆ ਗਈਆ ਸਨ।

ਭਾਵੇਂ ਦੁਨੀਆ ਭਰ ਦੇ 26 ਮੁਲਕ ਹਨ ਜੋ ਯੂ ਐਫ ਓ ਬਾਰੇ ਜਾਣਕਾਰੀਆ ਸਾਝੀਆ ਕਰਦੇ ਹਨ ਜਿਨ੍ਹਾ ਵਿਚ ਦੂਰ ਦੁਰਾਡੇ ਅਸਟਰੇਲੀਆ, ਅਫਰੀਕਾ, ਜਪਾਨ ਕੋਰੀਆ ਅਤੇ ਸੋਵੀਅਤ ਲੈਂਡ ਵੀ ਹਨ। ਬਹੁਤੇ ਮੁਲਕ ਪਛਮੀ ਗੋਲਾਰਧ ਦੇ ਹਨ ਜਿਵੇਂ ਕਿ ਮੈਕਸੀਕੋ,ਨੀਊਜ਼ੀਲੈਂਡ, ਹੰਗਰੀ, ਇਟਲੀ ਅਤੇ ਸਵੀਡਨ ਵਗੈਰਾ। ਕੇਵਲ ਪੰਜ ਮੁਲਕ ਐਸੇ ਹਨ ਜਿਨ੍ਹਾ ਨੇ ਸਰਕਾਰੀ ਫੰਡਿੰਗ ਨਾਲ ਕੋਈ 17 ਸੰਸਥਾਵਾ ਚਾਲੂ ਕਰ ਰਖੀਆ ਹਨ ਜੋ ਬਾਕਾਇਦਾ ਚਰਚਿਤ ਵਿਸ਼ੇ ਉਪਰ ਰੀਸਰਚ ਕਰ ਰਹੀਆ ਹਨ। ਇਨ੍ਹਾ ਵਿਚ ਕਨੇਡਾ ਦਾ 'ਪ੍ਰਜੈਕਟ ਮੈਗਨਟ' ਜਾਂ ਪ੍ਰਜੈਕਟ ਸੈਕਿੰਡ ਸਟੋਰੀ ਵੀ ਸ਼ਾਮਲ ਸਨ। ਸਭ ਤੋਂ ਵਧ ਸੰਸਥਾਵਾ ਯੂ ਐਸ ਏ ਦੀਆ ਹਨ ਜਿਨ੍ਹਾ ਦੀ ਗਿਣਤੀ 12 ਹੈ। ਉਸਤੋਂ ਬਾਅਦ ਯੂਕੇ ਦੀਆਂ 2, ਸੋਵੀਅਤ ਯੂਨੀਅਨ, ਕੈਨਾਡਾ ਅਤੇ ਬਰਾਜ਼ੀਲ ਦੀ ਇਕ ਇਕ। ਅਧਿਕਾਰਤ ਤੌਰ ਤੇ ਹਾਲਾਂ ਕਿਸੇ ਵੀ ਸੰਸਥਾ (ਡੀਪਾਰਟਮੈਂਟ) ਨੇ ਯੂਐਫ ਓ ਦੀ ਹੋਂਦ ਬਾਰੇ ਸਬੂਤਾ ਸਮੇਤ ਐਲਾਨ ਨਹੀਂ ਕੀਤਾ।

ਯੂ ਐਫ ਓ ਦਾ ਵਿਸ਼ਾ ਐਨਾ ਦਿਲਚਸਪ ਹੈ ਕਿ ਅਨੇਕਾ ਟੀਵੀ ਪ੍ਰੋਗਰਾਮ ਇਸ ਵਿਸ਼ੇ ਉਪਰ ਚਲ ਰਹੇ ਹਨ। ਜਿਵੇਂ ਟੀਵੀ ਕੁਐਸਟ, ਟੀਵੀ-51, ਟੀਵੀ ਸੈਕਸ਼ਨ-51, ਸਿੰਪਲੀ ਸਪੇਸ,ਵਾਚ ਮੌਜੋ, ਰਹੱਸ ਅਤੇ ਅਨੇਕਾਂ ਹੋਰ ਸ਼ੋਅ ਜਿਨਾਂ ਵਿਚੋਂ ਏਨਸ਼ੈਂਟ ਏਲੀਅਨਜ਼, ਇਨ ਸਰਚ ਆਫ ਏਲੀਅਨਜ਼, ਯੂਐਫ ਓਜ਼, ਏਲੀਅਨ ਹਾਈਵੇ ਅਤੇ ਅਨਸੀਲਡ ਏਲੀਅਨ ਫਾਈਲਜ਼, ਬਹੁਤ ਵੇਖੇ ਜਾਂਦੇ ਹਨ। ਦਰਅਸਲ ਸੰਸਾਰ ਵਿਚ ਕਈ ਐਸੇ ਵਿਸ਼ੇ ਹਨ ਜਿਨ੍ਹਾ ਦੀ ਸਚਾਈ ਹਮੇਸ਼ਾ ਗੋਪਨੀਯ ਰਹਿੰਦੀ ਹੈ। ਜਿਵੇਂ ਪੁਨਰ ਜਨਮ ਦੀ ਥੀਊਰੀ, ਭੁਤ ਚੁੜੇਲਾਂ ਦੀਹੋਂਦ ਅਤੇ ਨਰਕ ਸੁਰਗ ਦਾਵਿਸ਼ਵਾਸ ਵਗੈਰਾ। ਅਜਿਹਾ ਹੀ ਵਿਸ਼ਾ ਸਾਡੇ ਹਥਲੇ ਲੇਖ ਦਾ ਹੈ। ਅਫਵਾਹਾ ਕਹਿੰਦੀਆ ਹਨ ਕਿ ਇਹ ਸਭ ਕੁਝ ਯੂ ਐਸ ਏ, ਦੇ ਗੁਪਤਚਰ ਵਿਭਾਗ ਦੀ ਦੇਣ ਹੈ। ਉਨ੍ਹਾ ਨੇ ਹੀ ਇਹ ਡਰਾਮਾ ਚਾਲੂ ਕੀਤਾ ਹੈ ਤਾਂ ਜੋ ਉਨ੍ਹਾ ਦੀਆ ਫੌਜੀ ਸਰਗਰਮੀਆ ਦੀ ਭਿਣਕ ਕਿਸੇ ਨੂੰ ਨਾ ਲਗੇ ਕਿ ਉਹ ਕੀ ਕੁਝ ਕਰ ਰਹੇ ਹਨ। ਹੋ ਸਕਦੈ ਯੂਐਫ ਓ ਨਾਮਕ ਜਹਾਜ਼ ਉਨ੍ਹਾ ਦੀ ਹੀ ਕਿਰਤ ਹੋਣ ਜੋ ਦੁਨੀਆ ਭਰ ਦੇ ਮੁਲਕਾਂ ਦੀ ਗੁਪਤ ਜਸੂਸੀ ਕਰਦੇ ਹੋਣ। ਏਲੀਅਨਜ਼ ਅਤੇ ਯੂਐਫ ਓ ਦੀ ਮਨਘੜਤ ਡਰਾਮੇਬਾਜੀ ਨਾਲ ਲੋਕਾਂ ਨੂੰ ਮੂਰਖ ਬਣਾ ਰਹੇ ਹੋਣ। ਪਰ ਦੂਸਰੇ ਪਾਸੇ ਇਹ ਘਟਨਾਵਾਂ ਬਹੁਤ ਪੁਰਾਣੀਆ ਵੀ ਦਸੀਆ ਜਾਂਦੀਆ ਹਨ। 15ਵੀ ਅਤੇ 16ਵੀ ਸਦੀ ਵਿਚ ਵੀ ਉਡਣ ਤਸ਼ਤਰੀਆ ਬਾਰੇ ਜ਼ਿਕਰ ਮਿਲਦੇ ਹਨ। ਸੰਸਾਰ ਵਿਚ ਬਹੁਤ ਕੁਝ ਐਸਾ ਹੈ ਜੋ ਸਾਇੰਸ ਦੀ ਕਸਵਟੀ ਉਪਰ ਹਾਲਾ ਤਕ ਪ੍ਰਖਿਆ ਨਹੀਂ ਜਾ ਸਕਿਆ। ਇਨ੍ਹਾ ਨੂੰ ਰਹੱਸ ਜਾਂ ਮਿਸਟਰੀ ਕਿਹਾ ਜਾਂਦਾ ਹੈ। ਸਰਕਾਰਾਂ ਉਨ੍ਹਾ ਗਲਾਂ ਉਪਰ ਹੀ ਵਿਚਾਰ ਕਰਦੀਆ ਜਨ ਜੋ ਕਿਸੇ ਕਨੂੰਨ ਦੇ ਦਾਇਰੇ ਵਿਚ ਆਉਦੀਆਂ ਹੋਣ। ਭੂਤ ਚੁੜੇਲਾਂ ਬਾਰੇ ਐਨੀਆ ਕਹਾਣੀਆ ਪ੍ਰਚਲਤ ਹਨ ਕਿ ਪੁਛੋ ਨਾ ਪਰ ਇਨ੍ਹਾ ਹਾਦਸਿਆ ਦੀ ਤਫਤੀਸ਼ ਪੋਲੀਸ ਨਹੀਂ ਕਰਦੀ ਕਿਓ ਕਿ ਪੁਲੀਸ ਇਨ੍ਹਾ ਉਪਰ ਵਿਸ਼ਵਾਸ ਨਹੀਂ ਕਰਦੀ। ਪੁਨਰ ਜਨਮ ਦੀ ਗਲ ਦੇ ਅਨੇਕਾ ਸਬੂਤ ਮਿਲ ਚੁਕੇ ਹਨ ਪਰ ਇਨ੍ਹਾ ਦੇ ਅਧਾਰ ਉਪਰ ਕਿਸੇ ਉਪਰ ਕਨੂੰਨੀ ਕਾਰਵਾਈ ਨਹੀਂ ਹੋ ਸਕਦੀ। ਮੁਲਕਾਂ ਦੇ ਕਨੂੰਨ ਅਤੇ ਪ੍ਰਚਲਤ ਸਾਇੰਸ ਪੁਨਰਜਨਮ ਨੂੰ ਨਹੀਂ ਮੰਨਦੇ। ਸਮਾਜਕ ਲੋਕ ਜੋ ਹਿੰਦੂ, ਸਿੱਖ, ਈਸਾਈ ਅਤੇ ਮੁਸਲਿਮ ਧਰਮ ਤੋਂ ਇਲਾਵਾ ਕਈ ਹੋਰ ਧਰਮ ਹਨ ਜੋ ਪੁਨਰਜਨਮ ਅਤੇ ਆਤਮਾ ਵਿਚ ਪੂਰਾ ਯਕੀਨ ਕਰਦੇ ਹਨ। ਯੂ ਐਫ ਓ ਦੀ ਤਰ੍ਹਾਂ ਯੂ ਟਿਊਬ ਉਪਰ ਸੈਂਕੜੇ ਕਲਿਪਸ ਹਨ ਜੋ ਪੁਨਰ ਜਨਮ ਨੂੰ ਦਰਿੜ ਕਰਦੇ ਹਨ।

ਅਜ ਦਾ ਸਮਾ ਐਸੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਜੋ ਪਹਿਲਾਂ ਤੋਂ ਬਹੁਤ ਅਲੱਗ ਹੈ। ਸਾਇੰਸ ਨੇ ਬਹੁਤ ਕੁਝ ਬਾਰੇ ਪੁਰਾਣੇ ਵਹਿਮ ਖਤਮ ਕੀਤੇ ਹਨ। ਪਹਿਲੋਂ ਧਰਤੀ ਨੂੰ ਕਾਇਨਾਤ ਦਾ ਸੈਂਟਰ ਕਿਹਾ ਜਾਂਦਾ ਸੀ। ਸੂਰਜ ਚੰਦ ਵਗੈਰਾ ਧਰਤੀ ਦੁਆਲੇ ਪ੍ਰਕਰਮਾ ਕਰਦੇ ਦਸੇ ਜਾਂਦੇ ਸਨ। ਧਰਤੀ ਸਮਤਲ ਹੈ, ਵਰਗੇ ਵਹਿਮ ਪ੍ਰਚਲਤ ਸਨ। ਅਜੋਕੀ ਸਾਇੰਸ ਨੇ ਸਾਬਤ ਕਰ ਦਿਤਾ ਹੈ ਕਿ ਉਹ ਸਭ ਵਹਿਮ ਸਨ। ਸੂਰਜ ਦੇ 9 ਗਰਿਹਾ ਬਾਰੇ ਬਹੁਤ ਕੁਝ ਪਤਾ ਲਗ ਚੁਕਾ ਹੈ। ਅਸਮਾਨੀ ਦਿਖਦੀਆ ਧਰਤੀਆ ਸਭ ਗੋਲ ਹਨ ਅਤੇ ਇਕ ਦੂਸਰੇ ਦੇ ਦੁਆਲੇ ਘੁੰਮ ਰਹੀਆਂ ਹੰਨ। ਹਾਲਾ ਵੀ ਬਹੁਤ ਕੁਝ ਐਸਾ ਹੈ ਜਿਸਨੂੰ ਸਾਇੰਸ ਹੱਥ ਨਹੀਂ ਪਾ ਸਕੀ ਜਾਂ ਨਹੀਂ ਪਾ ਰਹੀ। ਹਾਂ ਪੱਖੀ ਗਲ ਇਹ ਹੈ ਕਿ ਯੂ ਐਫ ਓ ਬਾਰੇ ਸਰਕਾਰੀ ਤੌਰ ਉਪਰ ਵੀ ਖੋਜਾਂ ਹੋ ਰਹੀਆ ਹਨ। ਜਿਸ ਕਾਹਲ ਨਾਲ ਸਪੇਸ ਸਾਇੰਸ ਅਗੇ ਵਧ ਰਹੀ ਹੈ ਅਤੇ ਅਜੀਬੋ ਗ੍ਰੀਬ ਖੋਜਾਂ ਸਾਹਮਣੇ ਆ ਰਹੀਆਂ ਹਨ ਕੋਈ ਅਲੋਕਾਰੀ ਨਹੀਂ ਹੋਵੇਗੀ ਕਿ ਇਕ ਦਿਨ ਇਹ ਖਬਰ ਵੀ ਆ ਜਾਵੇ ਕਿ ਸੂਰਜ ਮੰਡਲ ਦੇ ਗ੍ਰਿਹਾਂ ਵਿਚ ਬਹੁਤਿਆ ਉਪਰ ਜੀਵਨ ਹੈ ਅਤੇ ਕਥਤ ਯੂਐਫ ਓ ਸਚਮੁਚ ਸਾਡੇ ਗਵਾਢੀਆਂ ਵਲੋਂ ਸਾਡੇ ਤਕ ਪਹੁੰਚਣ ਦੀ ਕੋਸ਼ਿਸ਼ ਦਾ ਹਿਸਾ ਹਨ।


## ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:

416556 6884

## ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

## ਹੈਂਡੀਮੈਨ ਦੀ ਲੋੜ


ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

## Steinmetz & Associates

PERSONAL INJURY LAWYERS






BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## Visions of Punjab




VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com




Serving the South Asian Community Since 1976

jobs! jobs! jobs! jobs! jobs!

## HELP WANTED

DUNDAS · JAFINE

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department

# ਬਰੈਂਪਟਨ ਨੂੰ 450 ਜ਼ੀਰੋ-ਐਮੀਸ਼ਨ ਬੱਸਾਂ ਦੀ ਖਰੀਦ ਲਈ ਮਿਲੇਗੀ 400 ਮਿਲੀਅਨ ਡਾਲਰ ਦੀ ਇਤਿਹਾਸਕ ਰਾਸ਼ੀ, ਬਰੈਂਪਟਨ ਨੂੰ ਗ੍ਰੀਨ ਸਿਟੀ ਬਣਾਉਣ ਵਿੱਚ ਹੋਵੇਗੀ ਵੱਡੀ ਸਹਾਇਤਾ

**ਬਰੈਂਪਟਨ ਵਾਸੀਆਂ ਦਾ ਸਫ਼ਰ ਸੁਖਾਲਾ ਹੋਵੇਗਾ, ਪ੍ਰਦੂਸ਼ਣ ਦੇ ਨਾਲ ਟ੍ਰੈਫਿਕ ਘਟਾਉਣ 'ਚ ਵੀ ਵੱਡੀ ਮਦਦ ਮਿਲੇਗੀ" : ਸੋਨੀਆ ਸਿੱਧੂ**



ਬਰੈਂਪਟਨ - ਬਰੈਂਪਟਨ ਟ੍ਰਾਂਜਿਟ 'ਚ 450 ਇਲੈਕਟ੍ਰਿਕ ਬੱਸਾਂ ਦੀ ਖਰੀਦ ਨੂੰ ਲੈ ਕੇ ਕੈਨੇਡਾ ਫੈਂਡਰਲ ਲਿਬਰਲ ਸਰਕਾਰ ਵੱਲੋਂ ਵੱਡਾ ਐਲਾਨ ਕੀਤਾ ਗਿਆ ਹੈ। ਕੈਨੇਡਾ ਬੁਨਿਆਦੀ ਢਾਂਚਾ ਬੈਂਕ (ਸੀਆਈਬੀ) ਅਤੇ ਸਿਟੀ ਆਫ ਬਰੈਂਪਟਨ (ਸਿਟੀ) 'ਚ ਹੋਏ ਸਮਝੌਤੇ ਮੁਤਾਬਕ ਸੀਆਈਬੀ ਲੋਨ ਰਾਹੀਂ 400 ਮਿਲੀਅਨ ਡਾਲਰ ਤੱਕ ਦੀ ਰਾਸ਼ੀ ਮੁਹੱਈਆ ਕਰਵਾਈ ਜਾਵੇਗੀ ਤਾਂ ਜੋ ਬਰੈਂਪਟਨ ਟ੍ਰਾਂਜਿਟ 'ਚ 450 ਜ਼ੀਰੋ-ਐਮੀਸ਼ਨ ਬੱਸਾਂ ਦੀ ਖਰੀਦ ਨੂੰ ਸਮਰਥਨ ਦਿੱਤਾ ਜਾ ਸਕੇ।

ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ ਇਸ ਨਿਵੇਸ਼ ਨਾਲ ਬਰੈਂਪਟਨ ਨਿਵਾਸੀਆਂ ਲਈ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ ਅਤੇ ਪੜ੍ਹਣ ਜਾਂ ਕੰਮਕਾਰ 'ਤੇ ਜਾਣ ਵਾਲੇ ਯਾਤਰੀਆਂ ਦਾ ਸਫ਼ਰ ਸੁਖਾਲਾ ਹੋਵੇਗਾ। ਇਸਦੇ ਨਾਲ ਇਲੈਕਟ੍ਰਿਕ ਬੱਸ ਫਲੀਟ ਨਾਲ ਬਰੈਂਪਟਨ ਸ਼ਹਿਰ ਦੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣ ਅਤੇ ਗ੍ਰੀਨ ਸਿਟੀ ਬਣਾਉਣ ਲਈ ਵਚਨਬੱਧਤਾ ਨੂੰ ਵੀ ਯਕੀਨੀ ਬਣਾਇਆ ਜਾਵੇਗਾ।"

2050 ਤਕ ਬਰੈਂਪਟਨ ਵਿਚ ਪੈਦਾ ਹੋਈਆਂ ਗ੍ਰੀਨ ਹਾਊਸ ਗੈਸਾਂ ਨੂੰ 80 ਪ੍ਰਤੀਸ਼ਤ ਤੱਕ ਘਟਾਉਣ ਲਈ ਸ਼ਹਿਰ ਦੇ ਯਾਤਰਾ ਵਿਚ ਆਵਾਜਾਈ ਵਾਹਨਾਂ ਦਾ ਬਿਜਲੀਕਰਨ ਇਕ ਮਹੱਤਵਪੂਰਣ ਮੀਲ ਪੱਥਰ ਸਾਬਤ ਹੋਵੇਗਾ। 450 ਜ਼ੀਰੋ-ਇਮੀਸ਼ਨ ਬੱਸਾਂ ਨਾਲ ਲਗਭਗ 57,000 ਟਨ ਗ੍ਰੀਨਹਾਉਸ ਗੈਸਾਂ ਨੂੰ ਘਟਾਇਆ ਜਾ ਸਕਦਾ ਹੈ।ਸੀਆਈਬੀ ਦਾ ਜ਼ੀਰੋ-ਐਮੀਸ਼ਨ ਬੱਸਾਂ ਅਤੇ ਇਸ ਨਾਲ ਜੁੜੇ ਬੁਨਿਆਦੀ ਢਾਂਚੇ ਵਿਚ 1.5 ਬਿਲੀਅਨ ਡਾਲਰ ਦਾ ਨਿਵੇਸ਼ ਕਰਨ ਦਾ ਟੀਚਾ ਹੈ ।

# ਖੇਡ-ਖੇਡ ਵਿੱਚ ਗਲ਼ ਵਿੱਚ ਪਾਇਆ ਦੁਪੱਟਾ ਖਿੱਚੇ ਜਾਣ ਨਾਲ ਬੱਚੇ ਦੀ ਮੌਤ

ਖੰਨਾ, 29 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਲਲਹੇੜੀ ਰੋਡ ਦੇ ਆਜ਼ਾਦ ਨਗਰ ਵਿੱਚ ਕੱਲ੍ਹ ਇੱਕ ਹਾਦਸ ਵਿੱਚ 13 ਸਾਲਾ ਵੱਡੇ ਭਰਾ ਨਾਲ ਖੇਡ ਰਹੇ 10 ਸਾਲ ਦੇ ਬੱਚੇ ਦੇ ਗਲ਼ ਵਿੱਚ ਪਾਇਆ ਦੁਪੱਟਾ ਖਿੱਚੇ ਜਾਣ ਕਾਰਨ ਉਸ ਦੀ ਮੌਤ ਹੋ ਗਈ। ਥਾਣਾ ਸਿਟੀ-1 ਦੀ ਪੁਲਸ ਇਸ ਬਾਰੇ ਲੋੜੀਂਦੀ ਕਾਰਵਾਈ ਕਰ ਰਹੀ ਹੈ।

ਪੁਲਸ ਅਨੁਸਾਰ ਆਜ਼ਾਦ ਨਗਰ ਵਿੱਚ ਰਾਜ ਮਿਸਤਰੀ ਦਾ ਕੰਮ ਕਰਦੇ ਵਿਵੇਕਾ ਨੰਦ ਸ਼ਾਹ ਦੇ ਦੋਵੇਂ ਬੇਟੇ ਅੰਕੁਸ਼ ਅਤੇ ਅਮਨ ਘਰ ਦੇ ਨੇੜੇ ਦੂਸਰੇ ਬੱਚਿਆਂ ਨਾਲ ਖੇਡ ਰਹੇ ਸਨ। ਇਸ ਦੌਰਾਨ ਅਚਾਨਕ ਬੱਚਿਆਂ ਨੇ ਰੌਲਾ ਪਾਇਆ ਕਿ ਅੰਕੁਸ਼ ਨੂੰ ਕੁਝ ਹੋ ਗਿਆ ਹੈ। ਪਰਵਾਰ ਦੇ ਲੋਕ ਜਦ ਉਸ ਨੂੰ ਹਸਪਤਾਲ ਲੈ ਕੇ ਗਏ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਪਤਾ ਲੱਗਾ ਹੈ ਕਿ ਅੰਕੁਸ਼ ਦੇ ਗਲ਼ ਵਿੱਚ ਦੁਪੱਟਾ ਪਾ ਕੇ ਬੱਚੇ ਕੋਈ ਗੇਮ ਖੇਡ ਰਹੇ ਸਨ।

# ਤਰਕਸ਼ੀਲ ਸੂਸਾਇਟੀ ਕੇਨੇਡਾ ਵਲੋਂ ਮੂਲ ਨਿਵਾਸੀਆਂ ਨਾਲ ਸਬੰਧਿਤ ਰਿਪੋਰਟ ਬਾਰੇ ਜ਼ੂਮ ਮੀਟਿੰਗ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਰੈਜ਼ੀਡੈਂਸ਼ੀਅਲ ਸਕੂਲਾਂ ਦੁਆਲੇ ਵੱਡੀ ਗਿਣਤੀ ਵਿਚ ਮਿਲੀਆਂ ਮੂਲ ਨਿਵਾਸੀ ਬੱਚਿਆਂ ਦੀਆਂ ਕਬਰਾਂ ਦੇ ਦੁਖਾਂਤ ਬਾਰੇ ਹੋਰ ਵਿਚਾਰ ਵਟਾਂਦਰਾ ਕਰਨ ਲਈ ਬੀਤੇ ਐਤਵਾਰ ਤਰਕਸ਼ੀਲ ਸੋਸਾਇਟੀ ਕਨੇਡਾ ਵਲੋਂ ਇੱਕ ਵੈਬ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਬ੍ਰਿਟਿਸ਼ ਕੋਲੰਬੀਆ ਦੀ ਕੈਮਲੂਪਸ ਯੂਨੀਵਰਸਿਟੀ ਦੇ ਪ੍ਰੋਫੈਸਰ ਸੁਰਿੰਦਰ ਧੰਜਲ ਨੇ ਬੜੇ ਵਿਸਥਾਰ ਵਿਚ,7 ਕਰੋੜ ਡਾਲਰ ਤੋਂ ਵੱਧ ਖਰਚੇ ਕਰਕੇ 8 ਸਾਲਾਂ ਵਿਚ ਸਰਕਾਰ ਦੁਆਰਾ ਬਣਾਏ ਕਮਿਸ਼ਨ ਵਲੋਂ ਇਕੱਠੀ ਕੀਤੀ ਜਾਣਕਾਰੀ ਤੇ ਅਧਾਰਤ ਰਿਪੋਰਟ "ਸੱਚ ਅਤੇ ਪੁਨਰਮਿਲਣ" ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਕਮਿਸ਼ਨ ਨੇ 6500 ਤੋਂ ਵੱਧ ਗਵਾਹਾਂ ਦੇ ਬਿਆਨ ਰਿਕਾਰਡ ਕੀਤੇ, ਰੈਜ਼ੀਡੈਂਸ਼ੀਅਲ ਸਕੂਲਾਂ ਦਾ ਇਤਿਹਾਸ ਅੰਕਿਤ ਕੀਤਾ, ਸਰਕਾਰ ਦੁਆਰਾ 50 ਲੱਖ ਤੋਂ ਵੱਧ ਦਿੱਤੇ ਦਸਤਾਵੇਜ ਹੰਗਾਲੇ, ਰਪੋਰਟ ਨੂੰ 6 ਕਿਤਾਬਾਂ ਦਾ ਰੂਪ ਦਿੱਤਾ ਅਤੇ ਉਸ ਵਿਚ ਸਰਕਾਰ ਨੂੰ ਮੂਲ ਨਿਵਾਸੀਆਂ ਨਾਲ ਨਿਆਂ ਕਰਨ ਹਿਤ 94 ਨੁਕਤਿਆਂ ਤੇ ਅਮਲ ਕਰਨ ਲਈ ਕਿਹਾ। ਪ੍ਰਫੈਸਰ ਧੰਜਲ ਨੇ ਇਸ ਰਿਪੋਰਟ ਵਿਚੋਂ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਅਤੇ ਨਤੀਜਾ ਕੱਢਿਆ ਕਿ ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ ਵਾਂਗ, ਕਨੇਡਾ ਦੀ ਸਰਕਾਰ ਨੇ ਵੀ ਇਸ ਰਿਪਰਟ ਦੀਆਂ ਕੁਝ ਕੁ ਸਿਫਾਰਸ਼ਾਂ ਨੂੰ ਹੀ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਕਿ ਬੇਨਾਮ ਕਬਰਾਂ ਦੇ ਮਿਲਣ ਨੇ ਲੋਕਾਂ ਦਾ ਇਸ ਰਿਪੋਰਟ ਵੱਲ ਧਿਆਨ ਖਿਚਿਆ ਹੈ, ਨਹੀਂ ਤਾਂ 2015 ਵਿਚ ਇਸ ਦੇ ਮੁਕੱਮਲ ਹੋਣ ਤੋਂ ਬਾਅਦ ਕਿਸੇ ਧਿਰ ਵਲੋਂ ਇਸ ਦੀ ਕੋਈ ਵਿਸ਼ੇਸ਼ ਪਰਖ ਪੜਤਾਲ ਨਹੀਂ ਕੀਤੀ ਗਈ। ਵੈਬ ਸੈਮੀਨਾਰ ਵਿਚ ਵੱਡੀ ਗਿਣਤੀ ਵਿਚ ਕਨੇਡਾ ਭਰ ਵਿਚੋਂ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਨੇ ਹਿੱਸਾ ਲਿਆ।

ਬਸਤੀਵਾਦੀ ਅੰਗਰੇਜ਼ ਹਕੂਮਤ ਵਲੋਂ ਮੂਲ ਨਿਵਾਸੀਆਂ ਦੇ ਕੁਦਰਤੀ ਸ੍ਰੋਤ, ਜਲ, ਜੰਗਲ, ਜ਼ਮੀਨ, ਧਾਤਾਂ, ਖਣਿੱਜ ਆਦਿ ਖੋਂਹਦਿਆਂ, ਉਨ੍ਹਾਂ ਨੂੰ ਸੱਭਿਅਕ ਬਣਾਉਣ ਦੇ ਨਾਮ ਤੇ, ਰੈਜ਼ੀਡੈਂਸ਼ੀਅਲ (ਰਹਾਇਸ਼ੀ) ਸਕੂਲਾਂਵਿਚ ਪੜਾਉਣ ਦੀ ਗੱਲ ਕਹਿੰਦਿਆਂ, ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਕੋਲੋਂ, ਜਬਰੀ, ਬੜੀ ਛੋਟੀ ਉਮਰ ਵਿਚ ਖੋਹ ਕੇ ਲਿਆਂਦਾ ਜਾਂਦਾ ਰਿਹਾ, ਮਾੜੀਆਂ ਹਾਲਤਾਂ ਵਿਚ ਰੱਖਿਆ ਗਿਆ ਅਤੇ ਉਨ੍ਹਾਂ ਤੇ ਅਣਮਨੁੱਖੀ ਅਤਿਆਚਾਰਕੀਤੇ ਗਏ, ਜਿਸ ਦੌਰਾਨ ਕਈਆਂ ਦੀ ਮੌਤ ਹੋ ਗਈ। ਮੌਤ ਉਪਰੰਤ ਬਿਨਾ ਉਨ੍ਹਾਂ ਦੇ ਮਾਪਿਆਂ ਨੂੰ ਸੂਚਿਤ ਕੀਤਿਆਂ ਬੱਚਿਆਂ ਨੂੰ ਦਫਨਾ ਦਿੱਤਾ ਜਾਂਦਾ ਰਿਹਾ। ਵੱਡੀ ਗਿਣਤੀ ਵਿਚ ਇਨ੍ਹਾਂ ਸਕੂਲਾਂ ਵਿਚ ਮਿਲ ਰਹੀਆਂ ਬੇਨਾਮ ਕਬਰਾਂ ਕਾਰਨ, ਕਨੇਡਾ ਦੇ ਇਤਿਹਾਸ ਦਾ ਇਹ ਦੌਰ ਚਰਚਾ ਵਿਚ ਹੈ।

ਸੈਮੀਨਾਰ ਨੂੰ ਸ਼ੁਰੂ ਕਰਦਿਆਂ, ਬਲਦੇਵ ਰਹਿਪਾ ਨੇ ਕਿਹਾ ਕਿ ਕਰੋਨਾ ਦੀਆਂ ਰੋਕਾਂ ਘਟਣ ਤੇ ਮੂਲ ਨਿਵਾਸੀਆਂ ਨਾਲ ਮਿਲ ਕੇ ਕੋਈ ਸਾਂਝਾ ਪ੍ਰੋਗਰਾਮ ਕਰਨ ਬਾਰੇ ਉੱਦਮ ਕਰਨੇ ਚਾਹੀਦੇ ਹਨ। ਪ੍ਰਧਾਨਗੀ ਕਰ ਰਹੇ ਬਾਈ ਅਵਤਾਰ ਨੇ ਪ੍ਰੋਫੈਸਰ ਧੰਜਲ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਯੂਨੀਵਰਸਿਟੀ ਦੇ ਕੰਮਾਂ ਦੇ ਨਾਲ ਨਾਲ ਉਹ ਸਮਾਜਿਕ ਜਥੇਬੰਦੀਆਂ ਵਿਚ ਵੀ ਬੜੇ ਸਰਗਰਮ ਹਨ ਅਤੇ ਪੰਜਾਬੀ ਭਾਈਚਾਰੇ, ਪੰਜਾਬੀ ਬੋਲੀ ਲਈ ਖਾਸ ਤੌਰ ਤੇ ਯਤਨਸ਼ੀਲ ਰਹਿੰਦੇ ਹਨ। ਬਲਵਿੰਦਰ ਬਰਨਾਲਾ ਨੇ ਪ੍ਰੋਗਰਾਮ ਦੇ ਆਖੀਰ ਵਿਚ ਸਭ ਦਾ ਧੰਨਵਾਦ ਕੀਤਾ। ਸੈਮੀਨਾਰ ਦਾ ਤਕਨੀਕੀ ਪ੍ਰਬੰਧ ਨਵਕਿਰਨ ਅਤੇ ਨਿਰਮਲ ਸੰਧੂ ਨੇ ਬਾਖੂਬੀ ਸੰਭਾਲਿਆ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲੈਣ ਲਈ ਬਰੈਂਪਟਨ ਵਿਚ ਬਲਦੇਵ ਰਹਿਪਾ (416 881 7202) ਜਾਂ ਵੈਨਕੂਵਰ ਵਿਚ ਬਾਈ ਅਵਤਾਰ ਗਿੱਲ (604 728 7011) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




**Sales Person Required**

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.




**ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ**

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)




## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

**WANTED**

Panjabi Nannies, Caregivers, Cleaning ladies and Cooks for GTA. Please contact at the earliest at: 416-275-7010

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

**A/Z CITY DRIVER WANTED**

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

**ਵਰਕਰਾਂ ਦੀ ਲੋੜ**

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਸੰਪਰਕ: 647-205-5909, 416-618-3358**

**ਵਰਕਰਾਂ ਦੀ ਲੋੜ**

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।
**ਸੰਪਰਕ: 647-391-3365**



# ਸੀ ਜੀ ਸੀ ਝੰਜੇੜੀ ਵਿਚ ਵਰਚੁਅਲ ਸਪੋਰਟਸ ਈਵੈਂਟ ਦਾ ਆਯੋਜਨ, ਜੇਤੂਆਂ ਨੂੰ ਪ੍ਰਦਾਨ ਕੀਤੇ ਗੱਏ ਐਮਾਜਾਨ ਦੇ ਗਿਫ਼ਟ ਵਾਊਚਰ

## ਵਿਦਿਆਰਥੀਆਂ ਨੇ ਆਨ ਲਾਈਨ ਵੱਖ ਵੱਖ ਖੇਡ ਪ੍ਰਤਿਭਾਵਾਂ ਦਾ ਕੀਤਾ ਖ਼ੂਬਸੂਰਤ ਪ੍ਰਦਰਸ਼ਨ

ਮੋਹਾਲੀ, 29 ਜੁਲਾਈ (ਪੋਸਟ ਬਿਊਰੋ) ਕਰੋਨਾ ਦੇ ਚੱਲਦਿਆਂ ਜਿੱਥੇ ਸਿੱਖਿਆਂ ਦੇ ਪਸਾਰ ਦੇ ਤਰੀਕੇ ਆਨਲਾਈਨ ਹੋ ਰਹੇ ਹਨ। ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ ਦੇ ਝੰਜੇੜੀ ਕੈਂਪਸ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਅਕੈਡਮਿਕ ਸਿੱਖਿਆਂ ਤੋਂ ਥੋੜਾ ਹੱਟ ਕੇ ਕਰਨ ਲਈ ਆਨਲਾਈਨ ਲੀਗ ਆਫ਼ ਲੈਜ਼ਟਸ ਸਪੋਰਟਸ ਈਵੈਂਟ ਦਾ ਆਯੋਜਨ ਕੀਤਾ ਗਿਆ। ਸਰੀਰਕ ਕਸਰਤ ਨਾਲ ਜੁੜੀ ਇਸ ਲੀਗ ਵਿਚ ਵਿਦਿਆਰਥੀਆਂ ਦਰਮਿਆਨ ਜਪਿੰਗ ਜੈੱਕ, ਸਕੂਐਟਸ, ਸਕਿਪਿੰਗ, ਪੁਸ਼-ਅੱਪ, ਹਾਈ ਨੀਜ, ਸਿੰਗਲ ਲੈੱਗ ਸਟੈਂਡ ਸਮੇਤ ਕਈ ਈਵੈਂਟ ਕਰਵਾਏ ਗਏ। ਲੀਗ ਆਫ਼ ਲੀਜੈਂਟ ਨਾਮਕ ਇਸ ਈਵੈਂਟ ਵਿਚ ਵਿਦਿਆਰਥੀਆਂ ਨੂੰ 80 ਜੰਪਿੰਗ ਜੈੱਕ, 50 ਸਕਵੈਟਸ, 80 ਸਕਿੱਪਿੰਗ, 40 ਪੁਸ਼ਅਪਸ ਅਤੇ 60 ਹਾਈ ਨੀਜ਼ ਜਿਹੀਆਂ ਖੇਡਾਂ ਇਕ-ਇਕ ਮਿੰਟ ਵਿਚ ਖ਼ਤਮ ਕਰਨ ਦੇ ਚੈਲੰਜ ਦਿਤੇ ਗਏ।



ਦੇਸ਼ ਦੇ ਭਵਿਖ ਇਨ੍ਹਾਂ ਨੌਜਵਾਨ ਮੁੰਡੇ-ਕੁੜੀਆਂ ਨੇ ਵੀ ਇਸ ਚੈਲੰਜ ਨੂੰ ਕਬੂਲਦੇ ਹੋਏ ਬਿਹਤਰੀਨ ਪ੍ਰਦਰਸ਼ਨ ਕਰਦੇ ਹੋਏ ਇਕ ਦੂਜੇ ਨੂੰ ਸਖ਼ਤ ਮੁਕਾਬਲਾ ਦਿਤਾ। ਇਸ ਦੇ ਇਲਾਵਾ ਇਕ ਲੱਤ ਤੇ ਵੱਧ ਤੋਂ ਵੱਧ ਸਮਾਂ ਖੜਾ ਰਹਿਣ ਦਾ ਮੁਕਾਬਲਾ ਬੇਸ਼ੱਕ ਵਿਦਿਆਰਥੀਆਂ ਦਰਮਿਆਨ ਹੱਸਣ ਅਤੇ ਮੌਨਰੰਜਨ ਦਾ ਸਬੱਬ ਵੀ ਬਣਦਾ ਨਜ਼ਰ ਆਇਆ। ਇਸ ਦੌਰਾਨ ਵਿਦਿਆਰਥੀਆਂ ਦਾ ਲਾਸਾਨੀ ਜੋਸ਼ ਅਤੇ ਉਤਸ਼ਾਹ ਵੀ ਵੇਖਦੇ ਹੀ ਬਣ ਰਿਹਾ ਸੀ। ਲਾਕਡਾਊਨ ਦੇ ਸਮੇਂ ਵਿਚ ਜਦ ਸਰੀਰਕ ਕਸਰਤ ਦੇ ਮੌਕੇ ਘੱਟ ਜਾਂਦੇ ਹਨ, ਅਜਿਹੇ ਸਮੇਂ ਵਿਚ ਵਿਦਿਆਰਥੀਆਂ ਦਾ ਖ਼ੂਬਸੂਰਤ ਪ੍ਰਦਰਸ਼ਨ ਯਕੀਨਨ ਉਨ੍ਹਾਂ ਦੇ ਮਜ਼ਬੂਤ ਜਜ਼ਬੇ ਦੀ ਝਲਕ ਵਜੋਂ ਵਿਖਾਈ ਦੇ ਰਿਹਾ ਸੀ। ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ ਦੇ ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਇਹ ਦੇਖ ਕੇ ਬਹੁਤ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਜ਼ਿਆਦਾਤਰ ਵਿਦਿਆਰਥੀਆਂ ਨੇ ਕੋਰੋਨਾਵਾਇਰਸ ਤਾਲਾਬੰਦੀ ਦੇ ਬਾਵਜੂਦ ਆਪਣੀ ਸਿਹਤਮੰਦ ਜੀਵਨ ਸ਼ੈਲੀ ਨੂੰ ਕਾਇਮ ਰੱਖਿਆਂ ਹੈ। ਉਨ੍ਹਾਂ ਅੱਗੇ ਕਿਹਾ ਕਿ ਲਗਾਤਾਰ ਅਕੈਡਮਿਕ ਸਿੱਖਿਆਂ ਦੇ ਚੱਲਦਿਆਂ ਇਸ ਤਰਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਦੁਬਾਰਾ ਤਰੋ-ਤਾਜ਼ਾ ਕਰਦੇ ਹੋਏ ਦੁਬਾਰਾ ਪੜਾਈ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰਦੇ ਹਨ।

ਸੀ ਜੀ ਸੀ ਗਰੁੱਪ ਇਸ ਗੱਲ ਨੂੰ ਚੰਗੀ ਤਰਾਂ ਸਮਝਦਾ ਹੈ, ਇਸ ਲਈ ਵਿਦਿਆਰਥੀਆਂ ਦੇ ਪੜਾਈ ਦੇ ਸਟਰੈੱਸ ਨੂੰ ਖ਼ਤਮ ਕਰਨ ਲਈ ਲਾਫਟਰ ਚੈਲੰਜ ਸਮੇਤ ਕਈ ਹਲਕੇ ਫੁਲਕੇ ਪ੍ਰੋਗਰਾਮ ਆਨ ਲਾਈਨ ਰੱਖੇ ਜਾਂਦੇ ਰਹੇ ਹਨ। ਇਸ ਈਵੈਂਟ ਦੇ ਅਖੀਰ ਵਿਚ ਜੇਤੂ ਵਿਦਿਆਰਥੀਆਂ ਨੂੰ ਐਮਾਜਾਨ ਦੇ ਗਿਫ਼ਟ ਵਾਊਚਰ ਵੀ ਵੰਡੇ ਗਏ।

# ਰਿਟਾਇਰਮੈਂਟ ਹੋਮ ਦੇ ਕਮਰਿਆਂ ਦੇ ਡੋਰ ਹੈਂਡਲ ਹਟਾਉਣ ਵਾਲੇ ਜਨਰਲ ਮੈਨੇਜਰ ਨੂੰ ਕੀਤਾ ਗਿਆ ਚਾਰਜ




ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ): ਕੋਵਿਡ ਮਹਾਂਮਾਰੀ ਦੌਰਾਨ ਕੁੱਝ ਰੈਜ਼ੀਡੈਂਟਸ ਦੇ ਕਮਰਿਆਂ ਦੇ ਡੋਰ ਹੈਂਡਲ ਹਟਾ ਦੇਣ ਵਾਲੇ ਓਨਟਾਰੀਓ ਰਿਟਾਇਰਮੈਂਟ ਹੋਮ ਦੇ ਜਨਰਲ ਮੈਨੇਜਰ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦਰਹਾਮ ਰੀਜਨਲ ਪੁਲਿਸ ਸਰਵਿਸ (ਡੀ ਆਰ ਪੀ ਐਸ) ਵੱਲੋਂ ਬੁੱਧਵਾਰ ਨੂੰ ਇਨ੍ਹਾਂ ਚਾਰਜਿਜ਼ ਦਾ ਐਲਾਨ ਕੀਤਾ ਗਿਆ। ਡੀ ਆਰ ਪੀ ਐਸ ਦੇ ਜਾਂਚਕਾਰਾਂ ਨੇ ਆਖਿਆ ਕਿ ਉਨ੍ਹਾਂ ਓਸ਼ਾਵਾ ਦੇ ਪੂਰਬ ਵਿੱਚ ਕਰਟਿਸ ਵਿੱਚ ਸਥਿਤ ਵਾਈਟ ਕਲਿੱਫ ਟੈਰੇਸ ਰਿਟਾਇਰਮੈਂਟ ਹੋਮ ਦੇ ਸਟਾਫ ਮੈਂਬਰਾਂ ਖਿਲਾਫ ਮਿਲੀ ਸ਼ਿਕਾਇਤ ਦੇ ਸਬੰਧ ਵਿੱਚ 12 ਫਰਵਰੀ ਨੂੰ ਜਾਂਚ ਸ਼ੁਰੂ ਕੀਤੀ। ਰੈਜ਼ੀਡੈਂਟਸ ਵੱਲੋਂ ਇਹ ਦੋਸ਼ ਲਾਇਆ ਗਿਆ ਸੀ ਕਿ ਮਹਾਂਮਾਰੀ ਦੌਰਾਨ ਕਥਿਤ ਤੌਰ ਉੱਤੇ ਸਟਾਫ ਮੈਂਬਰਾਂ ਵੱਲੋਂ ਕੁੱਝ ਕਮਰਿਆਂ ਦੇ ਦਰਵਾਜ਼ਿਆਂ ਦੇ ਡੋਰ ਹੈਂਡਲ ਹਟਾ ਦਿੱਤੇ ਗਏ ਹਨ।

ਦਰਹਾਮ ਪੁਲਿਸ ਵੱਲੋਂ ਵਾਈਟ ਕਲਿੱਫ ਟੈਰੇਸ ਦੇ ਸਾਬਕਾ ਜਨਰਲ ਮੈਨੇਜਰ 40 ਸਾਲਾ ਤਵਾਬ ਕਰੀਮੀ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ। ਉਸ ਉੱਤੇ ਗੈਰਕਾਨੂੰਨੀ ਢੰਗ ਨਾਲ ਰੈਜ਼ੀਡੈਂਟਸ ਨੂੰ ਕੈਦ ਕਰਨ ਦੇ ਚਾਰਜਿਜ਼ ਲਾਏ ਗਏ। ਅੰਡਰਟੇਕਿੰਗ ਤੋਂ ਬਾਅਦ ਉਸ ਨੂੰ ਰਿਹਾਅ ਕੀਤਾ ਗਿਆ ਹੈ।

# ਬਾਇਡਨ ਨੇ ਰੂਸ ਉੱਤੇ ਅਮਰੀਕਾ ਦੀਆਂ ਚੋਣਾਂ ਵਿੱਚ ਵਿਘਨ ਪਾਉਣ ਦੇ ਦੋਸ਼ ਲਾਏ

ਵਾਸ਼ਿੰਗਟਨ, 29 ਜੁਲਾਈ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕੱਲ੍ਹ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਉੱਤੇ ਗੰਭੀਰ ਦੋਸ਼ ਲਾ ਕੇ ਕਿਹਾ ਹੈ ਕਿ ਪੁਤਿਨ ਭਰਮਾਊ ਸੂਚਨਾਵਾਂ ਫੈਲਾ ਕੇ ਸਾਲ 2022ਦੌਰਾਨ ਅਮਰੀਕਾ ਦੀ ਪ੍ਰਤੀਨਿਧੀ ਸਭਾ (ਪਾਰਲੀਮੈਂਟ ਦਾ ਹੇਠਲਾ ਹਾਊਸ)ਅਤੇ ਰਾਜਾਂ ਦੀਆਂ ਉਪ ਚੋਣਾਂਵਿੱਚਵਿਘਨ ਪਾਉਣ ਦੇ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੁਤਿਨ ਹੀ ਅਸਲ ਸਮੱਸਿਆ ਦੀ ਜੜ੍ਹ ਹਨ, ਉਹ ਉਸ ਅਰਥਵਿਵਸਥਾ ਦੇ ਸਰਬਉੱਚ ਅਹੁਦੇ ਉੱਤੇ ਹਨ, ਜਿਨ੍ਹਾਂ ਕੋਲ ਐਟਮੀ ਸ਼ਕਤੀ ਤੋਂ ਇਲਾਵਾ ਕੁਝ ਵੀ ਨਹੀਂ ਹੈ।

ਇਸ ਮੌਕੇ ਜੋਅ ਬਾਇਡਨ ਨੇ ਪਿਛਲੇ ਦਿਨੀਂ ਹੋਏ ਰੈਨਸਮਵੇਅਰ ਦੇ ਹਮਲਿਆਂਕਾਰਨ ਚਿੰਤਾ ਪ੍ਰਗਟਾਈ। ਇਨ੍ਹਾਂ ਹਮਲਿਆਂਵਿੱਚ ਸਾਈਬਰ ਅਪਰਾਧੀਆਂ ਨੇ ਡਾਟਾ ਚੋਰੀ ਕਰ ਕੇ ਉਸ ਬਦਲੇ ਮੋਟੀ ਰਕਮ ਫਿਰੌਤੀਵਜੋਂ ਮੰਗੀ ਸੀ। ਜੋਅ ਬਾਇਡਨ ਨੇ ਇਹ ਗੱਲ ਆਫਿਸ ਆਫ ਅਮੈਰੀਕਨ ਡਾਇਰੈਕਟਰ ਆਫ ਨੈਸ਼ਨਲ ਇੰਟੈਲੀਜੈਂਸ (ਓਡੀਐੱਨਆਈ) ਦੇ ਦਫ਼ਤਰਵਿੱਚ ਰੈਗੂਲਰ ਬ੍ਰੀਫਿੰਗ ਮੌਕੇ ਕਹੀ। ਉਨ੍ਹਾਂ ਨੇ ਕਿਹਾ ਕਿ ‘ਰੂਸ ਮੱਧ-ਕਾਲੀ ਚੋਣਾਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰ ਰਿਹਾ ਅਤੇ ਗ਼ਲਤ ਤੇ ਭਰਮਾਊ ਸੂਚਨਾਵਾਂ ਫੈਲਾ ਰਿਹਾ ਹੈ।’ ਬਾਇਡੇਨ ਨੇ ਕਿਹਾ ਕਿ ਸਾਡੀ ਖ਼ੁਦਮੁਖ਼ਤਿਆਰੀ ਉੱਤੇਇਹਮਾਸਕੋ ਦਾ ਸਿੱਧਾ ਹਮਲਾ ਹੈ। ਉੱਤਰੀ ਵਰਜੀਨੀਆ ਦੇ ਓਡੀਐੱਨਆਈ ਹੈੱਡਕੁਆਰਟਰਵਿੱਚਹੋਈ ਇਸ ਬੈਠਕਵਿੱਚ ਅਮਰੀਕਾ ਦੀ ਇੰਟੈਲੀਜੈਂਸ ਕਮੇਟੀ ਦੇ 120 ਨੁਮਾਇੰਦੇ ਮੌਜੂਦ ਸਨ।

Great Invetsment Opportunity

In The Region of Timminis,ON


8 ACRE OF lAND CAN BE SEVERD IN TWO LOTS OF 4 ACRE

Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative


Sutton Group-Realty Experts
Brokerage*

Jagdish Grewal
Sales Repersentative

President Realty Inc.
Brokerage*




Century 21
President Realty Inc
Brokerage*
Independently Owned and Operated.
ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Jagdish Grewal
Sales Repersentative
Call Now: (416)-970-5005
Brampton
$799,900
Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!
Brampton
$849,900
Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.
Brampton
$699,900
Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ
Brampton
$799,999
Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ
Brampton
$1,199,000
Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ
Brampton
$1,179,000
Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ
Brampton
$1,299,000
Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ
Brampton
$999,800
Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ
(416) 970-5005
www.vipcondonetwork.com
80 Maritime Ontario Blvd #246 Brampton, ON L6S 0E7
Call: 905-488-2100 Fax : 905-488-2101


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR SALE
SOLD
$1,399,999
CASTLEMORE/GOREWAY
FOR SALE
14 Lynngrove Way
$1,629,000
ਬਰੈਂਪਟਨ ਵਿਚ ਬਹੁਤ ਹੀ ਵਧੀਆ 3000-3500 ਸਕੇਅਰ ਫੁੱਟ ਦਾ ਘਰ। 4+2 ਬੈਡਰੂਮ, ਡਬਲ ਸਟੋਰੀ, 5 ਵਾਸ਼ਰੂਮ, ਮੇਨ ਫਲੋਰ ਪੌਟ ਲਾਈਟਸ, ਫੈਮਿਲੀ ਰੂਮ ਵਿਚ ਫਾਇਰਪਲੇਸ, ਵੱਡਾ ਕਿਚਨ ਲਾਰਜ ਆਈਲੈਂਡ ਦੇ ਨਾਲ, ਆਫਿਸ ਨੁੱਕ, ਵੀਡੀਓ ਸਰਵਿਲਾਂਸ, ਵਾਕ ਆਊਟ ਬਾਲਕੋਨੀ, 6 ਕਾਰ ਪਾਰਕਿੰਗ, ਡਬਲ ਗਰਾਜ, ਲੀਗਲ ਬੇਸਮੈਂਟ 2 ਬੈਡਰੂਮਜ਼ ਤੇ ਵਾਸ਼ਰੂਮ ਅਤੇ ਸੈਪਰੇਟ ਇੰਟ੍ਰੈਂਸ ਦੇ ਨਾਲ। ਸਾਰੀਆਂ ਸਹੂਲਤਾਂ ਦੇ ਨੇੜੇ।


ASIAN FOOD CENTRE
www.AsianFoodCentre.com
Summer SALE LONG WEEKEND
23RD JULY TO 8TH AUG 2021
Fresh Fruits, Vegetables, Indian & Canadian Grocery
$5.99 QUALITY IDLI RICE
$2.99 RED LENTIL
$3.49 BLACK CHANA
$0.79 PARLE-G
$1.59 MDH BAINGAN BHARTAA
$0.99 MR. GOUDAS SALT
$5.99 DEEP WHOLE WHEAT ATTA
$7.99 PILLSBURY MULTIGRAIN ATTA
$7.99 HERO ATTA 20LB
$6.99 ROYAL CHAKKI ATTA
$6.99 NANAK RASMALAI (PISTA)
$1.79 SAFFRON
3 FOR $2 BRITANNIA GOOD DAY
$2.79 BRITANNIA MARIE GOLD
$1.49 MR GOUDAS CHICK PEAS
$3.29 BIKANERI GOLGAPPE
$2.99 SWAD PEANUT CHIKKI
$1.49 FROOTI MANGO DRINK
$8.99 ASIAN BASMATI RICE
$8.99 INDIA GATE ROZANNA RICE
$7.99 AFC DIAMOND RICE
$6.99 ASIAN SILVER RICE
$4.49 BRAR PANEER
$1.99 ASHOKA TANDOORI NAAN
$1.49 MR.GOUDAS RED KIDNEY BEANS
$1.49 BRITANNIA TIGER GLUCOSE BISCUIT
$0.99 HALDIRAM READY TO EAT
$2.79 MTR VERMICELLI
$4.99 GOLDEN COOKIES
$4.99 FROZEN PEAS
$8.99 VERKA BROWN SUGAR
$6.99 BANSI BROWN SUGAR
$3.99 KTC MUSTARD OIL
$1.99 APPY FIZZ
$3.49 PACHRANGA FOODS MIX PICKLE
$5.99 DAWN TANDOORI NAAN
4 FOR $1 YIPPEE MASALA NOODLES
$0.99 PRAN PUFFED RICE
$1.99 PRAN JAM
$13.99 PRAN ASST JUICE
$1.99 ASHOKA GARLIC NAAN
$2.29 PRAN FROOTO JUICE
$3.99 KTC COCONUT OIL
$9.99 TETLEY TEA
$4.49 RED LABEL TEA
$4.99 SENSO ASST PREMIX TEA
$3.49 MAZOLA CANOLA/VEG OIL
$2.49 CAVENDISH PATTIES
$4.99 BIKANERI COOKIES
$6.99 DAWN PLAIN PARATHA
$2.69 SHANA PARATHA
$1.29 SANTOSH NAAN
$5.99 POPULAR PARATHA
$0.99 ASHOKA CUT & WHOLE OKRA
$1.79 HALDIRAM SOAN PAPDI
$12.99 UDUPI SONA MASOORI
$0.99 BRITANNIA TIME PASS CRACKERS
$2.99 AFC LAUNDRY SOAP
$3.49 PAKISTANI ROOHAFZA
$2.99 DABUR MUSTARD OIL
$1.29 PRAN FLATTENED RICE (POHA)
$1.29 CIAN FRESH CUT VEGETABLES
$0.99 CIAN FRESH CUT VEGETABLES
$2.29 PRAN ASST CHUTNEY
$2.29 LG HING POWDER
$2.49 BIKANERI MUSTARD OIL
$1.29 EMIRATES NEST PASTA
$4.99 POPULAR SOYA CHAAP
$1.49 BRITANNIA MILK & WHEAT RUSK
$2.99 BRITANNIA MILK RUSK
$3.99 HEINZ TOMATO KETCHUP
ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only.

# ਓਨਟਾਰੀਓ ਭਰ ਵਿੱਚ ਲੱਖਾਂ ਲੋਕਾਂ ਦੇ ਕੋਵਿਡ-19 ਦੇ ਵੈਕਸੀਨ ਲੱਗ ਚੁੱਕੇ ਹਨ।

## ਆਪਣਾ ਯੋਗਦਾਨ ਪਾਉ। ਆਪਣਾ ਵੈਕਸੀਨ ਲਵਾਉ।

ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਵੈਕਸੀਨ ਹਸਪਤਾਲਾਂ, ਡਾਕਟਰਾਂ ਦੇ ਦਫਤਰਾਂ, ਫਾਰਮੇਸੀਆਂ ਅਤੇ ਵੈਕਸੀਨ ਲਾਉਣ ਵਾਲੀਆਂ ਜਨਤਕ ਥਾਂਵਾਂ 'ਤੇ ਉਪਲਬਧ ਹਨ। ਅਤੇ ਹਰ ਇਕ ਖੁਰਾਕ ਸਾਨੂੰ ਉਨ੍ਹਾਂ ਚੀਜ਼ਾਂ ਦੇ ਨੇੜੇ ਲਿਆਉਂਦੀ ਹੈ, ਜਿਨ੍ਹਾਂ ਦਾ ਅਸੀਂ ਹੇਰਵਾ ਕਰਦੇ ਹਾਂ।

ਅੱਜ ਹੀ **ontario.ca/bookvaccine** 'ਤੇ ਜਾ ਕੇ ਆਪਣੀ ਅਪੁਆਇੰਟਮੈਂਟ ਬੁੱਕ ਕਰੋ ਜਾਂ 300 ਬੋਲੀਆਂ ਵਿੱਚ ਸਹਾਇਤਾ ਲਈ **1-888-999-6488** 'ਤੇ ਕਾਲ ਕਰੋ।

ਇਸ ਦੀ ਅਦਾਇਗੀ
ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।

Ontario



Other Realtors only Promise
But JAG AUJLA SOLD YOUR HOME WITH
**GUARANTEE**

Advertisement GUARANTEED Till SOLD

Top 1% Ranked Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **RE/MAX International **(2009,2008) **(2010) **(2014)

# JAG AUJLA
REAL ESTATE BROKER

DIR: **416-371-7777**
j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

**ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ**

### CALEDON




**ਕੈਨੇਡੀ / ਦੂੱਗਲ**

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਂਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ। ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

### BRAMPTON



**$749,905**

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

### BRAMPTON



$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

### BRAMPTON



**$1,299,905**

ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

### BRAMPTON



**CREDITVIEW & BOVAIRD**

(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ਼ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777



**Orangeville Ontario L9W3X5**

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

Chapel Ridge
FUNERAL HOME
& CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



**2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ**

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**
**647-966-0093**
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com